Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6SOC2

Vol 17 * Issue 213 Daily Newspaper Wednesday, November 07, 2018 Tel: 905-793-2202 Fax: 905-793-2282 news@punjabipost.ca

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
- Immigration
- Real Estate / Commercial Law
- Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
- HOME
- AUTO
- BUSINESS
- TRUCKING
- R.E.S.P
- COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axel Insurance Brokers Ltd.

HELPING YOUR PLAN TODAY......FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9


Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

# ਕੈਨੇਡਾ ਵਿੱਚ ਪਹਿਲੀ ਰਸਮੀ ਗਰੀਬੀ ਰੇਖਾ ਕਾਇਮ ਕਰਨ ਲਈ ਲਿਬਰਲਾਂ ਵੱਲੋਂ ਬਿੱਲ ਪੇਸ਼



ਓਟਵਾ, 6 ਨਵੰਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਪਾਰਲੀਆਮੈਂਟ ਵਿੱਚ ਪੇਸ਼ ਕੀਤੇ ਗਏ ਨਵੇਂ ਬਿੱਲ ਰਾਹੀਂ ਕੈਨੇਡਾ ਵਿੱਚ ਪਹਿਲੀ ਰਸਮੀ ਗਰੀਬੀ ਰੇਖਾ ਕਾਇਮ ਕੀਤੀ ਜਾਵੇਗੀ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਫੈਡਰਲ ਸਰਕਾਰ ਵੱਲੋਂ ਖਰਚੇ ਜਾਣ ਵਾਲੇ ਕਈ ਬਿਲੀਅਨ ਡਾਲਰਾਂ ਰਾਹੀਂ ਕੀ ਸੱਚਮੁੱਚ ਘੱਟ ਆਮਦਨ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਿੱਚ ਕਮੀ ਆਈ ਹੈ।

ਜੇ ਬਿੱਲ ਸੀ-87 ਪਾਸ ਹੋ ਜਾਂਦਾ ਹੈ ਤਾਂ ਖਿੱਤਿਆਂ ਦੇ ਹਿਸਾਬ ਨਾਲ ਰਹਿਣ ਵਾਸਤੇ ਆਉਣ ਵਾਲੀ ਲਾਗਤ ਦਰਸਾਉਣ ਵਾਲਾ ਸਟੈਟੇਸਟਿਕਸ ਕੈਨੇਡਾ ਦਾ ਇੰਡੀਕੇਟਰ ਮਾਰਕਿਟ ਬਾਸਕਿਟ ਮਯੀਅਰ, ਨੂੰ ਰਸਮੀ ਗਰੀਬੀ ਰੇਖਾ ਮੰਨ ਲਿਆ ਜਾਵੇਗਾ। ਇਸ ਦੀ ਵਰਤੋਂ ਕਰਕੇ ਬਿੱਲ ਵਿੱਚ ਸਰਕਾਰ ਵੱਲੋਂ ਗਰੀਬੀ ਘਟਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਾਸਤੇ ਟੀਚੇ ਤੈਅ ਕੀਤੇ ਜਾ ਸਕਣਗੇ। ਫਿਰ ਕੈਬਨਿਟ ਵੱਲੋਂ ਨਿਯੁਕਤ ਵਿਅਕਤੀਆਂ ਦੀ ਐਡਵਾਇਜ਼ਰੀ ਕਾਊਂਸਲ ਇਨ੍ਹਾਂ ਟੀਚਿਆਂ ਦੀ ਪੂਰਤੀ ਦਾ ਰਿਕਾਰਡ ਟਰੈਕ ਕਰ ਸਕੇਗੀ ਤੇ ਸਾਲਾਨਾ ਤੌਰ ਉੱਤੇ ਸਰਕਾਰ ਨੂੰ ਇਸ ਦੀ ਰਿਪੋਰਟ ਪੇਸ਼ ਕਰੇਗੀ।

ਇਸ ਸਬੰਧੀ ਐਲਾਨ ਫੈਮਿਲੀਜ਼, ਚਿਲਡਰਨ ਐਂਡ ਸੋਸ਼ਲ ਡਿਵੈਲਪਮੈਂਟਰ ਮੰਤਰੀ ਜੀਨ-ਯਵੇਸ ਡਕਲਸ ਨੇ ਮੰਗਲਵਾਰ ਸਵੇਰੇ ਓਟਵਾ ਕਮਿਊਨਿਟੀ ਕਿਚਨ ਦੇ ਦੌਰੇ ਸਮੇਂ ਕੀਤਾ। ਉਨ੍ਹਾਂ ਆਖਿਆ ਕਿ ਅਸੀਂ ਗਰੀਬੀ ਨੂੰ ਘਟਾਉਣ ਲਈ ਵਚਨਬੱਧ ਹਾਂ। ਅਸੀਂ ਮੌਜੂਦਾ ਸਰਕਾਰ ਤੇ ਭਵਿੱਖ ਦੀਆਂ ਸਰਕਾਰਾਂ ਦੀ ਗਰੀਬੀ ਹਟਾਉਣ ਲਈ ਜਵਾਬਦੇਹੀ ਤੈਅ ਕਰਨੀ ਚਾਹੁੰਦੇ ਹਾਂ। ਇਸ ਦੌਰਾਨ ਕਿਊਬਿਕ ਤੋਂ ਐਨਡੀਪੀ ਦੀ ਐਮਪੀ ਬ੍ਰਿਗੇਟ ਨੇ ਆਖਿਆ ਕਿ ਲਿਬਰਲਾਂ ਨੇ ਅਸਲ ਵਿੱਚ ਇਸੇ ਨਾਂ ਵਾਲੇ ਉਨ੍ਹਾਂ ਦੇ ਪ੍ਰਾਈਵੇਟ ਮੈਂਬਰ ਬਿੱਲ ਨੂੰ ਹੀ ਮੁੜ ਪੇਸ਼ ਕੀਤਾ ਹੈ। 2016 ਵਿੱਚ ਸਰਕਾਰ ਨੇ ਇਸ ਬਿੱਲ ਨੂੰ ਸਿਰੇ ਨਹੀਂ ਸੀ ਲੱਗਣ ਦਿੱਤਾ। ਉਨ੍ਹਾਂ ਅੱਗੇ ਆਖਿਆ ਕਿ ਲਿਬਰਲਾਂ ਦੇ ਇਸ ਬਿੱਲ ਵਿੱਚ ਗਰੀਬੀ ਹਟਾਉਣ ਲਈ ਨਵੇਂ ਪ੍ਰੋਗਰਾਮਾਂ ਉੱਤੇ ਹੋਣ ਵਾਲੇ ਖਰਚੇ ਦਾ ਜ਼ਿਕਰ ਨਹੀਂ ਕੀਤਾ ਗਿਆ, ਇਸ ਲਈ ਇਹ ਅਧੂਰਾ ਹੈ।

## ਦੀਵਾਲੀ ਮੁਬਾਰਕ

'ਕੈਨੇਡੀਅਨ ਪੰਜਾਬੀ ਪੋਸਟ' ਦੇ ਪਾਠਕਾਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ। ਦੀਵਾਲੀ ਦੀ ਛੁੱਟੀ ਕਾਰਨ ਬੁੱਧਵਾਰ ਨੂੰ ਅਦਾਰਾ ਪੰਜਾਬੀ ਪੋਸਟ ਦਾ ਦਫ਼ਤਰ ਬੰਦ ਰਹੇਗਾ ਜਿਸ ਕਾਰਨ 8 ਨਵੰਬਰ ਦਾ ਅੰਕ ਪ੍ਰਕਾਸ਼ਿਤ ਨਹੀਂ ਹੋਵੇਗਾ। -ਸੰਪਾਦਕ

## ਮੰਤਰੀ ਤੇ ਉਸ ਦੇ ਸਹਾਇਕ ਵੱਲੋਂ ਅਚਾਨਕ ਦਿੱਤੇ ਅਸਤੀਫੇ ਪਿੱਛੇ ਲੁਕੇ ਅਸਲ ਕਾਰਨ ਨਹੀਂ ਦੱਸ ਰਹੀ ਫੋਰਡ ਸਰਕਾਰ!



ਓਨਟਾਰੀਓ, 6 ਨਵੰਬਰ (ਪੋਸਟ ਬਿਊਰੋ) : ਸਾਬਕਾ ਪ੍ਰੋਗਰੈਸਿਵ ਕੰਜ਼ਰਵੇਟਿਵ ਕੈਬਨਿਟ ਮੰਤਰੀ ਤੇ ਅਹਿਮ ਸਹਾਇਕ ਖਿਲਾਫ ਲੱਗੇ ਦੋਸ਼ਾਂ ਸਬੰਧੀ ਬਰਾਬਰ ਜਾਂਚ ਕਰਵਾਉਣ ਦੀ ਗੁੰਜਾਇਸ਼ ਬਾਬਤ ਪ੍ਰੀਮੀਅਰ ਡੱਗ ਫੋਰਡ ਦੀ ਸਰਕਾਰ ਨੇ ਚੁੱਪ ਧਾਰ ਰੱਖੀ ਹੈ।

ਕੁਈਨਜ਼ ਪਾਰਕ ਵਿਖੇ ਪਾਰਦਰਸ਼ਤਾ ਵਿੱਚ ਵਾਧਾ ਕੀਤੇ ਜਾਣ ਦੇ ਫੋਰਡ ਵੱਲੋਂ ਪ੍ਰਗਟਾਏ ਤਹੱਈਏ ਦੇ ਬਾਵਜੂਦ ਜਿੰਮ ਵਿਲਸਨ ਵੱਲੋਂ ਸ਼ੁੱਕਰਵਾਰ ਨੂੰ ਅਤੇ ਐਂਡਰਿਊ ਕਿੰਬਰ ਵੱਲੋਂ ਅਚਾਨਕ ਦਿੱਤੇ ਗਏ ਅਸਤੀਫੇ ਤੋਂ ਟੋਰੀਜ਼ ਵੀ ਹੈਰਾਨ ਹਨ। ਇਨ੍ਹਾਂ ਅਸਤੀਫਿਆਂ ਤੋਂ ਬਾਅਦ ਮੰਗਲਵਾਰ ਨੂੰ ਐਨਡੀਪੀ ਐਮਪੀਪੀ ਸਾਰਾ ਸਿੰਘ ਨੇ ਦੋਸ਼ ਲਾਇਆ ਕਿ ਟੋਰੀਜ਼ ਜਾਣਬੁੱਝ ਕੇ ਓਨਟਾਰੀਓ ਵਾਸੀਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵਿਲਸਨ ਦੇ ਸ਼ਰਾਬ ਦੀ ਲਤ ਨਾਲ ਸਿੱਝਣ ਲਈ ਅਸਤੀਫਾ ਦੇਣ ਤੇ ਪੀਸੀ ਕਾਕਸ ਛੱਡਣ ਪਿੱਛੇ ਕੋਈ ਹੋਰ ਕਾਰਨ ਜ਼ਿੰਮੇਵਾਰ ਹੈ।

ਸਾਰਾ ਸਿੰਘ ਨੇ ਆਖਿਆ ਕਿ ਅੱਜ ਪੰਜ ਦਿਨ ਹੋ ਗਏ ਹਨ ਜਦੋਂ ਫੋਰਡ ਸਰਕਾਰ ਵੱਲੋਂ ਮੀਡੀਆ ਬਿਆਨ ਜਾਰੀ ਕਰਕੇ ਵਿਲਸਨ ਦੇ ਅਸਤੀਫਾ ਦੇਣ ਦੇ ਅਸਲ ਕਾਰਨ ਜਿਨਸੀ ਸ਼ੋਸ਼ਣ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

...ਬਾਕੀ ਪੰਨਾ 6 'ਤੇ

# ਅਗਲੇ ਦਹਾਕੇ ਵਿੱਚ ਆਰਥਿਕ ਪਾਵਰਹਾਊਸ ਵਜੋਂ ਉਭਰ ਸਕਦਾ ਹੈ ਭਾਰਤ : ਡਾ. ਸੁਬਰਾਮਨੀਅਮ



ਓਟਵਾ, 6 ਨਵੰਬਰ (ਪੋਸਟ ਬਿਊਰੋ) : ਭਾਰਤ ਵਿੱਚ ਰਾਜ ਸਭਾ ਮੈਂਬਰ ਡਾ. ਸੁਬਰਾਮਨੀਅਮ ਸਵਾਮੀ ਨੇ ਸ਼੍ਰਿੰਗੇਰੀ ਵਿੱਦਿਆ ਭਾਰਤੀ ਫਾਊਂਡੇਸ਼ਨ ਵੱਲੋਂ ਬੀਤੇ ਦਿਨੀਂ ਦਿੱਤੇ ਗਏ ਲੰਚ ਮੌਕੇ ਆਖਿਆ ਕਿ ਭਾਰਤ ਅਗਲੇ ਦਹਾਕੇ ਵਿੱਚ ਆਰਥਿਕ ਪਾਵਰਹਾਊਸ ਵਜੋਂ ਉਭਰ ਕੇ ਸਾਹਮਣੇ ਆ ਸਕਦਾ ਹੈ ਬਸ਼ਰਤੇ ਉਹ ਨਿਵੇਕਲੀਆਂ ਤੇ ਕਾਰੋਬਾਰੀ ਆਰਥਿਕ ਨੀਤੀਆਂ ਦਾ ਪਾਲਣ ਕਰਦਾ ਰਹੇ।

ਇਸ ਮੌਕੇ 400 ਦੇ ਕਰੀਬ ਮਹਿਮਾਨ ਪਹੁੰਚੇ। ਡਾ. ਸਵਾਮੀ, ਜੋ ਕਿ ਹਾਰਵਰਡ ਤੋਂ ਸਿਖਲਾਈ ਪ੍ਰਾਪਤ ਅਰਥਸ਼ਾਸਤਰੀ ਹਨ ਤੇ ਉਸੇ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਵੀ ਸਨ, ਨੇ ਮਾਰਕਿਟ ਫਰੈਂਡਲੀ ਆਰਥਿਕ ਨੀਤੀਆਂ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ। ਉਨ੍ਹਾਂ ਆਖਿਆ ਕਿ ਚੰਦਰ ਸ਼ੇਖਰ ਸਰਕਾਰ ਨੇ ਭਾਰਤ ਦੇ ਅਰਥਚਾਰੇ ਨੂੰ 1991 ਵਿੱਚ ਉਦਾਰ ਬਣਾਇਆ ਤੇ ਉਸ ਸਮੇਂ ਉਹ ਖੁਦ ਵਿੱਤ ਮੰਤਰੀ ਸਨ। ਪੀਵੀ ਨਰਸਿਮਹਾ ਰਾਓ ਦੀ ਸਰਕਾਰ ਤੇ ਉਸ ਤੋਂ ਬਾਅਦ ਵਾਲੀਆਂ ਸਾਰੀਆਂ ਸਰਕਾਰਾਂ ਨੇ ਵੀ ਇਸੇ ਪ੍ਰਕਿਰਿਆ ਨੂੰ ਜਾਰੀ ਰੱਖਿਆ। ਇਸੇ ਸਦਕਾ ਭਾਰਤ ਦੀ ਵਿਕਾਸ ਦਰ ਰੂਟੀਨ ਵਿੱਚ 8 ਫੀ ਸਦੀ ਰਹਿੰਦੀ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਮੌਜੂਦਾ ਨਰਿੰਦਰ ਮੋਦੀ ਸਰਕਾਰ ਤਹਿਤ ਵਿਕਾਸ ਦਰ 10 ਤੋਂ 12 ਫੀ ਸਦੀ ਹੈ ਤੇ ਜੇ ਅਗਲੇ ਦਹਾਕੇ ਵੀ ਭਾਰਤ ਇਸੇ ਤਰ੍ਹਾਂ ਵਿਕਾਸ ਦਰ ਬਣਾਈ ਰੱਖਦਾ ਹੈ ਤਾਂ ਇਹ 2030 ਤੱਕ ਵਿਕਸਤ ਮੁਲਕ ਬਣ ਜਾਵੇਗਾ। ਉਨ੍ਹਾਂ ਆਖਿਆ ਕਿ ਭਾਰਤੀਆਂ ਕੋਲ ਨਿਵੇਕਲੀਆਂ ਕਾਢਾਂ ਕੱਢਣ ਦੀ ਸਮਰੱਥਾ ਹੈ ਤੇ ਅਸੀਂ ਦੁਨੀਆਂ ਦੇ ਕਿਸੇ ਵੀ ਬਿਹਤਰੀਨ ਮੁਲਕ ਦੀ ਤਕਨਾਲੋਜੀ ਤੇ ਨਵੀਂਆਂ ਕਾਢਾਂ ਨੂੰ ਟੱਕਰ ਦੇਣ ਦੀ ਸਮਰੱਥਾ ਰੱਖਦੇ ਹਾਂ। ਇਸ ਮੌਕੇ ਟੋਰਾਂਟੋ ਵਿੱਚ ਭਾਰਤ ਦੇ ਕਾਉਂਸਲ ਜਨਰਲ ਤੇ ਸਫੀਰ ਦਿਨੇਸ਼ ਭਾਟੀਆ ਨੇ ਆਖਿਆ ਕਿ ਜਲਦ ਹੀ ਭਾਰਤ ਵੀ ਵਿਕਸਤ ਅਰਥਚਾਰਿਆਂ ਦੀ ਗਿਣਤੀ ਵਿੱਚ ਸ਼ੁਮਾਰ ਹੋ ਜਾਵੇਗਾ। ਉਨ੍ਹਾਂ ਇਹ ਆਸ ਵੀ ਪ੍ਰਗਟਾਈ ਕਿ ਭਾਰਤ ਤੇ ਕੈਨੇਡਾ ਅਰਥਭਰਪੂਰ ਆਰਥਿਕ ਸਬੰਧ ਕਾਇਮ ਰੱਖਣਗੇ।

ਇਸ ਮੌਕੇ ਸਤੀਸ਼ ਠੱਕਰ ਨੇ ਪ੍ਰੋਗਰਾਮ ਦੀ ਜਾਣ-ਪਛਾਣ ਕਰਵਾਈ। ਸੀਆਈਐਫ ਦੇ ਚੇਅਰ ਅਨਿਲ ਸ਼ਾਹ ਨੇ ਫਾਊਂਡੇਸ਼ਨ ਬਾਰੇ ਤਫਸੀਲ ਨਾਲ ਜਾਣਕਾਰੀ ਦਿੱਤੀ। ਮਿਸੀਸਾਗਾ-ਮਾਲਟਨ ਤੋਂ ਐਮਪੀਪੀ ਦੀਪਕ ਆਨੰਦ ਨੇ ਵੀ ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ ਉੱਤੇ ਸ਼ਿਰਕਤ ਕੀਤੀ।

Best Insurance Rates
- Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

- SUPER VISA INSURANCE
- VISITOR VISA INSURANCE
- TRAVEL INSURANCE
- STUDENT INSURANCE
- NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੱਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

LIMITED TIME OFFER

## 6GB OF DATA FOR ONLY $45/MO.

NO OVERAGE CHARGES IN-ZONE

LET'S GET GOING
CHATRMOBILE.COM

VISIT OUR LOCATION TODAY!

**379 MAIN ST. N., BRAMPTON, (905) 451-0379** | **2456 LAKE SHORE BLVD W., (416) 259-3654**

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ >>

ਆ ਗਿਆ ਦਿਨ ਦੀਵਾਲੀ ਦਾ ਸਾਲ ਪਿੱਛੋਂ,
ਪਹਿਲਾਂ ਵਾਲੀ ਨਹੀਂ ਰਹੀ ਹੈ ਗੱਲ ਬੇਲੀ।
ਡੱਬੇ ਮਿੱਠਿਆਂ ਦੀ ਘਟਦੀ ਰੀਤ ਲੱਗਦੀ,
ਰਸਤਾ ਲਿਆ ਮਿਲਾਵਟ ਆ ਮੱਲ ਬੇਲੀ।
ਹਫਤਾ ਪਹਿਲਾਂ ਪਟਾਕੇ ਜਿਹੇ ਸ਼ੁਰੂ ਹੁੰਦੇ,
ਦਗੜ-ਦਗੜ ਨਾ ਹੁੰਦੀ ਸੀ ਝੱਲ ਬੇਲੀ।
ਅਦਾਲਤ ਐਤਕੀਂ ਬਾਹਲੀ ਲਗਾਮ ਕੱਸੀ,
ਆਤਿਸ਼ਬਾਜ਼ੀ ਨੂੰ ਲੱਗੀ ਪਈ ਠੱਲ੍ਹ ਬੇਲੀ।
ਸਿਰਫ ਇੱਕੋ ਹੀ ਹੁਕਮ ਦਾ ਅਮਲ ਦੱਸੇ,
ਪਾਉਂਦੀ ਜਿੱਥੇ ਸਰਕਾਰ ਕੁਝ ਨੱਥ ਬੇਲੀ।
ਸਭ ਹੀ ਤਰ੍ਹਾਂ ਦਾ ਰੋਕ ਅਪਰਾਧ ਸਕਦੀ,
ਪਾਉਂਦੀ ਜੇਕਰ ਬੇਝਿਜਕ ਹੈ ਹੱਥ ਬੇਲੀ।

**ਤੀਸ ਮਾਰ ਖਾਂ**

# ਖਫਾ ਵੋਟਰ ਟਰੰਪ ਖਿਲਾਫ ਦੇ ਸਕਦੇ ਹਨ ਫਤਵਾ!

ਵਾਸ਼ਿੰਗਟਨ, 6 ਨਵੰਬਰ (ਪੋਸਟ ਬਿਊਰੋ) : ਕੀ ਇਹ ਰਾਸ਼ਟਰਪਤੀ ਡੋਨਲਡ ਟਰੰਪ ਖਿਲਾਫ ਲੋਕਾਂ ਵੱਲੋਂ ਦਿੱਤਾ ਜਾਣ ਵਾਲਾ ਫਤਵਾ ਹੈ। ਟਰੰਪ ਦੇ ਪੂਰਵ ਅਧਿਕਾਰੀ ਦਾ ਤਾਂ ਇਹ ਵੀ ਕਹਿਣਾ ਹੈ ਕਿ ਇਹੀ ਅਮਰੀਕੀਆਂ ਦਾ ਸੁਭਾਅ ਵੀ ਹੈ ਕਿ ਉਹ ਕਿਸੇ ਨੂੰ ਸਿਰ ਉੱਤੇ ਨਹੀਂ ਚੜ੍ਹਾਉਂਦੇ।

ਅਮਰੀਕੀ ਵੋਟਰ ਹੁਣ ਮੰਗਲਵਾਰ ਨੂੰ ਮਿਡਟਰਮ ਚੋਣਾਂ ਲਈ ਵੋਟ ਕਰਨਗੇ। ਇਨ੍ਹਾਂ ਚੋਣਾਂ ਤੋਂ ਹੀ ਅਮਰੀਕੀ ਕਾਂਗਰਸ ਉੱਤੇ ਕਿਸ ਦਾ ਨਿਯੰਤਰਣ ਹੋਵੇਗਾ ਇਹ ਸਾਹ-ਮਣੇ ਆਵੇਗਾ। ਇਨ੍ਹਾਂ ਚੋਣਾਂ ਤੋਂ ਇਹ ਵੀ ਤੈਅ ਹੋ ਜਾਵੇਗਾ ਕਿ ਟਰੰਪ ਦੇ ਵੰਡੀਆਂ ਪਾਉਣ ਵਾਲੇ ਫੈਸਲਿਆਂ ਬਾਰੇ ਅਮਰੀਕੀ ਕੀ ਸੋਚਦੇ ਹਨ। ਇਸ ਵਾਰੀ ਕਾਫੀ ਲੋਕਾਂ ਦੇ ਇਨ੍ਹਾਂ ਚੋਣਾਂ ਵਿੱਚ ਵੋਟ ਕਰਨ ਦੀ ਸੰਭਾਵਨਾ ਹੈ। ਲੋਕਾਂ ਵਿੱਚ ਟਰੰਪ ਪ੍ਰਤੀ ਗੁੱਸਾ ਵੀ ਪਾਇਆ ਜਾ ਰਿਹਾ ਹੈ। ਟਰੰਪ ਵੱਲੋਂ ਮਾਈਗ੍ਰੈਂਟਸ ਖਿਲਾਫ, ਮੀਡੀਆ ਤੇ ਡੈਮੋਕ੍ਰੈਟਸ ਖਿਲਾਫ ਦਿੱਤੇ ਬਿਆਨਾਂ ਤੇ ਫੈਸਲਿਆਂ ਕਾਰਨ ਲੋਕ ਖਫਾ ਹਨ।

ਬੇਰੋਜ਼ਗਾਰੀ ਦਰ ਮੱਠੀ ਹੋਣ ਦੇ ਬਾਵਜੂਦ ਇਹ ਚੋਣਾਂ ਡੈਮੋਕ੍ਰੈਟਸ ਦੇ ਜਿੱਤਣ ਦੇ ਆਸਾਰ ਹਨ ਤੇ ਇਸ ਦੇ ਨਾਲ ਹੀ ਇਹ ਉਮੀਦ ਵੀ ਪ੍ਰਗਟਾਈ ਜਾ ਰਹੀ ਹੈ ਕਿ ਉਹ ਹਾਊਸ ਆਫ ਰਿਪ੍ਰਜ਼ੈਂਟੇਟਿਵਸ ਦਾ ਨਿਯੰਤਰਣ ਵੀ ਹਾਸਲ




ਕਰ ਲੈਣਗੇ। ਆਪਣੀਆਂ ਤਿੰਨ ਰੈਲੀਆਂ ਵਿੱਚ ਟਰੰਪ ਨੇ ਬੜੀ ਹੀ ਗੈਰਇਮਾਨਦਾਰੀ ਵਾਲੀ ਤਸਵੀਰ ਪੇਸ਼ ਕੀਤੀ ਹੈ ਤੇ ਉਨ੍ਹਾਂ ਇਸ ਦੌਰਾਨ ਆਖਿਆ ਕਿ ਜੇ ਵੋਟਰ ਡੈਮੋਕ੍ਰੈਟਸ ਨੂੰ ਚੁਣਨਗੇ ਤਾਂ ਸ਼ਹਿਰ ਗੈਰਕਾਨੂੰਨੀ ਮਾਈਗ੍ਰੈਂਟਸ ਨਾਲ ਭਰ ਜਾਣਗੇ, ਸਟੀਲ ਮਿੱਲਾਂ ਬੰਦ ਹੋ ਜਾਣਗੀਆਂ ਤੇ ਹੈਲਥ ਕੇਅਰ ਲੋਕਾਂ ਹੱਥੋਂ ਖੁੰਝ ਜਾਵੇਗੀ।

ਦੂਜੇ ਪਾਸੇ ਡੈਮੋਕ੍ਰੈਟਸ ਨੇ ਹੈਲਥ ਕੇਅਰ ਦੇ ਮੁੱਦੇ ਨੂੰ ਆਪਣਾ ਮੁੱਖ ਮੁੱਦਾ ਬਣਾਇਆ। ਉਨ੍ਹਾਂ ਆਖਿਆ ਕਿ ਲੰਮੇਂ ਸਮੇਂ ਤੋਂ ਰਿਪਬਲਿਕਨ ਓਬਾਮਾਕੇਅਰ ਨੂੰ ਬਦਲਣ ਲਈ ਨਵੇਂ ਕਾਨੂੰਨ ਲਿਆਉਣ ਦੀ ਤਿਆਰੀ ਕਰ ਰਹੇ ਹਨ। ਅਜਿਹਾ ਹੋਣ ਦੀ ਸੂਰਤ ਵਿੱਚ ਲੋਕਾਂ ਦੀ ਹਿਫਾਜ਼ਤ ਘੱਟ ਜਾਵੇਗੀ ਤੇ ਜਿਨ੍ਹਾਂ ਦੀ ਸਿਹਤ ਪਹਿਲਾਂ ਹੀ ਨਿੱਘਰੀ ਹੋਈ ਹੈ ਉਨ੍ਹਾਂ ਨੂੰ ਹੋਰ ਖਤਰਾ ਖੜ੍ਹਾ ਹੋ ਜਾਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਡੈਮੋਕ੍ਰੈਟਸ ਨੂੰ ਹਾਊਸ ਵਿੱਚ ਬਹੁਮਤ ਹਾਸਲ ਕਰਨ ਲਈ 23 ਸੀਟਾਂ ਦੀ ਲੋੜ ਹੋਵੇਗੀ। ਪਰ ਜੇ ਰਿਪਬਲਿਕਨ ਹਾਊਸ ਉੱਤੇ ਆਪਣੀ ਪਕੜ ਬਣਾਈ ਰੱਖਦੇ ਹਨ ਤੇ ਡੈਮੋਕ੍ਰੈਟਸ ਬਹੁਤੀਆਂ ਸੀਟਾਂ ਹਾਸਲ ਕਰਨ ਵਿੱਚ ਕਾਮਯਾਬ ਨਹੀਂ ਰਹਿੰਦੇ ਤਾਂ ਵੀ ਟਰੰਪ ਲਈ ਸੱਭ ਕੁੱਝ ਪਹਿਲਾਂ ਵਾਲਾ ਨਹੀਂ ਰਹੇਗਾ। ਡੈਮੋਕ੍ਰੈਟਸ ਕੋਲ ਐਨੀ ਸ਼ਕਤੀ ਆ ਜਾਵੇਗੀ ਕਿ ਉਹ ਰਿਪਬਲਿਕਨਾਂ ਦੇ ਏਜੰਡੇ ਵਿੱਚ ਦਖਲ ਦੇ ਸਕਣਗੇ, ਟਰੰਪ ਦੀਆਂ ਗਤੀਵਿਧੀਆਂ ਸਬੰਧੀ ਜਾਂਚ ਬਿਠਾ ਸਕਣਗੇ, ਉਨ੍ਹਾਂ ਦੇ ਅਧਿਕਾਰੀਆਂ ਖਿਲਾਫ ਸ਼ਿਕੰਜਾ ਕੱਸ ਸਕਣਗੇ, ਉਨ੍ਹਾਂ ਦੀਆਂ ਟੈਕਸ ਰਿਟਰਨਾ ਹਾਸਲ ਕਰ ਸਕਣਗੇ ਤੇ ਹੋ ਸਕਦਾ ਹੈ ਕਿ ਭਵਿੱਖ ਵਿੱਚ ਉਹ ਕਦੇ ਉਨ੍ਹਾਂ ਨੂੰ ਦੋਸ਼ੀ ਵੀ ਠਹਿਰਾ ਸਕਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਡੈਮੋਕ੍ਰੈਟਸ ਦੇ ਜਿੱਤਣ ਨਾਲ ਟਰੰਪ ਖੇਮੇ ਨੂੰ ਆਪਣੀਆਂ ਨੀਤੀਆਂ ਵਿੱਚ ਮੌਜੂਦ ਗੜਬੜੀ ਦਾ ਪਤਾ ਲੱਗ ਸਕੇਗਾ।

# ਓਕਵਿੱਲੇ ਵਿੱਚ ਕਾਰ ਹਾਦਸਾਗ੍ਰਸਤ, ਇੱਕ ਹਲਾਕ, ਇੱਕ ਚਾਰਜ

ਓਕਵਿੱਲੇ, 6 ਨਵੰਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਓਕਵਿੱਲੇ ਵਿੱਚ ਇੱਕ ਕਾਰ ਪਲਟੀ ਹੋਈ ਮਿਲਣ ਤੋਂ ਬਾਅਦ ਤੇ ਲੇਕ ਓਨਟਾਰੀਓ ਦੇ ਕਿਨਾਰੇ ਉੱਤੇ ਇੱਕ ਵਿਅਕਤੀ ਦੀ ਲਾਸ਼ ਮਿਲਣ ਮਗਰੋਂ 22 ਸਾਲਾ ਇੱਕ ਵਿਅਕਤੀ ਨੂੰ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਵਿੱਚ ਚਾਰਜ ਕੀਤਾ ਗਿਆ ਹੈ। ਹਾਲਟਨ ਪੁਲਿਸ ਦੀ ਮਰੀਨ



ਯੂਨਿਟ ਨੂੰ ਇਹ ਲਾਸ ਮੇਪਲ ਗ੍ਰੋਵ ਡਰੇਲ ਦੇ ਪੱਛਮ ਵਿੱਚ ਐੱਜਮੀਅਰ ਅਸਟੇਟ ਦੀ ਪੁਰਾਣੀ ਸਾਈਟ ਨੇੜੇ ਸਵੇਰੇ 11:00 ਵਜੇ ਮਿਲੀ। ਮੌਕੇ ਉੱਤੇ ਪੱਤਰਕਾਰਾਂ ਨਾਲ ਗੱਲਤਬਾਤ ਕਰਦਿਆਂ ਕਾਂਸਟੇਬਲ ਰਿਆਨ ਐਂਡਰਸਨ ਨੇ ਦੱਸਿਆ ਕਿ ਪੁਲਿਸ ਨੂੰ ਇਹ ਲਾਸ ਹਾਦਸੇ ਵਾਲੀ ਥਾਂ ਤੋਂ 600 ਮੀਟਰ ਦੀ ਦੂਰੀ ਉੱਤੇ ਪੱਛਮ ਵੱਲ ਮਿਲੀ। ਐਂਡਰਸਨ ਨੇ ਦੱਸਿਆ ਕਿ ਇਹ ਲਾਸ ਕਾਰ ਵਿੱਚ ਸਵਾਰ ਹੀ ਬਾਲਗ ਯਾਤਰੀ ਦੀ ਸੀ। ਇਹ ਪਤਾ ਨਹੀਂ ਲੱਗ ਸਕਿਆ ਕਿ ਲਾਸ ਹਾਦਸੇ ਵਾਲੀ ਥਾਂ ਤੋਂ ਐਨੀ ਦੂਰ ਕਿਵੇਂ ਪਹੁੰਚੀ।

ਨਿਊਜ ਰਲੀਜ ਵਿੱਚ ਪੁਲਿਸ ਨੇ ਦੱਸਿਆ ਕਿ ਮ੍ਰਿਤਕ ਪੁਰਸ ਸੀ। ਪਰ ਮਰਨ ਵਾਲੇ ਦੀ ਪਛਾਣ, ਉਮਰ ਜਾਂ ਕੋਈ ਹੋਰ ਵੇਰਵਾ ਜਾਰੀ ਨਹੀਂ ਕੀਤਾ ਗਿਆ। ਪੁਲਿਸ ਨੇ ਇਹ ਵੀ ਆਖਿਆ ਕਿ ਕਾਰ ਵਿੱਚ ਹਾਦਸੇ ਸਮੇਂ ਕੋਈ ਹੋਰ ਨਹੀਂ ਸੀ ਮੌਜੂਦ।

# ਕੁੜੀਆਂ ਦੇ ਕੱਪੜੇ ਲੁਹਾਉਣ ਵਾਲੇ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਤੇ ਟੀਚਰ ਸਸਪੈਂਡ

ਚੰਡੀਗੜ੍ਹ, 6 ਨਵੰਬਰ, (ਪੋਸਟ ਬਿਊਰੋ)- ਸਰਕਾਰੀ ਗਰਲਜ਼ ਸਕੂਲ ਕੁੰਡਲ (ਫਾਜ਼ਿਲਕਾ) ਦੀ ਪ੍ਰਿੰਸੀਪਲ ਤੇ ਇਕ ਲੇਡੀ ਟੀਚਰ ਨੂੰ ਸੀਨੀਅਰ ਵਿਦਿਆਰਥਣਾਂ ਅੱਗੇ ਜੂਨੀਅਰ ਵਿਦਿਆਰਥਣਾਂ ਦੇ ਕੱਪੜੇ ਲੁਹਾਉਣ ਦੇ ਦੋਸ਼ ਵਿੱਚ ਪੰਜਾਬ ਸਰਕਾਰ ਨੇ ਸਸਪੈਂਡ ਕਰ ਦਿੱਤਾ ਹੈ। ਸਰਕਾਰ ਨੇ ਇਹ ਫ਼ੈਸਲਾ ਸੋਮਵਾਰ ਰਾਤ ਜਾਂਚ ਰਿਪੋਰਟ ਮਿਲਣ ਪਿੱਛੋਂ ਲਿਆ ਹੈ, ਜਿਸ ਵਿਚ ਸਕੂਲ ਅਧਿਆਪਕਾ ਦੀ ਘੋਰ ਕੁਤਾਹੀ, ਅਣਗਹਿਲੀ ਅਤੇ ਸੰਵੇਦਨਹੀਣਤਾ ਮੰਨੀ ਗਈ ਹੈ।

ਵਰਨਣ ਯੋਗ ਹੈ ਕਿ ਸਕੂਲ ਦੇ ਟਾਇਲੇਟ ਵਿੱਚ ਸੈਨੇਟਰੀ ਪੈਡ ਮਿਲਣ ਪਿੱਛੋਂ ਅਧਿਆਪਕਾ ਨੇ ਜੂਨੀਅਰ ਲੜਕੀਆਂ ਦੇ ਕੱਪੜੇ ਉਤਰਵਾ ਕੇ ਤਲਾਸ਼ੀ ਲਈ ਸੀ। ਸ਼ੁੱਕਰਵਾਰ ਕੁਝ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਕੱਪੜੇ ਲੁਹਾਉਣ ਦੇ ਦੋਸ਼ ਲਾਉਣ ਪਿੱਛੋਂ ਮੁੱਖ ਮੰਤਰੀ ਨੇ ਇਸ ਦੀ ਜਾਂਚ ਦੇ ਹੁਕਮ ਦਿੱਤੇ ਸਨ। ਇਸ ਦੀ ਜਾਂਚ ਰਿਪੋਰਟ ਦੇ ਮੁਤਾਬਕ ਸਕੂਲ ਦੀ ਪ੍ਰਿੰਸੀਪਲ ਕੁਲਦੀਪ ਕੌਰ ਤੇ ਅਧਿਆਪਕਾ ਜੋਤੀ ਦੇ ਕਹੇ ਉੱਤੇ ਅਤੇ ਉਨ੍ਹਾਂ ਦੀ ਪੂਰੀ ਜਾਣਕਾਰੀ ਵਿੱਚ ਵਿਦਿਆਰਥਣਾਂ ਦੀ ਦੋ ਵਾਰ ਤਲਾਸ਼ੀ ਹੋਈ ਸੀ। ਅਬੋਹਰ ਦੇ ਐੱਸ ਡੀ ਐੱਮ ਦਫ਼ਤਰ ਵਿਚ ਸੋਮਵਾਰ ਕੁਲਦੀਪ ਕੌਰ ਤੇ ਜੋਤੀ ਦੇ ਬਿਆਨ ਦਰਜ ਕੀਤੇ ਗਏ, ਜਿਸ ਮੁਤਾਬਕ ਪਹਿਲੀ ਵਾਰ ਲੜਕੀਆਂ ਦੇ ਕੱਪੜਿਆਂ ਦੀ ਤਲਾਸ਼ੀ ਲਈ ਗਈ ਸੀ ਅਤੇ ਫਿਰ ਦੋਵਾਂ ਨੇ ਅੱਠਵੀਂ ਜਮਾਤ ਦੀਆਂ ਸੀਨੀਅਰ ਵਿਦਿਆਰਥਣਾਂ ਤੋਂ ਕੱਪੜੇ ਲੁਹਾ ਕੇ ਤਲਾਸ਼ੀ ਲਈ ਸੀ। ਜਾਂਚ ਕਮੇਟੀ ਦੇ ਮੈਂਬਰਾਂ ਜ਼ਿਲ੍ਹਾ ਸਿੱਖਿਆ ਅਫਸਰ ਕੁਲਵੰਤ ਸਿੰਘ, ਅਬੋਹਰ ਦੇ ਐੱਸ ਐੱਚ ਓ ਸਦਰ ਅੰਗਰੇਜ਼ ਸਿੰਘ ਅਤੇ ਫਾਜ਼ਿਲਕਾ ਦੇ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਰਿਤੂ ਨੇ ਇਸ ਰਿਪੋਰਟ ਵਿੱਚ ਦੱਸਿਆ ਕਿ ਪਹਿਲੀ ਵਾਰ ਮਿਡ-ਡੇ-ਮੀਲ ਦੀ ਰਸੋਈ ਵਿਚ ਤਲਾਸ਼ੀ ਲਈ ਗਈ ਅਤੇ ਸਮੁੱਚੀ ਪ੍ਰਕਿਰਿਆ ਦੌਰਾਨ ਕੁਲਦੀਪ ਕੌਰ ਬਾਹਰ ਖੜੀ ਰਹੀ ਸੀ। ਜਾਂਚ ਕਮੇਟੀ ਨੇ ਇਕਮੱਤ ਰਿਪੋਰਟ ਦਿੱਤੀ ਕਿ ਸਕੂਲ ਸਟਾਫ ਨੇ ਔਰਤਾਂ ਦੇ ਮਾਣ-ਸਨਮਾਨ ਪ੍ਰਤੀ ਘੋਰ ਅਣਗਹਿਲੀ ਅਤੇ ਅਸੰਵੇਦਨਸ਼ੀਲਤਾ ਵਿਖਾਈ ਹੈ।

# ਟੌਇਜ਼ ਫੌਰ ਟੌਟਜ਼ ਤੇ ਮਿਰੈਕਲ ਆਨ ਮੇਨ ਈਵੈਂਟ 30 ਨੂੰ

ਹਾਲਟਨ, 6 ਨਵੰਬਰ (ਪੋਸਟ ਬਿਊਰੋ) : ਹਾਲਟਨ ਰੀਜਨਲ ਪੁਲਿਸ ਸਰਵਿਸ ਸਾਡੇ ਸਾਲਾਨਾ ਟੁਆਇਜ਼ ਫੌਰ ਟੌਟਜ਼ ਪ੍ਰੋਗਰਾਮ ਲਈ ਈਵੈਂਟਸ ਆਰਗੇਨਾਈਜ਼ ਕਰਨ ਦੀ ਤਿਆਰੀ ਕਰ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਅਸੀਂ ਹਾਲਟਨ ਦੇ ਲੋੜਵੰਦ ਬੱਚਿਆਂ ਲਈ ਵੱਧ ਤੋਂ ਵੱਧ ਖਿਡਾਉਣੇ ਇੱਕਠੇ ਕਰਕੇ ਉਨ੍ਹਾਂ ਤੱਕ ਪਹੁੰਚਾਉਂਦੇ ਆ ਰਹੇ ਹਾਂ। ਇਸ ਪ੍ਰੋਗਰਾਮ ਵਿੱਚ ਸੁਧਾਰ ਲਿਆਉਣ ਲਈ ਅਸੀਂ ਟਾਈਗਰ ਜੀਤ ਸਿੰਘ ਫਾਊਂਡੇਸ਼ਨ ਨਾਲ ਭਾਈਵਾਲੀ ਕੀਤੀ ਹੈ।

ਟਾਈਗਰ ਜੀਤ ਸਿੰਘ ਫਾਊਂਡੇਸ਼ਨ ਮਿਲਟਨ ਸਥਿਤ ਚੈਰਿਟੀ ਹੈ, ਜੋ ਕਿ ਕੁਸ਼ਤੀ ਦੇ ਮਹਾਨ ਯੋਧੇ, ਮਾਨਵਤਾਵਾਦੀ ਤੇ ਪਰੋਉਪਕਾਰੀ ਟਾਈਗਰ ਜੀਤ ਸਿੰਘ ਤੇ ਉਨ੍ਹਾਂ ਦੇ ਲੜਕੇ ਟਾਈਗਰ ਅਲੀ ਸਿੰਘ ਵੱਲੋਂ ਸ਼ੁਰੂ ਕੀਤੀ ਗਈ। ਪਿਛਲੇ ਨੌਂ ਸਾਲਾਂ ਤੋਂ ਟਾਈਗਰ ਜੀਤ ਸਿੰਘ ਫਾਊਂਡੇਸ਼ਨ ਨੇ ਮਿਰੈਕਲ ਆਨ ਮੇਨ ਸਟਰੀਟ ਈਵੈਂਟ ਰਾਹੀਂ ਸਾਡੇ ਰੀਜਨ ਵਿੱਚ ਰਹਿਣ ਵਾਲੇ ਲੋੜਵੰਦ ਬੱਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ




ਕਈ ਮਿਲੀਅਨ ਡਾਲਰ ਜੁਟਾਏ ਹਨ।

30 ਨਵੰਬਰ ਨੂੰ ਦੁਪਹਿਰੇ 1:00 ਵਜੇ ਅਸੀਂ ਟੌਇਜ਼ ਫੌਰ ਟੌਟਜ/ਮਿਰੈਕਲ ਆਨ ਮੇਨ ਈਵੈਂਟ ਹਾਲਟਨ ਪੁਲਿਸ ਹੈੱਡਕੁਆਰਟਰ, ਜੋ ਕਿ ਓਕਵਿੱਲੇ ਵਿੱਚ 2485 ਨੌਰਥ ਸਰਵਿਸ ਰੋਡ ਵੈਸਟ ਉੱਤੇ ਸਥਿਤ ਹੈ, ਵਿਖੇ ਕਰਵਾਉਣ ਜਾ ਰਹੇ ਹਾਂ। ਆਪਣਾ ਸਮਰਥਨ ਦੇਣ ਲਈ ਤੁਹਾਡੀ ਸੱਭ ਦੀ ਹਾਜ਼ਰੀ ਦੀ ਬਹੁਤ ਲੋੜ ਹੈ ਤੇ ਇਸ ਦੇ ਨਾਲ ਹੀ ਇਸ ਪ੍ਰੋਗਰਾਮ ਰਾਹੀਂ ਅਸੀਂ ਇਸ ਵਿਲੱਖਣ ਪਹਿਲਕਦਮੀ ਬਾਰੇ ਜਾਗਰੂਕਤਾ ਵੀ ਫੈਲਾਉਣੀ ਚਾਹੁੰਦੇ ਹਾਂ। ਇਸ ਲਈ ਸਾਰਿਆਂ ਨੂੰ ਵੱਧ ਚੜ੍ਹ ਕੇ ਇਸ ਮੌਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

# ਬ੍ਰਹਮਪੁਰਾ ਦੇ ਸਬਰ ਦਾ ਬੰਨ੍ਹ ਟੁੱਟਾ, ਵੱਡੇ ਬਾਦਲ ਵੱਲ ਨਿਸ਼ਾਨਾ ਸੇਧਿਆ

ਅੰਮ੍ਰਿਤਸਰ, 6 ਨਵੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਮੈਂਬਰ ਪਾਰਲੀਮੈਂਟ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਸਾਲੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ ਝੰਡਾ ਚੁੱਕਣ ਅਤੇ ਸ਼ਕਤੀ ਪ੍ਰਦਰਸ਼ਨ ਕਰਨ ਪਿੱਛੋਂ ਅੱਜ ਪਹਿਲੀ ਵਾਰ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਬਿਆਨ ਦਿੱਤਾ ਹੈ। ਬ੍ਰਹਮਪੁਰਾ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਬਰਗਾੜੀ ਕੇਸ ਵਿੱਚ ਲੋਕਾਂ ਨੂੰ ਧੋਖੇ ਵਿੱਚ ਰੱਖ ਰਹੇ ਹਨ। ਬਾਦਲ ਵੱਲੋਂ ਵਾਰ-ਵਾਰ ਬਰਗਾੜੀ ਮੋਰਚੇ ਵਿਰੁੱਧ ਪੰਜਾਬ ਦਾ ਅਮਨ ਭੰਗ ਕਰਨ ਦੇ ਦੋਸ਼ ਲਾਉਣ ਬਾਰੇ ਦਿੱਤੇ ਜਾਂਦੇ ਬਿਆਨ 'ਤੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਦਾ ਇਹੋ ਜਿਹਾ ਹਰ ਬਿਆਨ ਹੀ ਬੇਤੁਕਾ ਹੈ। ਉਨ੍ਹਾ ਨੇ ਕਿਹਾ ਕਿ ਉਹ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛਣਾ ਚਾਹੁੰਦੇ



ਹਨ ਕਿ ਜੇ ਉਸ ਕੋਲ ਇਸ ਸੰਬੰਧੀ ਕੋਈ ਸਬੂਤ ਹੈ ਤਾਂ ਇਹ ਸਬੂਤ ਪੰਜਾਬ ਦੇ ਲੋਕਾਂ ਸਾਹਮਣੇ ਪੇਸ਼ ਕਿਉਂ ਨਹੀਂ ਕਰਦੇ।

ਵਰਨਣ ਯੋਗ ਹੈ ਕਿ ਇਹ ਪਹਿਲਾ ਮੌਕਾ ਹੈ, ਜਦੋਂ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਤੋਂ ਹਟ ਕੇ ਸਿੱਧਾ ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਬਿਆਨ ਦਿੱਤਾ ਹੈ। ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਬਾਰੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਸੁਰ ਨਰਮ ਰਹਿੰਦੀ ਸੀ। ਬ੍ਰਹਮਪੁਰਾ ਨੇ ਆਖਿਆ ਕਿ ਪ੍ਰਕਾਸ਼ ਸਿੰਘ ਬਾਦਲ ਦੇ ਇਸ ਬਿਆਨ ਨੇ ਸਾਬਤ ਕਰ ਦਿੱਤਾ ਹੈ ਕਿ ਟਕਸਾਲੀਆਂ ਦੇ ਮਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਰਗਾੜੀ ਕਾਂਡ ਦੇ ਸੰਬੰਧ ਵਿੱਚ ਬਾਦਲ ਪਰਿਵਾਰ ਦੇ ਖਿਲਾਫ ਕਿਸ ਹੱਦ ਤੱਕ ਗੁੱਸਾ ਹੈ। ਉਂਜ ਇਸ ਤੋਂ ਪਹਿਲਾਂ ਰਣਜੀਤ ਸਿੰਘ ਬ੍ਰਹਮਪੁਰਾ ਮਾਝੇ ਦੇ ਟਕਸਾਲੀ ਲੀਡਰਾਂ ਡਾ. ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਕਰਕੇ ਬਾਦਲ ਪਰਿਵਾਰ ਵੱਲ ਆਪਣਾ ਗੁੱਸਾ ਜ਼ਾਹਰ ਕਰ ਚੁੱਕੇ ਹਨ। ਉਨ੍ਹਾਂ ਨੇ ਬਰਗਾੜੀ ਦੇ ਮੋਰਚੇ ਬਾਰੇ ਬਾਦਲ ਵਲੋਂ ਦਿੱਤੇ ਬਿਆਨ ਨੂੰ ਗਲਤ ਦੱਸਦੇ ਹੋਏ ਅਸਿੱਧੇ ਢੰਗ ਨਾਲ ਇਸ ਮੋਰਚੇ ਦਾ ਸਮਰਥਨ ਕੀਤਾ ਹੈ, ਇਸ ਦੇ ਬਾਵਜੂਦ ਉਨ੍ਹਾਂ ਕਿਹਾ ਕਿ ਬਰਗਾੜੀ ਮੋਰਚੇ ਵਿੱਚ ਸ਼ਾਮਲ ਹੋਣ ਦੀ ਹਾਲੇ ਉਨ੍ਹਾਂ ਦੀ ਕੋਈ ਸੋਚ ਨਹੀਂ ਹੈ।

**COLUMBUS TRUCK WASH**
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) | 905-672-1635

A1 HERBAL Ayurvedic Clinic
**ਡਿਸਕ, ਮੋਚ, ਚੁੱਕ, ਧਰਨ, ਰੀਹ**
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
**ਗੱਠੀਆ ਦਾ ਪੱਕਾ ਹਰਬਲ ਇਲਾਜ**
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

**ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼**
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

**SherGill Law Firm**
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

**AMAN TRAVEL**
**ਅਮਨ ਟਰੈਵਲ**
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਇਆ ਜਾਏਗਾ



(ਬਰੈਂਪਟਨ/ਬਾਸੀ ਹਰਚੰਦ) ਪਿਛਲੇ ਦਿਨੀਂ ਪੰਜਾਬੀ ਸੱਭਿਆਚਾਰ ਮੰਚ ਦੀ ਮੀਟਿੰਗ ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵ ਦੀ ਪ੍ਰਧਾਨਗੀ ਹੇਠ ਹੋਈ। ਇਹ ਮੀਟਿੰਗ ਸੌਕਰ ਸੈਟਰ ਵਿਖੇ ਕੀਤੀ ਗਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਮੰਚ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਇਆ ਜਾਵੇ। ਉਹਨਾਂ ਦੇ ਨਾਲ ਉਸੇ ਦਿਨ ਉਹਨਾਂ ਛੇ ਸਾਥੀ ਵੀ ਫਾਂਸੀ ਦਿੱਤੇ ਗਏ ਸਨ। ਇਹ ਦਿਨ 17 ਨਵੰਬਰ ਦਿਨ ਸਨਿ-ਚਰਵਾਰ (12-00 ਵਜੇ ਤੋਂ 4-00 ਵਜੇ ਤੱਕ)ਗੁਰੁ ਤੇਗ ਬਹਾਦਰ ਖਾਲਸਾ ਸਕੂ ਦੇ ਹਾਲ ਵਿੱਚ ਮਨਾਇਆ ਜਾਏਗਾ। ਇਸ ਥਾਂ ਦੀ ਲੋਕੇਸਨ ਸੈਂਡਲਵੁੱਡ ਅਤੇ ਕਨੇਡੀ ਦੇ ਇੰਟਰਸੈਕਸ਼ਨ ਤੇ ਸਥਿਤ ਪਲਾਜੇ ਵਿੱਚ ਮੈਕਡੋਨਲ ਦਾ ਨਾਲ ਹੈ। ਸੱਭ ਦੇਸ ਪ੍ਰੇਮਿਆਂ,ਬੁਧੀਜੀਵੀਆਂ, ਪ੍ਰਗਤੀਸ਼ੀਲ ਅਤੇ ਮਾਨਵੀ ਸੋਚ ਰੱਖਣ ਵਾਲੇ ਸੱਭ ਵਿਅੱਕਤੀਆਂ ਨੂੰ ਖੁਲਾ ਸੱਦਾ ਹੈ ਆਉ ਰਲ ਕੇ ਉਹਨਾਂ ਸੂਰਬੀਰਾਂ ਨੂੰ ਯਾਦ ਕਰੀਏ ਜਿੰਨਾਂ ਭਾਰਤ ਦੇਸ ਦੀ ਅਜ਼ਾਦੀ ਅਤੇ ਲੋਕ ਹੱਕਾਂ ਲਈ ਜਾਨਾਂ ਵਾਰੀਆਂ।ਇਸੇ ਦਿਨ ਪੰਜਾਬੀ ਦੇ ਕੁੱਝ ਉਘੇ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਜਾਏਗਾ। ਇਸ ਮੀਟਿੰਗ ਵਿੱਚ ਹਰਚੰਦ ਸਿੰਘ ਬਾਸੀ, ਕੁੰਢਾ ਸਿੰਘ ਢਿਲੋਂ,ਪਰਵੇਸ਼ ਸਿੰਘ ਕੰਗ,ਗੁਰਕਿਰਪਾਲ ਰਿਸ਼ੀ, ਗੁਰਦਿਆ ਸਿੰਘ ਢੱਲਾ,ਦਰਸ਼ਨ ਸਿੰਘ ਭੌਰਾ,ਹਰਬੰਸ ਸਿੰਘ ਜਸੋਵਾਲ,ਸੁਰਿੰਦਰ ਗਿੱਲ ਆਦਿ ਹਾਜ਼ਰ ਸਨ ਸੇਵਾ ।

ਹੋਰ ਜਾਣਕਾਰੀ ਲਈ ਫੋਨ ਬਲਦੇਵ ਸਿੰਘ ਸਹਿਦੇਵ 647-328-7045 ਹਰਚੰਦ ਸਿਘ ਬਾਸੀ 647-786-9502, ਗੁਰਦਿਆ ਸਿੰਘ ਢਾਲਾ, 647-858 - 4120,ਪ੍ਰਵੇਸ਼ ਸਿੰਘ ਕੰਗ 647 618 3352

# ਲਾਈਵ-ਸਰਟੀਫ਼ੀਕੇਟ ਬਣਾਉਣ ਲਈ ਕੈਂਪ ਦਾ ਆਯੋਜਨ



ਬਰੈਂਪਟਨ, (ਡਾ. ਝੰਡ) -ਗੋਰ ਰੋਡ ਸਥਿਤ ਹਿੰਦੂ ਸਭਾ ਮੰਦਰ ਜਿਸ ਨੂੰ 'ਗੋਰ ਮੰਦਰ' ਵੀ ਕਿਹਾ ਜਾਂਦਾ ਹੈ, ਵਿਖੇ ਭਾਰਤੀ ਕਾਊਂਸਲੇਟ ਜਨਰਲ ਆਫ਼ਿਸ ਵੱਲੋਂ 3 ਨਵੰਬਰ ਸ਼ਨੀਵਾਰ ਨੂੰ ਭਾਰਤੀ ਪੈਂਸ਼ਨਰਾਂ ਲਈ ਜਿਊਂਦੇ-ਜਾਗਦੇ ਹੋਣ ਦੇ ਸਰਟੀਫ਼ੀਕੇਟ (Live Certificates) ਬਨਾਉਣ ਲਈ ਸ਼ਾਨਦਾਰ ਕੈਂਪ ਦਾ ਆਯੋਜਨ ਕੀਤਾ ਗਿਆ। ਉੱਥੇ ਜਦੋਂ ਇਕ ਸ਼ਖ਼ਸ ਨੂੰ ਲੋਕਾਂ ਨੂੰ ਨਿਮਰਤਾ-ਸਹਿਤ ਲਾਈਨਾਂ ਵਿਚ ਖਲੋਣ ਲਈ ਬੇਨਤੀ ਕਰਦੇ ਹੋਏ ਵੇਖਿਆ ਅਤੇ ਮੈਂ ਉਸ ਦੀ ਫ਼ੋਟੋ ਲੈਣੀ ਚਾਹੀ ਤਾਂ ਉਸ ਨੇ ਮੈਨੂੰ ਵੀ ਉਸ ਫ਼ੋਟੋ ਵਿਚ ਨਾਲ ਖਲੋਣ ਲਈ ਕਿਹਾ ਅਤੇ ਉਸ ਦੇ ਇਹ ਕਹਿਣ ਦੇ ਸਲੀਕੇ ਤੋਂ ਪ੍ਰਭਾਵਿਤ ਹੋ ਕੇ ਮੈਨੂੰ ਉੱਥੇ ਖਲੋਣਾ ਹੀ ਪਿਆ। ਇਹ ਵਿਅੱਕਤੀ ਕੋਈ ਹੋਰ ਨਹੀਂ, ਭਾਰਤੀ ਕਾਊਂਸਲੇਟ ਜਨਰਲ ਦਿਨੇਸ਼ ਭਾਟੀਆ ਹੈ ਜਿਸ ਨੂੰ ਮੈ ਉਸ ਦਿਨ ਪਹਿਲੀ ਵਾਰ ਮਿਲਿਆ।

ਇਸ ਕੈਂਪ ਵਿਚ ਸਰਟੀਫ਼ੀਕੇਟ ਬਨਾਉਣ ਦਾ ਇਹ ਕੰਮ ਬੜੇ ਹੀ ਸੁਯੋਗ ਢੰਗ ਨਾਲ ਕੀਤਾ ਜਾ ਰਿਹਾ ਸੀ। ਕੋਈ ਕਾਹਲੀ ਜਾਂ ਹਫੜਾ-ਤਫ਼ੜੀ ਵਾਲੀ ਗੱਲ ਨਹੀਂ ਸੀ, ਜਿਹਾ ਕਿ ਪਹਿਲਾਂ ਅਜਿਹੇ ਕਈ ਮੌਕਿਆਂ 'ਤੇ ਵੇਖਣ ਵਿਚ ਆਇਆ ਹੈ। ਕਈ ਲੋਕੀਂ ਘਰਾਂ ਤੋਂ ਹੀ ਲੋੜੀਂਦੇ ਫ਼ਾਰਮ ਭਾਰਤੀ ਕਾਊਸਲੇਟ ਜਨਰਲ ਦੀ ਵੈੱਬਸਾਈਟ ਤੋਂ ਡਾਊਨਲੋਡ ਕਰਕੇ ਅਤੇ ਉਨ੍ਹਾਂ ਨੂੰ ਬਾ-ਕਾਇਦਾ ਭਰਕੇ ਲਿਆਏ ਸਨ ਅਤੇ ਜਿਹੜੇ ਇਹ ਆਪਣੇ ਨਾਲ ਨਹੀਂ ਲਿਆ ਸਕੇ ਸਨ, ਉਨ੍ਹਾਂ ਨੂੰ ਇਹ ਫ਼ਾਰਮ ਵਾਲੰਟੀਅਰਾਂ ਵੱਲੋਂ ਮੁਹੱਈਆ ਕੀਤੇ ਜਾ ਰਹੇ ਸਨ। ਕਈ ਵਿਅੱਕਤੀ ਇਹ ਫ਼ਾਰਮ ਭਰਨ ਵਿਚ ਦੂਸਰਿਆਂ ਦੀ ਸਹਾਇਤਾ ਕਰਦੇ ਵੀ ਵੇਖੇ ਗਏ।

ਭਰੇ ਹੋਏ ਫ਼ਾਰਮ ਲੈ ਕੇ ਲੋਕ ਵੱਡੇ ਹਾਲ ਦੇ ਦੋਹੀਂ ਪਾਸੀਂ ਬਣੀਆਂ ਲਾਈਨਾਂ ਵਿਚ ਬੜੇ ਆਰਾਮ ਨਾਲ ਖੜੇ ਕੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਵਾਰੀ ਆਉਣ 'ਤੇ ਉਹ ਆਪਣਾ ਫ਼ਾਰਮ ਦੋ ਪਰਤਾਂ ਵਿਚ ਉੱਥੇ ਬੈਠੇ ਅਧਿਕਾਰੀਆਂ ਨੂੰ ਦੇ ਦਿੰਦੇ ਜੋ ਉਸ ਨੂੰ ਪਾਸਪੋਰਟ ਵਿਚਲੀ ਜਾਣਕਾਰੀ ਨਾਲ ਮੇਲਣ ਤੋਂ ਬਾਅਦ ਉਸ ਦਾ ਲੋੜੀਂਦਾ ਇੰਦਰਾਜ ਕਰਕੇ ਅਤੇ ਉਨ੍ਹਾਂ ਨੂੰ ਦੂਸਰੀ ਲੱਗੀ ਹੋਈ ਵਿਚ ਖਲੋਣ ਨੂੰ ਕਹਿੰਦੇ ਜਿੱਥੇ ਭਾਟੀਆ ਸਾਹਿਬ ਇਕ ਹੋਰ ਵਿਅੱਕਤੀ ਦੇ ਨਾਲ ਇਹ ਸੇਵਾ ਨਿਭਾਅ ਰਹੇ ਸਨ। ਇਸ ਲਾਈਨ ਵਾਲੇ ਵਿਅੱਕਤੀ ਇਕ-ਇਕ ਕਰਕੇ ਵਾਈਸ-ਕਾਊਸਲੇਟ ਜਨਰਲ ਕੋਲੋਂ ਇਨ੍ਹਾਂ ਫ਼ਾਰਮਾਂ ਉੱਪਰ ਲੋੜੀਂਦੇ ਦਸਤਖ਼ਤ ਅਤੇ ਮੋਹਰ ਲਗਵਾ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਇਕ ਪਰਤ ਨੂੰ ਪ੍ਰਾਪਤ ਕਰ ਰਹੇ ਸਨ। ਇਹ ਸਾਰਾ ਕੰਮ ਬੜੇ ਆਰਾਮ ਨਾਲ ਹੋ ਰਿਹਾ ਸੀ। ਇਸ ਦੇ ਨਾਲ ਹੀ ਗੋਰ ਮੰਦਰ ਦੀ ਮੈਨੇਜਿੰਗ ਕਮੇਟੀ ਵੱਲੋਂ ਚਾਹ-ਸਮੋਸਿਆਂ ਤੇ ਗੁਲਾਬ-ਜਾਮਨਾਂ ਦਾ ਵੀ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ।



ਭਾਰਤੀ ਕਾਊਂਸਲੇਟ ਜਨਰਲ ਆਫ਼ਿਸ ਵੱਲੋਂ ਅਜਿਹੇ ਕੈਂਪ 4 ਨਵੰਬਰ ਨੂੰ ਪੀਟਰਸਬਰਗ ਗੁਰਦੁਆਰੇ ਵਿਚ, 10 ਨਵੰਬਰ ਨੂੰ ਬਰੈਂਪਟਨ ਵਿਚ ਏਅਰਪੋਰਟ ਤੇ ਮੇਅਫ਼ੀਲਡ ਨੇੜਲੇ ਗੁਰਦੁਆਰੇ ਸਿੱਖ ਹੈਰੀਟੇਜ ਸੈਂਟਰ ਵਿਚ, 11 ਨਵੰਬਰ ਨੂੰ ਮਿਸੀਸਾਗਾ ਦੇ ਹਿੰਦੂ ਹੈਰੀਟੇਜ ਸੈਂਟਰ ਵਿਚ, 17 ਨਵੰਬਰ ਨੂੰ ਮਾਰਖ਼ਮ ਦੇ ਸਨਾਤਮ ਧਰਮ ਮੰਦਰ ਵਿਚ ਅਤੇ 18 ਨਵੰਬਰ ਨੂੰ ਵਿੰਨੀਪੈੱਗ ਦੇ ਗੁਰਦੁਆਰੇ ਦਸ਼ਮੇਸ਼ ਦਰਬਾਰ ਵਿਚ ਲਗਾਏ ਜਾਣਗੇ ਜਿੱਥੇ ਲੋਕ ਇਹ ਸਰਟੀਫ਼ੀਕੇਟ ਬਨਾਉਣ ਦੀਆਂ ਮੁਫ਼ਤ ਸੇਵਾਵਾਂ ਦਾ ਲਾਭ ਉਠਾ ਸਕਦੇ ਹਨ।

# ‘ਸਿੱਖ ਨੇਸ਼ਨ’ ਵੱਲੋਂ ਲਾਏ ਗਏ ਖ਼ੂਨਦਾਨ ਕੈਂਪ ’ਚ ਖ਼ੂਨਦਾਨੀਆਂ ਨੇ ਵਿਖਾਇਆ ਭਾਰੀ ਉਤਸ਼ਾਹ

ਬਰੈਂਪਟਨ, (ਡਾ. ਝੰਡ) -ਬੀਤੇ ਸ਼ਨੀਵਾਰ 3 ਨਵੰਬਰ ਨੂੰ ‘ਸਿੱਖ ਨੇਸ਼ਨ’ ਦੇ ਵਾਲੰਟੀਅਰਾਂ ਵੱਲੋਂ ਕੈਨੇਡੀਅਨ ਬਲੱਡ ਸਰਵਿਸਿਜ਼ ਦੇ ਸਹਿਯੋਗ ਨਾਲ 69 ਮੇਟਲੈਂਡ ਸਟਰੀਟ ਬਰੈਂਪਟਨ ਵਿਖੇ ਖਾਲਸਾ ਕਮਿਊਨਿਟੀ ਸਕੂਲ ਵਿਚ ਲਗਾਏ ਗਏ ਖ਼ੂਨ-ਦਾਨ ਕੈਂਪ ਵਿਚ ਖ਼ੂਨ-ਦਾਨੀਆਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਗਿਆ।





ਇਸ ਦੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਬਲਜੀਤ ਸਿੰਘ ਘੁੰਮਣ ਜੋ ਇਸ ਖ਼ੂਨਦਾਨ ਕੈਂਪ ਦੀ ਆਯੋਜਿਕ ਟੀਮ ਦੇ ਅਹਿਮ ਮੈਂਬਰ ਹਨ, ਨੇ ਕਿਹਾ,"ਕੈਂਪ ਦੀ ਇਸ ਸਫ਼ਲਤਾ ਦਾ ਸਿਹਰਾ ਖ਼ੂਨ-ਦਾਨੀਆਂ ਦੇ ਸਿਰ ਜਾਂਦਾ ਹੈ ਜੋ ਮਨੁੱਖਤਾ ਦੇ ਭਲੇ ਲਈ ਇਸ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਹ ਇਕ ਟੀਮ-ਵਰਕ ਹੈ ਅਤੇ ਇਸ ਟੀਮ ਦੇ ਮੈਂਬਰਾਂ ਵੱਲੋਂ ਹਰ ਸਾਲ ਕੈਂਪ ਲਗਾਉਣ ਦਾ ਇਹ ਉਪਰਾਲਾ ਬਰੈਂਪਨ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਵਿਚ ਕੀਤਾ ਜਾਂਦਾ ਹੈ।" ਉਨ੍ਹਾਂ ‘ਕੈਨੇਡੀਅਨ ਬਲੱਡ ਸਰਵਿਸਿਜ਼’ ਅਤੇ ‘ਮੈਚ ਫ਼ਾਰ ਮੈਰੋ’ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕੈਂਪ ਆਸ ਤੋਂ ਵੀ ਵਧੇਰੇ ਸਫ਼ਲ ਹੋਇਆ। ਉਨ੍ਹਾਂ ਵੱਲੋਂ ਪੰਜਾਬੀ ਮੀਡੀਆ ਅਤੇ ਸੀ.ਟੀ. ਵੀ. ਟੋਰਾਂਟੋ ਦਾ ਵੀ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਕੈਂਪ ਦੇ ਲਈ ਵਧੀਆ ਪਬਲੀਸਿਟੀ ਕੀਤੀ।

ਬਲਜੀਤ ਘੁੰਮਣ ਨੇ ਦੱਸਿਆ ਕਿ ਆਉਂਦੇ ਦਿਨਾਂ ਵਿਚ ਅਜਿਹੇ ਅੱਠ ਹੋਰ ਕੈਂਪ ਓਨਟਾਰੀਓ ਦੇ ਵੱਖ-ਵੱਖ ਸ਼ਹਿਰਾਂ ਵਿਚ ਲਗਾਏ ਜਾਣਗੇ ਜਿਨ੍ਹਾਂ ਵਿਚ 6 ਨਵੰਬਰ ਨੂੰ ਬਰੈਂਟਫ਼ੋਰਡ ਸਿਵਿਕ ਸੈਂਟਰ (79 ਮਾਰਕੀਟ ਸਟਰੀਟ, ਸਾਊਥ ਬਰੈਂਟਫ਼ੋਰਡ), 9 ਨਵੰਬਰ ਨੂੰ ਵੁੱਡਬਾਈਨ ਮਾਲ (500 ਰੈਕਸਡੇਲ ਬੁਲੇਵਾਰਡ, ਈਟੋਬੀਕੋ),10 ਨਵੰਬਰ ਨੂੰ ਓਨਟਾਰੀਓ ਖਾਲਸਾ ਦਰਬਾਰ (7080 ਡਿਕਸੀ ਰੋਡ, ਮਿਸੀਸਾਗਾ) ਅਤੇ ਐਨਕਾਸਟਰ ਡੋਨਰ ਸੈਂਟਰ (35 ਸਟੋਨ ਚਰਚ ਰੋਡ, ਐਨਕਾਸਟਰ), 17 ਨਵੰਬਰ ਨੂੰ ਵਿੰਨਸਰ ਡੋਨਰ ਸੈਂਟਰ (3909 ਗਰੈਂਡ ਮੈਰੇਸ ਰੋਡ, ਈਸਟ, ਵਿੰਡਸਰ) ਅਤੇ 24 ਨਵੰਬਰ ਨੂੰ ਕਿਚਨਰ/ਵਾਟਰਲੂ ਡੋਨਰ ਸੈਂਟਰ (94 ਬਰਿੱਜਪੋਰਟ ਰੋਡ, ਈਸਟ ਕਿਚਨਰ/ਵਾਟਰਲੂ ਲਗਾਏ ਜਾਣ ਵਾਲੇ ਕੈਂਪ ਸ਼ਾਮਲ ਹਨ।

ਇੱਥੇ ਇਹ ਜ਼ਿਕਰਯੋਗ ਹੈ ਕਿ 'ਸਿੱਖ ਨੇਸ਼ਨ' ਵੱਲੋਂ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ 1984 ਵਿਚ ਪਹਿਲੀ ਨਵੰਬਰ ਤੋਂ ਤਿੰਨ ਨਵੰਬਰ ਤੱਕ ਤਿੰਨ ਦਿਨ ਹੋਈ ਸਿੱਖਾਂ ਦੀ ਨਸਲਕੁਸ਼ੀ ਨੂੰ ਯਾਦ ਕਰਦਿਆਂ ਹਰ ਸਾਲ ਨਵੰਬਰ ਮਹੀਨੇ ਦੌਰਾਨ ਓਨਟਾਰੀਓ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ ਖ਼ੂਨ-ਦਾਨ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਸੈਂਕੜੇ ਖ਼ੂਨ-ਦਾਨੀ ਬੜੇ ਉਤਸ਼ਾਹ ਨਾਲ ਹਿੱਸਾ ਲੈਂ ਕੇ 'ਖ਼ੂਨ ਦਾ ਬਦਲਾ ਖ਼ੂਨ ਨਾਲ' ਸ਼ਾਂਤ-ਮਈ ਢੰਗ ਨਾਲ ਲੈਂਦੇ ਹਨ ਜਿਸ ਨਾਲ ਹਜ਼ਾਰਾਂ ਹੀ ਮਨੁੱਖੀ ਜਾਨਾਂ ਦਾ ਬਚਾਅ ਹੁੰਦਾ ਹੈ। ਸਿੱਖ ਨੇਸ਼ਨ ਵੱਲੋਂ ਲਗਾਏ ਗਏ ਇਨ੍ਹਾਂ ਕੈਂਪਾਂ ਵਿਚ ਇਕੱਤਰ ਕੀਤੇ ਗਏ ਖ਼ੂਨ ਦਾਨ ਨਾਲ 1999 ਤੋਂ ਲੈ ਕੇ ਹੁਣ ਤੀਕ 130,000 ਮਨੁੱਖੀ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ। 'ਸਿੱਖ ਨੇਸ਼ਨ' ਕੋਈ ਸੰਸਥਾ ਨਹੀਂ ਹੈ, ਸਗੋਂ ਇਹ ਵਾਲੰਟੀਅਰਾਂ ਦਾ ਇਕ ਗਰੁੱਪ ਹੈ ਜੋ ਹਰ ਸਾਲ ਇਹ ਵੱਡਮੁੱਲਾ ਉਪਰਾਲਾ ਕਰਦਾ ਹੈ ਅਤੇ 1984 ਵਿਚ ਸ਼ਹੀਦ ਹੋਏ ਸਿੱਖ ਸ਼ਹੀਦਾਂ ਦੀ ਯਾਦ ਇਸ ਵਿਲੱਖਣ ਤਰੀਕੇ ਨਾਲ ਮਨਾਉਂਦਾ ਹੈ।



3 ਨਵੰਬਰ ਦੇ ਖਾਲਸਾ ਕਮਿਊਨਿਟੀ ਸਕੂਲ ਵਿਚ ਲਗਾਏ ਗਏ ਕੈਂਪ ਦੀ ਇਹ ਵਿਸ਼ੇਸ਼ਤਾ ਰਹੀ ਕਿ ਇਸ ਵਿਚ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਅਤੇ ਰੀਜਨਲ ਕਾਊਂਸਲਰ ਗੁਰਪ੍ਰੀਤ ਢਿੱਲੋਂ ਨੇ ਵੀ ਸ਼ਿਰਕਤ ਕੀਤੀ ਅਤੇ ਰਾਜ ਗਰੇਵਾਲ ਨੂੰ ਖ਼ੂਨ-ਦਾਨ ਕਰਨ ਲਈ ਲੱਗਭੱਗ ਇਕ ਘੰਟਾ ਲਾਈਨ ਵਿਚ ਲੱਗ ਕੇ ਆਪਣੀ ਵਾਰੀ ਦੀ ਉਡੀਕ ਕਰਨੀ ਪਈ। ਇਸ ਵਿਚ ਡੋਨਰ ਏਨੀ ਗਿਣਤੀ ਵਿਚ ਆਏ ਕਿ ਖ਼ੂਨ ਇਕੱਤਰ ਕਰਨ ਵਾਲੀ ਟੀਮ ਕੋਲ ਲੋੜੀਂਦੇ ਸਾਜ਼-ਸਮਾਨ ਦੀ ਘਾਟ ਹੋ ਗਈ ਕਿ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਅਗਲੇਰੇ ਲਗਾਏ ਜਾ ਰਹੇ ਕੈਂਪਾਂ ਵਿਚ ਆਉਣ ਲਈ ਬੇਨਤੀ ਕੀਤੀ ਗਈ।

# ਨਿਊਜ਼ੀਲੈਂਡ ਸਰਕਾਰ ਅਸਥਾਈ ਵੀਜ਼ੇ ਵਾਲੇ ਪ੍ਰਵਾਸੀਆਂ ਦੇ ਸ਼ੋਸਣ ਲਈ ਵਰਤੇ ਜਾਂਦੇ ਜੁਗਾੜਾਂ ਦੀ ਕਰੇਗੀ ਡੂੰਘੀ ਖੋਜ਼

ਆਕਲੈਂਡ 6 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਦੇ ਵਿਚ ਪ੍ਰਵਾਸੀਆਂ ਦੀ ਆਮਦ ਸੈਂਕੜੇ ਸਾਲਾਂ ਤੋਂ ਹੈ,ਇਥੇ ਕੁਝ ਪੱਕੇ ਹੁੰਦੇ ਹਨ ਅਤੇ ਕੁਝ ਕੱਚੇ। ਕੱਚਿਆਂ ਪ੍ਰਵਾਸੀਆਂ ਦੀਆਂ ਮੁਸੀਬਤਾਂ ਅਤੇ ਮੁਸ਼ਕਿਲਾਂ ਦੀ ਲਿਸਟ ਵਿਚ ਕੰਮ ਵਾਲੀਆਂ ਥਾਵਾਂ ਉਤੇ ਸ਼ੋਸਣ ਮੁੱਖ ਹੈ। ਜਦੋਂ ਦੇ ਏਸ਼ੀਅਨ ਦੇਸ਼ਾਂ ਵਾਲੇ ਵਧੇ ਹਨ ਉਨ੍ਹਾਂ ਦੇ ਜੁਗਾੜ ਸਰਕਾਰ ਨੂੰ ਸ਼ਸ਼ੋਪੰਜ ਵਿਚ ਪਾਈ ਰੱਖਦੇ ਹਨ ਕਿ ਗਲਤੀ ਕਿੱਥੇ ਹੋ ਰਹੀ ਹੈ ? ਅਤੇ ਕਿਵੇਂ ਕਾਬੂ ਪਾਇਆ ਜਾਵੇ? ਪਰ ਫਿਰ ਕੋਈ ਨਾ ਕੋਈ ਹੋਰ ਰਸਤਾ ਲੱਭ ਲਿਆ ਜਾਂਦਾ ਹੈ। ਹੁਣ ਸਰਕਾਰ ਨੇ ਐਲਾਨ ਕੀਤਾ ਹੈ ਕਿ ਸਰਕਾਰ ਆਕਲੈਂਡ ਯੂਨੀਵਰਸਿਟੀ ਅਤੇ ਮਨਿਸਟਰੀ ਆਫ ਬਿਜ਼ਨਸ, ਇਨੋਵੇਸ਼ਨ ਅਤੇ ਇੰਪਲਾਇਮੈਂਟ ਕੋਲੋਂ ਸ਼ੋਸਣ ਕਰਨ ਵਾਲੇ ਜੁਗੜਾਂ ਦੀ ਡੂੰਘੀ ਖੋਜ ਕਰਵਾਏਗੀ ਤਾਂ ਕਿ ਪਤਾ ਲੱਗ ਸਕੇ ਕਿ ਕਹਾਣੀ ਕਿੱਥੇ ਅਤੇ ਕਿਵੇਂ ਵਿਗੜਦੀ ਹੈ। ਅੱਜ ਇਕ ਯੂਨੀਅਨ ਦੇ ਨਾਲ ਮੀਟਿੰਗ ਦੌਰਾਨ ਇਮੀਗ੍ਰੇਸ਼ਨ ਮੰਤਰੀ ਨੇ ਇਹ ਗੱਲ ਕਹੀ ਹੈ। ਇਸ ਮੀਟਿੰਗ ਦੇ ਵਿਚ ਵਰਕ ਪਾਸਪੋਰਟ ਜੋ ਕਿ ਪ੍ਰਵਾਸੀ ਕਾਮਿਆਂ ਲਈ ਗਾਈਡ ਹੈ, ਬਾਰੇ ਵੀ ਐਲਾਨ ਕੀਤਾ ਗਿਆ। ਖੋਜ ਕਾਰਜਾਂ ਦੇ ਵਿਚ ਪ੍ਰਵਾਸੀ ਕਾਮਿਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਿਚਾਰ ਲਏ ਜਾਣਗੇ ਤੇ ਘੁੰਡੀਆ ਪੁੱਛੀਆਂ ਜਾਣਗੀਆਂ।




Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



“Quality is our strength.”
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh Lic. Auto Body Technician/Lic. Mec.
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878. www.skydomeauto.ca

# ਨਵੰਬਰ 1984 ਵਿਚ ਹੋਈ ਸਿੱਖ ਨਸਲਕੁਸ਼ੀ ਨੂੰ ਐੱਮ.ਪੀ.ਪੀ. ਗੁਰਰਤਨ ਸਿੰਘ ਨੇ ਕੀਤਾ ਯਾਦ

ਕੁਈਨਜ਼ ਪਾਰਕ, (ਡਾ. ਝੰਡ) - ਬਰੈਂਪਟਨ ਈਸਟ ਦੇ ਐੱਮ.ਪੀ.ਪੀ. ਗੁਰਰਤਨ ਸਿੰਘ ਨੇ ਇਸ ਹਫ਼ਤੇ ਕੁਈਨਜ਼ ਪਾਰਕ ਵਿਖੇ ਅਸੈਂਬਲੀ ਹਾਲ 'ਚ ਦਿੱਲੀ ਵਿਚ ਨਵੰਬਰ 1984 ਵਿਚ ਭੀੜ ਵੱਲੋਂ ਸਿੱਖਾਂ ਦੇ ਕੀਤੇ ਗਏ ਵੱਡੀ ਪੱਧਰ 'ਤੇ ਕੀਤੇ ਗਏ ਕਤਲੇਆਮ ਜਿਸ ਵਿਚ ਤਿੰਨ ਹਜ਼ਾਰ ਤੋਂ ਵਧੇਰੇ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਬਾਰੇ ਜ਼ੋਰਦਾਰ ਆਵਾਜ਼ ਉਠਾਈ।



ਇਸ ਮੌਕੇ ਜਾਰੀ ਆਪਣੇ ਬਿਆਨ ਵਿਚ ਉਨ੍ਹਾਂ ਕਿਹਾ,"ਸਿੱਖਾਂ ਦਾ ਏਨੀ ਵੱਡੀ ਗਿਣਤੀ ਵਿਚ ਹੋਇਆ ਇਹ ਕਤਲੇਆਮ ਉਨ੍ਹਾਂ ਨੂੰ ਬੜੇ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾ ਕੇ ਕੀਤਾ ਗਿਆ। ਭੜਕੀ ਹੋਈ ਭੀੜ ਉਨ੍ਹਾਂ ਦਿਨਾਂ ਵਿਚ ਦਿੱਲੀ ਦੀਆਂ ਗਲੀਆਂ ਵਿਚ ਦਨਦਨਾਉਂਦੀ ਹੋਈ ਸਿੱਖਾਂ ਨੂੰ ਆਪਣੀ ਹਿੰਸਾ ਦਾ ਸ਼ਿਕਾਰ ਬਣਾ ਰਹੀ ਸੀ। ਇਸ ਵਿਚ ਹਜ਼ਾਰਾਂ ਹੀ ਸਿੱਖ ਮਾਰੇ ਗਏ ਅਤੇ ਕਈ ਹੋਰ ਹਜ਼ਾਰਾਂ ਭੀੜ ਵੱਲੋਂ ਲੁੱਟ-ਪੁੱਟ ਲਏ ਗਏ। ਉਨ੍ਹਾਂ ਦੇ ਘਰ ਸਾੜ ਦਿੱਤੇ ਗਏ ਅਤੇ ਸਿੱਖ-ਬੀਬੀਆਂ ਦੀ ਬੇਪੱਤੀ ਕੀਤੀ ਗਈ। ਇਹ ਘਿਨੌਣਾ ਕਾਰਾ ਉਸ ਸਮੇਂ ਭਾਰਤ ਦੀ ਕਾਂਗਰਸ ਸਰਕਾਰ ਦੀ ਸ਼ਹਿ ਨਾਲ ਹੋਇਆ। ਅੱਜ 34 ਸਾਲ ਬੀਤ ਜਾਣ ਬਾਅਦ ਵੀ ਸਿੱਖ ਕੌਮ ਨੂੰ ਇਨਸਾਫ਼ ਨਹੀਂ ਮਿਲਿਆ ਅਤੇ ਇਸ ਕਤਲੇਆਮ ਦੇ ਕਾਤਲ ਸ਼ਰੇਆਮ ਆਜ਼ਾਦ ਘੁੰਮ ਰਹੇ ਹਨ।" ਉਨ੍ਹਾਂ ਕਿਹਾ ਕਿ ਦੇਸ਼ ਦੀ ਨਿਆਂ-ਪ੍ਰਣਾਲੀ ਵੱਲੋਂ ਸਿੱਖ ਕੌਮ ਨੂੰ ਨਿਆਂ ਨਾ ਦੇ ਸਕਣ ਕਾਰਨ ਹੀ ਭਾਰਤ ਸਰਕਾਰ ਅਜਿਹੀਆਂ ਹੋਰ ਹਿੰਸਕ ਘਟਨਾਵਾਂ ਉੱਪਰ ਕਾਬੂ ਪਾਉਣ ਵਿਚ ਅਸਮਰੱਥ ਹੈ।

ਆਪਣੀ ਗੱਲ ਜਾਰੀ ਰੱਖਦਿਆਂ ਗੁਰ-ਰਤਨ ਸਿੰਘ ਨੇ ਦੱਸਿਆ ਕਿ ਇਹ ਸਮੂਹਿਕ-ਹਿੰਸਾ ਕਿਵੇਂ ਅੱਜ ਭਾਰਤ ਵਿਚ ਪੈਰ ਪਸਾਰਦਿਆਂ ਹੋਇਆਂ ਖ਼ਤਰਨਾਕ ਹੱਦ ਤੀਕ ਪਹੁੰਚ ਗਈ ਹੈ। ਮਸ਼ਹੂਰ ਅਮਰੀਕੀ ਅਖ਼ਬਾਰ 'ਵਾਸ਼ਿੰਗਟਨ ਪੋਸਟ' ਦੇ ਹਵਾਲੇ ਨਾਲ ਉਨ੍ਹਾਂ ਕਿਹਾ,"ਹਿਊਮਨ ਰਾਈਟਸ ਵਾਚ ਨੇ ਭਾਰਤ ਵਿਚ ਹੋ ਰਹੀਆਂ ਹਿੰਸਕ ਵਾਰਦਾਤਾਂ ਬਾਰੇ ਰਿਪੋਰਟ ਵਿਚ ਦੱਸਿਆ ਹੈ ਕਿ ਇਨ੍ਹਾਂ ਨੇ ਹੁਣ ਘੱਟ ਗਿਣਤੀਆਂ ਜਿਵੇਂ ਮੁਸਲਮਾਨਾਂ, ਕ੍ਰਿਸਚਨਾਂ ਅਤੇ ਦਲਿਤਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇੱਥੋਂ ਤੀਕ ਕਿ ਜਰਨਲਿਸਟ, ਹਿਊਮਨ ਰਾਈਟਸ ਵਕੀਲ ਅਤੇ ਕਾਰਕੁੰਨ ਵੀ ਇਸ ਦੇ ਸ਼ਿਕਾਰ ਬਣ ਰਹੇ ਹਨ।" ਉਨ੍ਹਾਂ ਹੋਰ ਦੱਸਿਆ,"ਹਿਊਮਨ ਰਾਈਟਸ ਵਾਚ ਦੀ ਇਕ ਹੋਰ ਰਿਪੋਰਟ ਅਨੁਸਾਰ 1984 ਵਾਂਗ ਹੁਣ ਵੀ ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਪਾਰਟੀ ਬੀ.ਜੇ.ਪੀ. ਵੱਲੋਂ ਹਿੰਸਾ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਆਪਣੀ ਗੱਲ ਨੂੰ ਸਮੇਟਦਿਆਂ ਉਨ੍ਹਾਂ ਕਿਹਾ ਕਿ ਸਾਨੂੰ 1984 ਵਿਚ ਹੋਈ ਸਿੱਖਾਂ ਦੀ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ਼ ਦਿਵਾ ਕੇ ਭਾਰਤ ਵਿਚ ਹੋ ਰਹੀਆਂ ਅਜੋਕੀਆਂ ਸਮੂਹਿਕ ਹਿੰਸਕ ਕਾਰਵਾਈਆਂ ਉੱਪਰ ਨੱਥ ਪਾਉਣ ਲਈ ਆਵਾਜ਼ ਉਠਾਉਣੀ ਚਾਹੀਦੀ ਹੈ।

# ਚੋਣਾਂ ਵਿਚ ਜੇਤੂ ਪੰਜਾਬੀ ਉਮੀਦਵਾਰਾਂ ਨੂੰ ਦਿੱਤੀ ਗਈ ਚਾਹ-ਪਾਰਟੀ



ਬਰੈਂਪਟਨ, (ਡਾ. ਝੰਡ) -ਸਪਰਿੰਗਡੇਲ ਸੰਨੀਮੈਡੋ ਸੀਨੀਅਰਜ਼ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਤੋਂ ਪ੍ਰਾਪਤ ਸੂਚਨਾ ਅਨੁਸਾਰ ਬੀਤੇ ਸ਼ੁੱਕਰਵਾਰ ਨੂੰ ਕਲੱਬ ਦੇ ਮੈਂਬਰਾਂ ਵੱਲੋਂ ਬਰੈਂਪਟਨ ਮਿਊਨਿਸਿਪਲ ਚੋਣਾਂ ਵਿਚ ਜਿੱਤਣ ਵਾਲੇ ਤਿੰਨਾਂ ਪੰਜਾਬੀ ਉਮੀਦਵਾਰਾਂ ਨੂੰ ਸੰਨੀਮੈਡੋ ਨੇੜਲੇ ਪਾਰਕ ਵਿਚ ਬੁਲਾ ਕੇ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਦੇ ਨਾਲ ਮਿਲ ਕੇ ਚਾਹ-ਪਾਰਟੀ ਦਾ ਲੁਤਫ਼ ਲਿਆ ਗਿਆ। ਕਲੱਬ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਵੱਲੋਂ ਉਨ੍ਹਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦਾ ਸੁਆਗਤ ਕਰਨ ਉਪਰੰਤ ਪ੍ਰਧਾਨ ਜੀ ਵੱਲੋਂ ਰਸਮੀ ਤੌਰ 'ਤੇ ਉਨ੍ਹਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਭਾਵੇਂ ਕਿ ਬਹੁਤੇ ਮੈਂਬਰ ਉਨ੍ਹਾਂ ਦੇ ਨਾਵਾਂ ਅਤੇ ਪਿਛਲੇ ਸਮੇਂ ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਤੋਂ ਪਹਿਲਾਂ ਹੀ ਵਾਕਫ਼ ਸਨ। ਜ਼ਿਕਰਯੋਗ ਹੈ ਕਿ ਇਨ੍ਹਾਂ ਚੋਣਾਂ ਵਿਚ ਬਰੈਂਪਟਨ ਵਿੱਚੋਂ ਕੇਵਲ ਵਾਰਡ ਨੰਬਰ 9-10 ਤੋਂ ਹੀ ਤਿੰਨ ਉਮੀਦਵਾਰ ਜਿੱਤ ਹਾਸਲ ਕਰ ਸਕੇ ਹਨ ਅਤੇ ਇਹ ਹਨ, ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕਾਊਂਸਲਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਬਲਬੀਰ ਸੋਹੀ। ਸਪਰਿੰਗਡੇਲ ਏਰੀਏ ਵਜੋਂ ਜਾਣੇ ਜਾਂਦੇ ਇਸ ਵਾਰਡ ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਹੈ ਅਤੇ ਇਨ੍ਹਾਂ ਦੇ ਮੁਕਾਬਲੇ ਵਿਚ ਹਾਰਨ ਵਾਲੇ ਬਹੁਤੇ ਉਮੀਦਵਾਰ ਵੀ ਪੰਜਾਬੀ ਹੀ ਸਨ। ਬਹੁ-ਗਿਣਤੀ ਵਿਚ ਪੰਜਾਬੀਆਂ ਦੀ ਵਸੋਂ ਹੋਣ ਕਾਰਨ ਕਈ ਇਸ ਏਰੀਏ ਨੂੰ ਕਈ ਮਜ਼ਾਕ ਨਾਲ 'ਸਿੰਘਡੇਲ ਏਰੀਆ' ਵੀ ਕਹਿ ਦਿੰਦੇ ਹਨ।

ਚਾਹ-ਪਾਣੀ ਛਕਣ ਤੋਂ ਬਾਅਦ ਤਿੰਨਾਂ ਮਹਿਮਾਨਾਂ ਅਤੇ ਕਲੱਬ ਦੇ ਮੈਂਬਰਾਂ ਨੂੰ ਸੰਬੋਧਨ ਹੁੰਦਿਆਂ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਨੇ ਪਾਰਕ ਨੂੰ ਹੋਰ ਸੁੰਦਰ ਤੇ ਉਪਯੋਗੀ ਬਨਾਉਣ ਨਾਲ ਸਬੰਧਿਤ ਕਈ ਮੰਗਾਂ ਅਤੇ ਸੁਝਾਅ ਵੀ ਰੱਖੇ ਜਿਨ੍ਹਾਂ ਬਾਰੇ ਰੀਜਨਲ ਕਾਊਂਸਲਰ ਅਤੇ ਸਿਟੀ ਕਾਊਸਲਰ ਵੱਲੋਂ ਪੂਰਾ ਹੁੰਗਾਰਾ ਦਿੱਤਾ ਗਿਆ। ਅਖ਼ੀਰ ਵਿਚ ਚੇਅਰਮੈਨ ਜੋਗਿੰਦਰ ਸਿੰਘ ਵੱਲੋਂ ਆਏ ਮਹਿਮਾਨਾਂ ਤੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਐੱਮ ਪੀ ਕਮਲ ਖੈਰਾ ਨਾਲ ਸੇਵਾਦਲ ਦੇ ਵਫ਼ਦ ਦੀ ਮੀਟਿੰਗ

ਬੀਤੇ ਸ਼ੁਕਰਵਾਰ 2 ਨਵੰਬਰ 2018 ਨੂੰ ਸੇਵਾਦਲ ਦਾ ਇਕ ਵਫਦ ਮੈਡਮ ਕਮਲ ਖੈਰਾ ਨੂੰ ਉਸਦੇ ਦਫਤਰ ਵਿਚ ਮਿਲਿਆ ਜਿਸ ਵਿਚ ਪੈਰਟੀ ਸੀਨੀਅਰ ਕਲੱਬ ਦੇ ਮੈਂਬਰ ਵੀ ਸ਼ਾਮਲ ਸਨ। ਮੁਦਾ ਸੀ ਸੀਨੀਅਰਜ਼ ਦੇ ਕੁਨਸਰਨ ਡਿਸਕਸ ਕਰਨਾ। ਬਰੈਂਪਟਨ ਯੁਨੀਵਰਸਟੀ ਦਾ ਪਲੈਨ ਕੈਂਸਲ ਕਰ ਦੇਣ ਬਾਰੇ ਪ੍ਰੀਮੀਅਰ ਡਗ ਫੋਰਡ ਦੇ ਫੈਸਲੇ ਦੀ ਨਿੰਦਾ ਕੀਤੀ ਗਈ। ਭਾਵੇਂ ਇਹ ਮਸਲਾ ਕੇਂਦਰ ਸਰਕਾਰ ਦਾ ਨਹੀਂ ਸੀ ਜਿਸ ਵਾਸਤੇ ਕਮਲ ਖੈਰਾ ਨਾਲ ਗਲ ਕਰਨ ਦਾ ਕੋਈ ਤੁਕ ਬਣਦਾ ਸੀ ਪਰ ਬੀਬੀ ਜੀ ਨੇ ਦਸਿਆ ਕਿ ਅਸੀਂ ਚੁਪ ਨਹੀਂ ਬੈਠੇ ਹੋਏ ਸਾਰੇ ਐਮਪੀ ਇਕ ਜੁਟ ਹੋਕੇ ਇਸ ਨਾਵਾਜੁਬ ਫੈਸਲੇ ਉਪਰ ਸਟਰੈਟਜੀ ਬਣਾ ਰਹੇ ਹਾਂ। ਉਨ੍ਹਾ ਅਫਸੋਸ ਜਾਹਰ ਕੀਤਾ ਕਿ ਬਰੈਂਪਟਨ ਵਾਸੀਆ ਦੀ ਪਿਛਲੇ 6,7 ਸਾਲਾਂ ਦੀ ਜਦੋ ਜਹਿਦ ਨੂੰ ਖਟਾਈ ਵਿਚ ਪਾ ਦਿਤਾ ਗਿਆ ਹੈ। ਲੋਕ ਆਪਣੀਆ ਗਲਤੀਆ ਦਾ ਖੁਦ ਖਮਿਆਜਾ ਭੁਗਤਦੇ ਹਨ। ਜੇਕਰ ਲਿਬਰਲ ਸਰਕਾਰ ਬਣੀ ਰਹਿੰਦੀ ਤਾਂ ਇਸ ਤਰ੍ਹਾ ਨਹੀਂ ਸੀ ਹੋਣਾ। ਜਦ ਕੰਬੋਜ ਸਾਹਿਬ ਨੇ ਸੁਆਲ ਕੀਤਾ ਕਿ ਲਿਬਰਲਾਂ ਨੇ ਸਾਰਾ ਕੁਝ ਆਪਣੇ ਕਾਰਜ ਕਾਲ ਵਿਚ ਕਿਓ ਨਾ ਕੀਤਾ ਤਾਂ ਬੀਬੀ ਜੀ ਦਾ ਜਵਾਬ ਸੀ ਕਿ ਐਹੋ ਜਹੇ ਵਡੇ ਪਰਜੈਕਟ, ਫੇਜ਼ ਵਾਈਜ਼ ਕੀਤੇ ਜਾਂਦੇ ਹਨ। ਝਟ ਵਿਚ ਸਭ ਕੁਝ ਨਹੀਂ ਹੋ ਸਕਦਾ ਹੁੰਦਾ। ਕੰਬੋਜ ਸਾਹਿਬ ਨੇ ਇਕ ਨਵੇਂ ਹਸਪਤਾਲ ਲਈ ਦਿਤੀ ਪਟੀਸ਼ਨ ਬਾਰੇ ਵੀ ਗਲ ਦਸੀ।

ਜਦ ਉਨਹਾ ਨਾਲ ਫਾਰਨ ਇਨਕਮ ਦੀ ਗਲ ਕੀਤੀ ਤਾਂ ਉਨ੍ਹਾ ਹੈਰਾਨੀ ਜਤਾਈ ਕਿ ਤੁਸੀਂ ਕੁਝ ਮੰਗ ਰਹੇ ਹੋ ਅਤੇ ਕੁਝ ਹੋਰ ਕਲੱਬਾਂ ਵਾਲੇ ਕੁਝ ਵੱਖ ਕਹਿ ਰਹੇ ਹਨ। ਉਨ੍ਹਾ ਦਸਿਆ ਕਿ ਇਕ ਲੱਖ ਡਾਲਰ ਪਰਾਪਰਟੀ ਦੀ ਕੀਮਤ ਤਾਂ ਇਕ ਲੱਖ ਤੋਂ ਵਧਾਕੇ ਢਾਈ ਲੱਖ ਕੀਤੀ ਜਾ ਹੀ ਚੁਕੀ ਹੈ ਪਰ ਜੋ ਤੁਸੀਂ ਘਟੋ ਘਟ ਵਿਦੇਸ਼ੀ ਆਮਦਣ ਦੀ ਰੇਂਜ ਸੈਟ ਕਰਨ ਦੀ ਗਲ ਕਰਦੇ ਹੋ, ਇਸ ਬਾਰੇ ਮਨਿਸਟਰੀ ਨਾਲ ਸਾਡੇ ਅਤੇ ਤੁਹਾਡੇ ਦੋਨੋ ਲੈਵਲ ਤੇ ਗਲ ਕਰਨੀ ਬਣਦੀ ਹੈ। ਸੇਵਾਦਲ ਵਲੋਂ ਕੀ ਕਰਨਾ



ਬਣਦਾ ਹੈ ਦੀ ਤਜ਼ਵੀਜ਼ ਉਨ੍ਹਾ ਦਸੀ। ਕੈਪਟਨ ਇਕਬਾਲ ਸਿੰਘ ਵਿਰਕ ਨੇ ਵਿਜ਼ਟਰ ਵੀਜ਼ਿਆਂ ਬਾਰੇ ਗਲ ਕਰਦਿਆ ਹੈਰਾਨੀ ਜਾਹਰ ਕੀਤੀ ਕਿ ਸਟੂਡੈਂਟਸ ਦੇ ਮਾਪਿਆ ਨੂੰ ਤਾਂ 10, 10 ਸਾਲ ਦੇ ਵੀਜ਼ੇ ਅਸਾਨੀ ਨਾਲ ਮਿਲ ਰਹੇ ਹਨ ਜੋ ਕਿ ਨਾਨ ਇਮੀਗ੍ਰੈਂਟਸ ਬਚਿਆ ਦੇ ਸਦੇ ਹੁੰਦੇ ਹਨ। ਪਰ ਕਨੇਡੀਅਨ ਸਿਟੀਜ਼ਨਜ਼ ਦੇ ਰਿਸ਼ਤੇਦਾਰਾ ਨੂੰ ਵਿਜ਼ਟਰ ਵੀਜ਼ਾ ਦੇਣ ਵੇਲੇ ਅੜਚਣਾ ਪੈਦਾ ਕੀਤੀਆਂ ਜਾ ਰਹੀਆਂ ਹਨ, ਜਦਕਿ ਸਿਟੀਜ਼ਨ ਲੋਕਾਂ ਨੇ ਕਈ ਕਈ ਸਾਲ ਸਰਕਾਰ ਨੂੰ ਟੈਕਸ ਦਿਤਾ ਹੁੰਦਾ ਹੈ। ਬੀਬੀ ਜੀ ਦਾ ਜਵਾਬ ਸੀ ਕਿ ਇਹ ਵਖ ਵਖ ਕੈਟੇਗਰੀਆਂ ਕਾਰਣ ਹੋ ਰਿਹਾ ਹੈ। ਇਸ ਬਾਰੇ ਨਵੇਂ ਦਿਸ਼ਾ ਨਿਰਦੇਸ਼ ਦਿਤੇ ਜਾ ਰਹੇ ਹਨ। ਕਿਸੇ ਹੋਰ ਤਫਸੀਲ ਲਈ ਫੋਨ ਹਨ 905 794 7882 ਜਾਂ 647 631 9445

# ਲਾਵਾਰਸਾਂ-ਅਪਾਹਜਾਂ ਦੀ ਸੇਵਾ ਨੂੰ ਸਮਰਪਿਤ ਡਾ. ਮਾਂਗਟ 16 ਤੋਂ 19 ਨਵੰਬਰ ਤੱਕ ਬਰੈਂਪਟਨ-ਮਿਸੀਸਾਗਾ 'ਚ



ਸੜਕ ਕਿਨਾਰੇ ਇੱਕ ਲਾਵਾਰਸ ਬਿਮਾਰ ਨੂੰ ਚੁੱਕਦੇ ਹੋਏ ਡਾ. ਮਾਂਗਟ।

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ "ਗੁਰੂ ਅਮਰਦਾਸ ਅਪਾਹਜ ਆਸ਼ਰਮ" ਦੇ ਸੇਵਾਦਾਰ ਡਾ. ਨੌਰੰਗ ਸਿੰਘ

ਮਾਂਗਟ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ 16 ਤੋਂ 19 ਨਵੰਬਰ ਤੱਕ ਸਿੰਘ ਸਭਾ ਗੁਰਦੁਵਾਰਾ ਮਾਲਟਨ ਵਿਖੇ ਪਹੁੰਚ

ਰਹੇ ਹਨ ।ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ ਵਿੰਡਸਰ ਅਤੇ ਮੌਰੀਸਨ ਸਾਇੰਟਿਫਿਕ ਕੈਲਗਰੀ ਵਿੱਚ ਰਹਿ ਚੁੱਕੇ ਸਟੈਟਿਸਟਿਕਸ ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਮਾਂਗਟ ਨੇ ਕਈ ਸਾਲ ਸਾਇਕਲ ਤੇ ਫਿਰਕੇ ਲੁਧਿਆਣਾ ਸ਼ਹਿਰ ਵਿੱਚ ਸੜਕਾਂ ਕੰਢੇ ਪਏ ਬਿਮਾਰੀਆਂ ਨਾਲ ਪੀੜਤ ਗ਼ਰੀਬ, ਬੇਘਰ, ਬੇਸਹਾਰਾ, ਲਾਵਾਰਸਾਂ, ਅਪਾਹਜਾਂ ਦੀ ਸੇਵਾ ਵੀ ਕੀਤੀ ਅਤੇ ਅਜਿਹੇ ਬੇਸਹਾਰਾ ਲੋੜਵੰਦਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਸੰਗਤਾਂ ਦੇ ਸਹਿਯੋਗ ਨਾਲ ਸਰਾਭਾ-ਸਹੌਲੀ-ਅੱਬੂਵਾਲ ਪਿੰਡਾਂ ਦੇ ਵਿਚਕਾਰ ਦੋ ਮੰਜ਼ਲਾ "ਗੁਰੂ ਅਮਰਦਾਸ ਅਪਾਹਜ ਆਸ਼ਰਮ" ਤਿਆਰ ਕਰਵਾਇਆ । ਇਹ ਇੱਕ ਰਜਿਸਟਰਡ ਅਤੇ ਚੈਰੀਟੇਬਲ ਸੰਸਥਾ ਹੈ । ਸਾਰੀ ਜਮੀਨ-ਜਾਇਦਾਦ ਆਸ਼ਰਮ ਦੇ ਨਾਮ ਹੈ। ਇਸ ਆਸ਼ਰਮ ਵਿੱਚ 85-90 ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਅਧਰੰਗ ਦੀ ਬਿਮਾਰੀ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਲੋੜਵੰਦ ਰਹਿੰਦੇ ਹਨ । ਇਹਨਾਂ ਵਿੱਚੋਂ 20-22 ਅਜਿਹੇ ਹਨ ਜਿਹੜੇ ਪੂਰੀ ਹੋਸ਼-ਹਵਾਸ਼ ਨਾ ਹੋਣ ਕਾਰਨ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ । ਆਸ਼ਰਮ ਵਿੱਚ ਰਹਿਣ ਵਾਲੇ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮਿਲਦੀ ਹੈ । ਕਿਸੇ ਵੀ ਲੋੜਵੰਦ ਕੋਲੋਂ ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਹੋਰ ਜਾਣਕਾਰੀ ਲਈ ਡਾ. ਮਾਂਗਟ ਨਾਲ ਕੈਨੇਡਾ ਵਿੱਚ ਸੈੱਲ 403-401-8787 ਤੇ, ਇੰਡੀਆ ਵਿੱਚ ਮੋਬਾਇਲ 95018-42505 ਤੇ ਜਾਂ ਈ-ਮੇਲ nsmangat14@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਪੱਚੀਵਾਂ ਸਾਲਾਨਾ ਭੋਜ ਤੇ ਸੱਭਿਆਚਾਰਕ ਨਾਈਟ 10 ਨੂੰ



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਟੋਰਾਂਟੋ ਵਸਦੇ ਸਾਬਕਾ ਵਿਦਿਆਰਥੀਆਂ, ਕਰਮਚਾਰੀਆਂ, ਅਧਿਕਾਰੀਆਂ ਦਾ ***"ਪੱਚੀਵਾਂ ਸਾਲਾਨਾ ਭੋਜ ਅਤੇ ਸਭਿਆਚਾਰਕ ਨਾਈਟ" ਮਿਤੀ 10 ਨਵੰਬਰ, 2018 ਦਿਨ ਸ਼ਨਿਚਰਵਾਰ, ਸਪਰੈਨਜ਼ਾ ਬੈਂਨਕੁਐਟ ਹਾਲ, 510 ਡੀਅਰਹਰਸਟ ਡਰਾਈਵ, ਬਰੈਂਮਪਟਨ*** ਵਿਖੇ ***ਸ਼ਾਮ 6:00 ਵਜੇ ਤੋਂ ਲੈ ਕੇ ਰਾਤ 11*** ਵਜੇ ਤੱਕ ਆਯੋਜਿਤ ਕੀਤੀ ਜਾ ਰਹੀ ਹੈ। ਜਿਸ ਵਿੱਚ ਹਮੇਸ਼ਾਂ ਦੀ ਤਰਾਂ ਸ਼ੁਰੂਆਤ ਵਧੀਆ ਚਾਹ ਪਕੌੜਿਆਂ ਨਾਲ ਹੁੰਦੀ ਹੈ ਅਤੇ ਫਿਰ ਸ਼ਾਮ ਗੀਤਾਂ, ਗ਼ਜ਼ਲਾਂ, ਚੁਟਕਲਿਆਂ ਅਤੇ ਗਿੱਧੇ ਭੰਗੜੇ ਨਾਲ ਸਮਾਪਤ ਹੁੰਦੀ ਹੈ। ਪੀ ਏ ਯੂ ਨਾਲ ਸੰਬੰਧਿਤ ਸਾਰੇ ਸੱਜਣਾ ਨੂੰ ਬੇਨਤੀ ਹੈ ਕੇ ਆਉ ਆਪਣੇ ਨਵੇਂ ਪੁਰਾਣੇ ਦੋਸਤਾਂ/ਮਿੱਤਰਾਂ ਨਾਲ ਮਿਲ ਬੈਠ ਇੱਕ ਵਾਰ ਫਿਰ ਸਾਡੀ ਪੀ ਏ ਯੂ ਦੀਆਂ ਯਾਦਾਂ ਸਾਂਝੀਆਂ ਕਰੀਏ।

ਕਿਸੇ ਵੀ ਕਿਸਮ ਦੀ ਵਧੇਰੇ ਜਾਣਕਾਰੀ ਲਈ ਹਰਬੰਸ ਸਿੰਘ ਬਰਾੜ 905-678-2240 ਜਾਂ ਪਰਮਜੀਤ ਸਿੰਘ ਬਿਰਦੀ 416-666-1919 ਜਾਂ ਕੰਵਰ ਜਸਵੀਰ ਮਾਂਗਟ 416-471-5204, ਜਸਵੰਤ ਕੰਬੋਜ 416-567-4416 ਤੇ ਸੰਪਰਕ ਕੀਤਾ ਜਾ ਸਕਦਾ ਹੈ।

Jobs Jobs Jobs

General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

ੴ ਸਤਿਗੁਰੂ ਪ੍ਰਸਾਦਿ


ਗੁਰੂਦੁਆਰਾ ਸਿੱਖ ਸਪਿਰਚੂਅਲ ਸੈਂਟਰ, ਰੈਕਸਡੇਲ

ਬਰਸੀ ਸਮਾਗਮ

ਧੰਨ ਧੰਨ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁਸ਼ਿਆਰਪੁਰ ਦੀ ਸਮੂਹ ਸਾਧ ਸੰਗਤ ਵਲੋਂ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ ਬਰਸੀ ਸਮਾਗਮ ਕਰਵਾਏ ਜਾ ਰਹੇ ਹਨ। ਇਹ ਬਰਸੀ ਸਮਾਗਮ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਵਿਖੇ ਹੋਣਗੇ।

ਜਿਸ ਦੇ ਸੰਦਰਭ ਵਿੱਚ 16 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 18 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਭੋਗ ਪੈਣਗੇ, ਉਪਰੰਤ ਦਰਬਾਰ ਸਜਾਏ ਜਾਣਗੇ, ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਵੇਗਾ।



ਸਮੂਹ ਹੁਸ਼ਿਆਰਪੁਰ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਦੀ ਹੈ ਕਿ ਇਸ ਸਮਾਗਮ ਵਿੱਚ ਹੁੰਮ ਹੁਮਾ ਕੇ ਪਹੁੰਚੋ ਜੀ

9 Carrier Drive Toronto, ON M9V 4B2

ਜਿਆਦਾ ਜਾਣਕਾਰੀ ਲਈ ਰਾਜੀਵ ਸਿੰਘ 647 280 6041
ਸੁਰਿੰਦਰ ਸਿੰਘ ਗਿੱਲ 416 677 4455
ਮਹਿੰਦਰ ਸਿੰਘ ਜੱਜ 647 296 4851 ਤੇ ਸੰਪਰਕ ਕਰੋ



# ਸੰਪਾਦਕੀ

## ਜੀ 7 ਸੰਮੇਲਨ ਦੀਆਂ ਗੱਡੀਆਂ ਦੇ ਖੰਭਾਂ ਦਾ ਟੁੱਟਣਾ

ਪਾਠਕਾਂ ਨੂੰ ਭਲੀਭਾਂਤ ਚੇਤੇ ਹੋਵੇਗਾ ਕਿ 44ਵਾਂ ਜੀ 7 ਸਿਖ਼ਰ ਸੰਮੇਲਨ ਇਸ ਸਾਲ 8 ਅਤੇ 9 ਜੂਨ ਨੂੰ ਕਿਉਬਿੱਕ ਦੇ ਨਿੱਕੇ ਜਿਹੇ ਕਸਬੇ ਲਾ-ਮਾਲਬਾਈ ( La Malbaie) ਵਿੱਚ ਹੋਇਆ ਸੀ। 600 ਮਿਲੀਅਨ ਡਾਲਰ ਖਰਚ ਕੇ ਕੀਤਾ ਇਹ ਉਹੀ ਸਿਖ਼ਰ ਸੰਮੇਲਨ ਸੀ ਜਿਸ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ 'ਮੁੰਡੇ ਦੀ ਬਰਾਤ ਵਿੱਚ ਆਏ ਅੜਬ ਪ੍ਰਾਹੁਣੇ' ਵਾਗੂੰ ਰੁੱਸ ਕੇ ਚਲਾ ਗਿਆ ਸੀ। ਪਰ ਬਹੁਤ ਸਾਰੇ ਕੈਨੇਡੀਅਨਾਂ ਨੂੰ ਨਹੀਂ ਪਤਾ ਕਿ ਇਸ ਸਿਖ਼ਰ ਸੰਮੇਲਨ ਲਈ ਸਰਕਾਰ ਨੇ 23 ਮਿਲੀਅਨ ਡਾਲਰ ਖਰਚ ਕੇ 600 ਤੋਂ ਵੱਧ ਨਵੀਆਂ ਨਕੋਰ ਗੱਡੀਆਂ ਖਰੀਦੀਆਂ ਸਨ। ਇਹਨਾਂ ਗੱਡੀਆਂ ਵਿੱਚੋਂ ਕਥਿਤ ਰੂਪ ਵਿੱਚ 431 ਨੂੰ ਮਹਿਮਾਨਾਂ ਦੀ ਢੋਆ ਢੁਆਈ ਵਾਸਤੇ ਅਤੇ 200 ਨੂੰ ਪ੍ਰਸ਼ਾਸ਼ਨਿਕ ਮੰਤਵਾਂ ਵਾਸਤੇ ਵਰਤਿਆ ਗਿਆ। ਕਥਿਤ ਰੂਪ ਇਸ ਲਈ ਕਿਉਂਕਿ ਨੈਸ਼ਨਲ ਪੋਸਟ ਵੱਲੋਂ ਇੱਕਤਰ ਜਾਣਕਾਰੀ ਮੁਤਾਬਕ ਸੰਮੇਲਨ ਤੋਂ 6 ਮਹੀਨੇ ਬਾਅਦ ਵੀ ਕਈ ਗੱਡੀਆਂ ਨੇ ਸਿਰਫ਼ 41 ਕਿਲੋਮੀਟਰ ਦਾ ਪੈਂਡਾ ਤੈਅ ਕੀਤਾ ਹੈ। ਸਿਰਫ਼ 51 ਗੱਡੀਆਂ ਹਨ ਜਿਹਨਾਂ ਨੂੰ ਦੁਬਾਰਾ ਕਿਸੇ ਸਰਕਾਰੀ ਮੰਤਵ ਲਈ ਵਰਤਿਆ ਜਾ ਰਿਹਾ ਹੈ।

ਕੈਨੇਡੀਅਨ ਟੈਕਸ ਪੇਅਰਜ਼ ਫੈਡਰੇਸ਼ਨ ਵੱਲੋਂ ਇਹ ਨੋਟ ਕੀਤਾ ਜਾਣਾ ਵਾਜਬ ਹੈ ਕਿ ਕੈਨੇਡੀਅਨਾਂ ਦੇ ਟੈਕਸ ਡਾਲਰਾਂ ਨਾਲ ਖਰੀਦੀਆਂ 600 ਗੱਡੀਆਂ ਵਿੱਚੋਂ 500 ਉਹ ਹਨ ਜਿਹਨਾਂ ਦੀ ਸਰਕਾਰ ਨੂੰ ਲੋੜ ਨਹੀਂ ਹੈ ਅਤੇ ਇਹ ਟੈਕਸ ਡਾਲਰਾਂ ਨੂੰ ਵਿਅਰਥ ਕੀਤੇ ਜਾਣ ਦੀ ਨੰਗੀ ਚਿੱਟੀ ਮਿਸਾਲ ਹੈ। ਖਰੀਦੀਆਂ ਗਈਆਂ ਗੱਡੀਆਂ ਵਿੱਚ 154 ਸ਼ੈਵਰਲੇ ਸਬਅਰਬਨ, 140 ਟੂਰਿੰਗ ਮਾਡਲ ਕਰਾਈਸਲਰ, 109 ਟੋਇਓਟਾ ਸੀਆਨਾ, 28 ਡੌਜ ਚਾਰਜਰ, 43 ਮਿਤਸੁਬਿਸ਼ੀ ਆਊਟਲੈਂਡਰ ਅਤੇ 30 ਡੌਜ ਜਰਨੀ ਸ਼ਾਮਲ ਹਨ। ਹੁਣ ਸਰਕਾਰ ਨੂੰ ਇਹ ਗੱਡੀਆਂ ਵੇਚਣ ਲਈ ਹੱਥਾਂ ਪੈਰਾਂ ਦੀ ਪਈ ਹੋਈ ਹੈ। ਬੇਸ਼ੱਕ ਅਗਸਤ ਤੋਂ ਅਕਤੂਬਰ ਦੇ ਅਰਸੇ ਦੌਰਾਨ ਇੱਕ ਸਰਕਾਰੀ ਸਰਪਲੱਸ ਵਾਲੀ ਵੈੱਬਸਾਈਟ ਤੋਂ 167 ਗੱਡੀਆਂ 613 ਮਿਲੀਅਨ ਡਾਲਰ ਵਿੱਚ ਵੇਚੀਆਂ ਜਾ ਚੁੱਕੀਆਂ ਹਨ ਪਰ ਐਨੇ ਵੱਡੀ ਇਨਵੈਂਟਰੀ ਨੂੰ ਵੇਚਣਾ ਔਖਾ ਕੰਮ ਸਾਬਤ ਹੋ ਰਿਹਾ ਹੈ। 40 ਵਹੀਕਲ ਅਜਿਹੇ ਹਨ ਜਿਹਨਾਂ ਦੀ ਕਿਸੇ ਨੇ ਬੋਲੀ ਹੀ ਨਹੀਂ ਲਾਈ ਹੈ।

ਸਰਕਾਰੀ ਕੰਮਕਾਜ ਨੂੰ ਨੇੜਿਓਂ ਵਾਚਣ ਵਾਲੇ ਲੋਕਾਂ ਦਾ ਖਿਆਲ ਹੈ ਕਿ ਇਸ ਦੋ ਦਿਨ ਦੀ ਈਵੈਂਟ ਲਈ 600 ਨਵੀਆਂ ਗੱਡੀਆਂ ਖਰੀਦਣਾ ਕਿਸੇ ਵੀ ਤਰੀਕੇ ਜਾਇਜ਼ ਨਹੀਂ ਸੀ। ਆਰ ਸੀ ਐਮ ਪੀ ਮੁਤਾ-ਬਕ ਨਵੀਆਂ ਗੱਡੀਆਂ ਖਰੀਦ ਕੇ ਉਹਨਾਂ ਨੂੰ ਰਜਿਸਟਰ ਕਰਨਾ ਅਤੇ ਸੰਮੇਲਨ ਵਾਸਤੇ ਸਾਜ਼ੋ ਸਮਾਨ ਫਿੱਟ ਕਰਨਾ ਸੌਖਾ ਸੀ। ਆਰ ਸੀ ਐਮ ਪੀ ਦਾ ਇਹ ਤਰਕ ਵਜ਼ਨ ਨਹੀਂ ਰੱਖਦਾ ਹੈ ਕਿਉਂਕਿ ਖਰੀਦੀਆਂ ਗਈਆਂ ਗੱਡੀਆਂ ਵਿੱਚੋਂ ਬਹੁਤ ਨੂੰ ਵਰਤਿਆ ਹੀ ਨਹੀਂ ਗਿਆ। ਅਮਰੀਕੀ ਰਾਸ਼ਟਰਪਤੀ ਨੇ ਵਰਤਣ ਲਈ ਆਪਣੀਆਂ ਖੁਦ ਦੀਆਂ ਗੱਡੀਆਂ ਨਾਲ ਲਿਆਂਦੀਆਂ ਸਨ। ਜੀ 7 ਸੰਮੇਲਨ ਵਿੱਚ ਸੱਤ ਮੁਲਕਾਂ ਦੇ ਮੁਖੀ, ਦੋ ਯੂਰਪੀਅਨ ਯੂਨੀਅਨ ਦੇ ਨੁਮਾਇੰਦੇ ਅਤੇ ਦਰਜਨ ਕੁ ਹੋਰ ਮੁਲਕਾਂ ਦੇ ਮੁਖੀ ਹਿੱਸਾ ਲੈਣ ਲਈ ਆਏ ਸਨ। ਇਹਨਾਂ ਵਿੱਚੋਂ ਟਰੂਡੋ ਹੋਰੀਂ ਤਾਂ ਘਰ ਦੇ ਹੀ ਸਨ। ਇਸ ਹਿਸਾਬ ਨਾਲ 7 ਮੁਲਕਾਂ ਦੇ ਸੰਮੇਲਨ ਵਾਸਤੇ ਪ੍ਰਤੀ ਮੁਲਕ 60 ਗੱਡੀਆਂ ਖਰੀਦੀਆਂ ਗਈਆਂ।

ਪਤਾ ਲੱਗਾ ਹੈ ਕਿ ਸਰਕਾਰ ਕੋਲ ਪਈਆਂ 2018 ਮਾਡਲ ਦੀਆਂ ਕਰਾਈਸਲਰ 300 ਐਸ ਗੱਡੀਆਂ ਦੀ ਮਾਰਕੀਟ ਕੀਮਤ 42 ਹਜ਼ਾਰ ਤੋਂ 49 ਹਜ਼ਾਰ ਡਾਲਰ ਦੇ ਦਰਮਿਆਨ ਹੈ। ਇਹਨਾਂ ਵਿੱਚੋਂ 29 ਗੱਡੀਆਂ ਵੇਚੀਆਂ ਗਈਆਂ ਹਨ ਜਿਹਨਾਂ ਵਿੱਚੋਂ ਅੱਧੀਆਂ ਦੇ ਕਰੀਬ 100 ਕਿਲੋਮੀਟਰ ਤੋਂ ਵੀ ਘੱਟ ਚੱਲੀਆਂ ਸਨ ਅਤੇ ਖਰੀਦਣ ਵਾਲੇ ਸਾਢੇ ਸਤਾਈ ਹਜ਼ਾਰ ਡਾਲਰ ਵਿੱਚ ਖਰੀਦ ਰਹੇ ਹਨ ਪਰ ਬਹੁਤੀਆਂ ਤਾਂ ਵੀ ਨਹੀਂ ਵਿਕ ਰਹੀਆਂ।

ਇਹ ਸਾਰੀ ਕਹਾਣੀ ਫੈਡਰਲ ਸਰਕਾਰ ਵਿੱਚ ਪੱਸਰੇ ਉਸ ਮਾਹੌਲ ਬਾਰੇ ਹੈ ਜਿਸ ਵਿੱਚ ਟੈਕਸ ਡਾਲਰਾਂ ਨੂੰ ਪਾਣੀ ਵਾਗੂੰ ਵਹਾਉਣਾ ਇੱਕ ਆਮ ਵਰਤਾਰਾ ਬਣ ਗਿਆ ਹੈ। ਸਾਡਾ ਦੇਸ਼ ਜੀ 7 ਦਾ 2018 ਦੇ ਅੰਤ ਤੱਕ ਪ੍ਰਧਾਨ ਹੈ ਜੋ ਕਿ ਮਾਣ ਵਾਲੀ ਗੱਲ ਹੈ। ਇਹ ਪ੍ਰਧਾਨਗੀ ਰੋਟੇਟ ਭਾਵ ਬਦਲਦੀ ਰਹਿੰਦੀ ਹੈ। ਸੁਆਲ ਇਹਨਾਂ ਅਹਿਮ ਸੰਮੇਲਨਾਂ ਨੂੰ ਕਰਵਾਉਣ ਬਾਰੇ ਨਹੀਂ ਹੈ ਸਗੋਂ ਫਜ਼ੂਲਖਰਚ ਨੂੰ ਰੋਕਣ ਦੀ ਆਦਤ ਬਣਾਉਣ ਬਾਰੇ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਸੰਮੇਲਨ ਉੱਤੇ 600 ਮਿਲੀਅਨ ਡਾਲਰ ਦਾ ਖਰਚ ਕੀਤੇ ਜਾਣ ਬਾਰੇ ਪੱਤਰਕਾਰਾਂ ਵੱਲੋਂ ਪੁੱਛਿਆ ਗਿਆ ਸੀ। ਟਰੂਡੋ ਹੋਰਾਂ ਦਾ ਜਵਾਬ ਸੀ ਕਿ ਦੇਸ਼ ਨੂੰ ਅਜਿਹੇ ਖਰਚੇ ਕਰਨੇ ਹੀ ਪੈਂਦੇ ਹੁੰਦੇ ਹਨ। 2010 ਵਿੱਚ ਜੀ 8 ਸਿਖ਼ਰ ਸੰਮੇਲਨ ਉੱਤੇ ਇਸ ਨਾਲੋਂ ਅੱਧਾ ਖਰਚਾ (305 ਮਿਲੀਅਨ ਡਾਲਰ) ਹੋਇਆ ਸੀ। ਪਰ ਕੌਣ ਪੁੱਛੇ ਕਿ ਫਜ਼ੂਲ ਖਰਚੀ ਮਾੜੀ ਹੁੰਦੀ ਹੈ।

## ਦਿੱਲੀ ਗੁਰਦੁਆਰਾ ਘਪਲੇ ਦੀ ਰਿਪੋਰਟ ਹਾਈ ਕੋਰਟ ਵਿੱਚ ਰੱਖਣ ਦੀ ਹਦਾਇਤ

ਨਵੀਂ ਦਿੱਲੀ, 6 ਨਵੰਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਨਾਰਥ ਐਵੇਨਿਊ ਥਾਣੇ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਖਿਲਾਫ਼ ਬੀਤੀ 21 ਅਕਤੂਬਰ ਨੂੰ ਦਰਜ ਕਰਵਾਈ ਧੋਖਾਧੜੀ ਦੀ ਸ਼ਿਕਾਇਤ ਉੱਤੇ ਕਾਰਵਾਈ ਸ਼ੁਰੂ ਹੋ ਗਈ ਹੈ ਅਤੇ ਪੁਲੀਸ ਨੇ 2 ਨਵੰਬਰ ਨੂੰ ਮਨਜੀਤ ਸਿੰਘ ਜੀ ਕੇ, ਅਮਰਜੀਤ ਸਿੰਘ ਪੱਪੂ ਅਤੇ ਹਰਜੀਤ ਸਿੰਘ ਸੂਬੇਦਾਰ ਨੂੰ ਨੋਟਿਸ ਜਾਰੀ ਕਰ ਕੇ ਸਪੱਸ਼ਟੀਕਰਨ ਮੰਗਿਆ ਸੀ।


ਇਸ ਬਾਰੇ ਅੱਜ ਗੁਰਮੀਤ ਸਿੰਘ ਸ਼ੰਟੀ ਨੇ ਦੱਸਿਆ ਕਿ ਦਿੱਲੀ ਪੁਲੀਸ ਨੇ ਐਕਸਿਸ ਬੈਂਕ ਤੋਂ ਵੀ ਪੁੱਛਗਿੱਛ ਕੀਤੀ ਤੇ ਨੋਟਿਸ ਭੇਜਿਆ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਉਨ੍ਹਾਂ ਨੇ 3 ਨਵੰਬਰ ਨੂੰ ਪਟਿਆਲਾ ਹਾਊਸ ਕੋਰਟ ਵਿਚ ਮਨਜੀਤ ਸਿੰਘ ਜੀ ਕੇ ਵਿਰੁੱਧ ਕੇਸ ਦਰਜ ਕਰਾਉਣ ਦੀ ਅਪੀਲ ਪਾਈ ਸੀ ਤੇ ਉਸ ਦੀ ਸੁਣਵਾਈ ਦੌਰਾਨ 5 ਨਵੰਬਰ ਨੂੰ ਹਾਈ ਕੋਰਟ ਨੇ ਇਸ ਦੀ ਗੰਭੀਰਤਾ ਵੇਖਦੇ ਹੋਏ ਇਸ ਬਾਰੇ ਪੁਲੀਸ ਨੂੰ ਕਾਰਵਾਈ ਰਿਪੋਰਟ ਅਦਾਲਤ ਵਿੱਚ ਛੇਤੀ ਜਮ੍ਹਾਂ ਕਰਵਾਉਣ ਲਈ ਕਿਹਾ ਹੈ। ਅਦਾਲਤ ਨੇ ਪੁਲੀਸ ਤੋਂ ਪੁੱਛਿਆ ਕਿ ਹਾਲੇ ਤੱਕ ਕੇਸ ਦਰਜ ਕਿਉਂ ਨਹੀਂ ਹੋਇਆ? ਇਸ ਬਾਰੇ ਅਦਾਲਤ ਨੇ ਨਾਰਥ ਐਵੇਨਿਊ ਥਾਣੇ ਦੇ ਮੁਖੀ ਨੂੰ ਆਪਣੀ ਐਕਸ਼ਨ ਰਿਪੋਰਟ ਛੇਤੀ ਅਦਾਲਤ ਵਿੱਚ ਜਮ੍ਹਾਂ ਕਰਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਸਟਾਫ ਨੂੰ ਤਿੰਨ ਮਹੀਨਿਆਂ ਦੀ ਤਨਖਾਹ ਨਾ ਮਿਲਣ ਕਾਰਨ ਮਜਬੂਰ ਹੋ ਕੇ ਉਹ ਫਿਕੀ ਦੀਵਾਲੀ ਮਨਾਉਣ ਲਈ ਮਜਬੂਰ ਹੋ ਗਏ ਹਨ, ਸੰਗਤ ਤੇ ਸਟਾਫ ਨੂੰ ਇਹ ਜਾਨਣ ਦੀ ਉਤਸੁਕਤਾ ਹੈ ਕਿ ਸੈਂਟਰਲਾਈਜ਼ਡ ਅਕਾਊਂਟ ਦੇ 125 ਕਰੋੜ ਕਿੱਥੇ ਹਨ।

ਦੂਸਰੇ ਪਾਸੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਦਾ ਕਹਿਣਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਰੇ ਅਹੁਦੇਦਾਰਾਂ 'ਤੇ ਗੁਰੂ ਕੀ ਗੋਲਕ ਦੀ ਦੁਰਵਰਤੋਂ ਦੇ ਦੋਸ਼ਾਂ ਦਾ ਨਿਪਟਾਰਾ ਅਦਾਲਤ ਵਿਚ ਕਰਾਉਣ ਲਈ ਦਿੱਲੀ ਕਮੇਟੀ ਕੋਸ਼ਿਸ਼ ਕਰੇਗੀ। ਮਨਜੀਤ ਸਿੰਘ ਜੀ ਕੇ ਨੇ ਸਾਰੇ ਤੱਥ ਅਦਾਲਤ 'ਚ ਰੱਖਣ ਦਾ ਫ਼ੈਸਲਾ ਕੀਤਾ ਹੈ। ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਵੱਲੋਂ ਦਿੱਲੀ ਕਮੇਟੀ ਦੇ ਕੁਝ ਅਹੁਦੇਦਾਰਾਂ ਅਤੇ ਅਫਸਰਾਂ ਦੇ ਖਿਲਾਫ਼ ਠੱਗੀ ਦੀ ਸ਼ਿਕਾਇਤ ਦਰਜ ਕਰਨ ਲਈ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿੱਚ ਕੀਤੀ ਪਟੀਸ਼ਨ ਮੁੱਖ ਜੱਜ ਦੇ ਛੁੱਟੀ ਉੱਤੇ ਹੋਣ ਕਾਰਨ ਲਿੰਕ ਜੱਜ ਵੱਲੋਂ ਕੀਤੀ ਸੁਣਵਾਈ ਮੌਕੇ ਅਦਾਲਤ ਨੇ ਜਾਂਚ ਅਫਸਰ ਨੂੰ ਅਗਲੀ ਸੁਣਵਾਈ ਦੇ ਦਿਨ 26 ਨਵੰਬਰ ਨੂੰ ਰਿਪੋਰਟ ਸੌਂਪਣ ਨੂੰ ਕਿਹਾ ਹੈ। ਇਸ ਬਾਰੇ ਪਰਮਿੰਦਰ ਪਾਲ ਸਿੰਘ ਨੇ ਕਿਹਾ ਕਿ ਉਹ ਗੁਰਮੀਤ ਸਿੰਘ ਸ਼ੰਟੀ ਦਾ ਧੰਨਵਾਦ ਕਰਦੇ ਹਨ ਕਿ ਉਨ੍ਹਾਂ ਨੇ ਅਦਾਲਤ ਵਿੱਚ ਜਾ ਕੇ ਸਮੂਹ ਅਹੁਦੇਦਾਰਾਂ ਦੇ ਮਾਲੀ ਘਪਲਿਆਂ ਦੀ ਸੱਚਾਈ ਸਾਹਮਣੇ ਰੱਖਣ ਦਾ ਰਾਹ ਸਾਫ ਕਰ ਦਿੱਤਾ ਹੈ।

PUNJABI RANG RADIO

CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648




## ਮੰਤਰੀ ਤੇ ਉਸ ਦੇ ਸਹਾਇਕ ਵੱਲੋਂ ਅਚਾਨਕ ਦਿੱਤੇ ਅਸਤੀਫੇ ਪਿੱਛੇ ਲੁਕੇ ਅਸਲ ਕਾਰਨ ਨਹੀਂ ਦੱਸ ਰਹੀ ਫੋਰਡ ਸਰਕਾਰ!

...ਪੰਨਾ 1 ਦਾ ਬਾਕੀ


ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਸ ਜਾਣਕਾਰੀ ਨੂੰ ਦਬਾਅ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਚਿਲਡਰਨ, ਕਮਿਊਨਿਟੀ ਸਰਵਿਸਿਜ਼ ਤੇ ਵੂਮਨਜ਼ ਇਸ਼ੂਜ਼ ਬਾਰੇ ਮੰਤਰੀ ਲੀਜ਼ਾ ਮੈਕਲਿਓਡ ਵੱਲੋਂ ਸੋਮਵਾਰ ਨੂੰ ਤੀਜੀ ਪਾਰਟੀ ਤੋਂ ਜਾਂਚ ਕਰਵਾਉਣ ਦੀ ਵੀ ਪੁਸ਼ਟੀ ਕੀਤੀ ਗਈ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਟੋਰੀਜ਼ ਦੇ ਜਾਣਕਾਰ ਨੇ ਆਖਿਆ ਕਿ ਦੋ ਖਾਸ ਵਿਅਕਤੀਆਂ ਦਾ ਇਸ ਤਰ੍ਹਾਂ ਚਲੇ ਜਾਣ ਨਾਲ ਫੋਰਡ ਨੂੰ ਕਾਫੀ ਦਿੱਕਤ ਹੋ ਰਹੀ ਹੈ ਕਿਉਂਕਿ ਉਨ੍ਹਾਂ ਦੇ ਫੈਸਲਿਆਂ ਉੱਤੇ ਪ੍ਰੀਮੀਅਰ ਨੇ ਭਰੋਸਾ ਕੀਤਾ ਤੇ ਉਨ੍ਹਾਂ ਦੇ ਤਜਰਬਿਆਂ ਦੀ ਸ਼ਲਾਘਾ ਵੀ ਕੀਤੀ।

ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਫੋਰਡ ਕਿਸੇ ਨਵੇਂ ਮੰਤਰੀ ਦੀ ਸਲਾਹ ਤੋਂ ਅਸੰਤੁਸ਼ਟ ਹੁੰਦੇ ਸਨ ਤਾਂ ਉਹ ਇਨ੍ਹਾਂ ਦੋਵਾਂ ਖਾਸ ਵਿਅਕਤੀਆਂ ਤੋਂ ਹੀ ਸਲਾਹ ਲਿਆ ਕਰਦੇ ਸਨ। ਪ੍ਰੀਮੀਅਰ ਦੇ ਆਫਿਸ ਵੱਲੋਂ ਦੋਸ਼ਾਂ ਦੀ ਕਿਸਮ ਜਾਂ ਉਨ੍ਹਾਂ ਦੀ ਜਾਂਚ ਕੌਣ ਕਰ ਰਿਹਾ ਹੈ, ਬਾਰੇ ਖੁਲਾਸਾ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ।

## ਫੈਜ਼ਾਬਾਦ ਜ਼ਿਲੇ ਦਾ ਨਾਂਅ ਯੂ ਪੀ ਦੀ ਭਾਜਪਾ ਸਰਕਾਰ ਨੇ 'ਜ਼ਿਲਾ ਅਯੁੱਧਿਆ' ਕਰ ਦਿੱਤਾ

ਅਯੁੱਧਿਆ, 6 ਨਵੰਬਰ, (ਪੋਸਟ ਬਿਊਰੋ)- ਅਲਾਹਾਬਾਦ ਸ਼ਹਿਰ ਦਾ ਨਾਂ ਬਦਲ ਕੇ 'ਪ੍ਰਯਾਗਰਾਜ' ਕਰਨ ਦੇ ਕੁਝ ਦਿਨ ਬਾਅਦ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਐਲਾਨ ਕੀਤਾ ਹੈ ਕਿ ਫੈਜ਼ਾਬਾਦ ਜ਼ਿਲ੍ਹਾ ਅੱਗੇ ਤੋਂ 'ਜ਼ਿਲਾ ਅਯੁੱਧਿਆ' ਦੇ ਨਾਂਅ ਨਾਲ ਜਾਣਿਆ ਜਾਵੇਗਾ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ, 'ਅਯੁੱਧਿਆ ਸਾਡੀ ਆਨ, ਬਾਨ ਤੇ ਸ਼ਾਨ ਦਾ ਪ੍ਰਤੀਕ ਹੈ। ਇਸ ਨਾਲ ਕੋਈ ਅਨਿਆਂ ਨਹੀਂ ਕਰ ਸਕਦਾ।' ਇਸ ਦੀ ਪਛਾਣ ਭਗਵਾਨ ਰਾਮ ਦੇ ਨਾਮ ਨਾਲ ਜੁੜੀ ਹੋਈ ਹੈ। ਯੋਗੀ ਆਦਿਤਿਆਨਾਥ ਨੇ ਦੀਵਾਲੀ ਤੋਂ ਪਹਿਲੀ ਸ਼ਾਮ ਦੇ ਵਿਸ਼ੇਸ਼ 'ਦੀਪੋਤਸਵ' ਦੌਰਾਨ ਭਗਵਾਨ ਰਾਮ ਅਤੇ ਰਾਜਾ ਦਸ਼ਰਥ ਦੇ ਨਾਂ 'ਤੇ ਹਵਾਈ ਅੱਡਾ ਅਤੇ ਮੈਡੀਕਲ ਕਾਲਜ ਬਣਾਉਣ ਦਾ ਐਲਾਨ ਕੀਤਾ ਹੈ।



ਇਸੇ 'ਦੀਪੋਤਸਵ' ਦੌਰਾਨ ਦੱਖਣੀ ਕੋਰੀਆ ਦੀ ਫਸਟ ਲੇਡੀ ਕਿਮ ਜੁੰਗ ਸੂਕ ਇਸ ਦੀਵਾਲੀ ਮਹਾ ਉਤਸਵ ਲਈ ਅੱਜ ਅਯੁੱਧਿਆ ਪੁੱਜੇ। ਉਨ੍ਹਾਂ ਦੌਰੇ ਦੀ ਸ਼ੁਰੂਆਤ ਰਾਣੀ ਹੀਓ ਦੀ ਯਾਦਗਾਰ ਉੱਤੇ ਸ਼ਰਧਾਂਜਲੀ ਭੇਟ ਕਰ ਕੇ ਕੀਤੀ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀ ਇਸ ਮੌਕੇ ਉਨ੍ਹਾਂ ਨਾਲ ਸਨ। ਇਸ ਤੋਂ ਬਾਅਦ ਲੇਡੀ ਕਿਮ ਜੁੰਗ ਸੂਕ ਭਗਵਾਨ ਰਾਮ ਤੇ ਸੀਤਾ ਦੀ ਭੂਮਿਕਾ ਕਰਦੇ ਕਲਾਕਾਰਾਂ, ਜਿਹੜੇ 'ਰਾਮ ਦਰਬਾਰ' ਵਜੋਂ ਹੈਲੀਕਾਪਟਰ ਵਿੱਚ ਰਾਮ ਕਥਾ ਪਾਰਕ ਵਿੱਚ ਪੁੱਜੇ ਸਨ, ਦਾ ਸਰਯੂ ਨਦੀ ਦੇ ਤਟ ਉੱਤੇ ਪੁੱਜ ਕੇ ਸਵਾਗਤ ਕੀਤਾ। ਜਦੋਂ 'ਸੀਤਾ' ਹੈਲੀਕਾਪਟਰ ਤੋਂ ਉੱਤਰੀ ਤਾਂ ਲੇਡੀ ਕਿਮ ਜੁੰਗ ਸੂਕ ਨੇ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਸਰਯੂ ਨਦੀ ਤਟ ਉੱਤੇ ਤਿੰਨ ਲੱਖ ਦੀਵੇ ਜਗਾਏ ਗਏ, ਜਿਹੜਾ ਇੱਕ ਵਿਸ਼ਵ ਰਿਕਾਰਡ ਹੈ। ਗਿੰਨੀਜ਼ ਵਰਲਡ ਰਿਕਾਰਡ ਦੇ ਅਫਸਰ ਰਿਸ਼ੀਨਾਥ ਨੇ ਰਿਕਾਰਡ ਬਣਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਥੇ 3,01,152 ਦੀਵੇ ਜਗਾਏ ਗਏ ਹਨ।

ਦੂਸਰੇ ਪਾਸੇ ਕਾਂਗਰਸ ਨੇ ਅੱਜ ਕਿਹਾ ਹੈ ਕਿ ਭਾਜਪਾ ਨੂੰ ਚੋਣਾਂ ਨੇੜੇ ਰਾਮ ਮੰਦਰ ਦੀ ਯਾਦ ਆਈ ਹੈ। ਕਾਂਗਰਸ ਦੇ ਬੁਲਾਰੇ ਮਨੀਸ਼ ਤਿਵਾੜੀ ਨੇ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ ਭਗਵਾਨ ਰਾਮ ਦੇ ਨਾਂਅ ਤੋਂ ਵੋਟਾਂ ਲੈਣੀਆਂ ਚਾਹੁੰਦੀ ਹੈ। ਉਨ੍ਹਾ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਭਾਜਪਾ ਰਾਜਨੀਤਕ ਲਾਭ ਲਈ ਰਾਮ ਮੰਦਰ ਤੇ ਸ਼ਹਿਰ ਦਾ ਨਾਂਅ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਐੱਸ ਸੁਧਾਕਰ ਰੈੱਡੀ ਨੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਫੈਜ਼ਾਬਾਦ ਜ਼ਿਲ੍ਹੇ ਦਾ ਨਾਂ ਬਦਲਣ ਦੇ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਨੇ ਪ੍ਰਸ਼ਾਸਨ ਦੀ ਅਸਫਲਤਾ ਨੂੰ ਲੁਕਾਉਣ ਲਈ ਇਹ ਕੰਮ ਸ਼ੁਰੂ ਕੀਤਾ ਹੈ।

ਇਸ ਦੌਰਾਨ ਜ਼ਿਲਾ ਫੈਜ਼ਾਬਾਦ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਵਧੇਸ਼ ਪਾਂਡੇ ਨੇ ਕਿਹਾ ਕਿ 'ਗੱਲਬਾਤ ਨਾਲ ਅਯੁੱਧਿਆ ਵਿਵਾਦ ਸੁਲਝਾਉਣ ਦਾ ਸਮਾਂ ਲੰਘ ਗਿਆ ਹੈ ਅਤੇ ਭਾਜਪਾ ਸੰਵਿਧਾਨਕ ਜਾਂ ਵਿਧਾਨਕ ਤਰੀਕੇ ਨਾਲ ਰਾਮ ਮੰਦਰ ਬਣਾਉਣ ਲਈ ਕੰਮ ਕਰ ਰਹੀ ਹੈ'। ਉਨ੍ਹਾਂ ਦਾਅਵਾ ਕੀਤਾ ਕਿ ਅਯੁੱਧਿਆ ਦੀ ਵੱਡੀ ਗਿਣਤੀ ਆਬਾਦੀ ਇਥੇ ਮੰਦਰ ਦੇਖਣਾ ਚਾਹੁੰਦੀ ਹੈ, ਕਿਉਂਕਿ ਇਹ ਉਨ੍ਹਾਂ ਲਈ ਵਿਸ਼ਵਾਸ ਦਾ ਮਾਮਲਾ ਹੈ।

## ਪੰਜਾਬ ਸਕੱਤਰੇਤ ਦੇ ਮੁਲਾਜ਼ਮਾਂ ਨੇ ਕਾਲੀ ਦੀਵਾਲੀ ਮਨਾਉਣ ਲਈ ਭੀਖ ਮੰਗੀ




ਚੰਡੀਗੜ੍ਹ, 6 ਨਵੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਮੁਲਾਜ਼ਮ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵਿਚ ਦੀਵਾਲੀ ਮੌਕੇ ਭੀਖ ਮੰਗਣ ਨੂੰ ਮਜਬੂਰ ਹੋ ਗਏ। ਇਸ ਸਰਕਾਰ ਦੇ ਰਾਜ ਵਿੱਚ ਦੂਸਰੀ ਦੀਵਾਲੀ ਵੀ ਸੁੱਕੀ ਨਿਕਲਣ ਕਾਰਨ ਅੱਜ ਪੰਜਾਬ ਸਕੱਤਰੇਤ ਦੇ ਮੁਲਾਜ਼ਮ ਭੜਕ ਪਏ ਤੇ ਸਵੇਰੇ 9 ਵਜੇ ਸਕੱਤਰੇਤ ਜਾਂਦੇ ਸਾਰ ਭੀਖ ਮੰਗਣੀ ਸ਼ੁਰੂ ਕਰ ਦਿੱਤੀ ਤੇ ਭੀਖ ਦੇ ਪੈਸਿਆਂ ਦਾ ਠੂਠਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਦਫਤਰ ਨੂੰ ਸੌਂਪ ਕੇ ਸਰਕਾਰ ਦੀ ਕੰਗਾਲੀ ਦੂਰ ਹੋਣ ਦੀ ਕਾਮਨਾ ਕੀਤੀ। ਮੁਲਾਜ਼ਮਾਂ ਦਾ ਸੰਘਰਸ਼ ਸਾਰਾ ਦਿਨ ਜਾਰੀ ਰਿਹਾ।

ਵਰਨਣ ਯੋਗ ਹੈ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ, ਉਨ੍ਹਾਂ ਉਸੇ ਦਿਨ ਤੋਂ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਬੰਦ ਕਰ ਦਿੱਤਾ ਸੀ, ਜਿਸ ਕਾਰਨ ਮੁਲਜ਼ਮਾਂ ਦੀਆਂ ਜਨਵਰੀ 2017 ਤੋਂ 4 ਡੀ ਏ ਦੀਆਂ ਕਿਸ਼ਤਾਂ ਵੀ ਬਕਾਇਆ ਹਨ ਅਤੇ ਸਰਕਾਰ ਨੇ 6ਵੇਂ ਤਨਖਾਹ ਕਮਿਸ਼ਨ ਦੇ ਅਮਲ ਨੂੰ ਵੀ ਠੰਢੇ ਬਸਤੇ ਵਿਚ ਬੰਨ੍ਹ ਕੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਵਿੱਤੀ ਸੱਟ ਮਾਰੀ ਹੈ। ਮੁਲਾਜ਼ਮ ਆਗੂਆਂ ਸੁਖਚੈਨ ਸਿੰਘ ਖਹਿਰਾ ਅਤੇ ਹੋਰਨਾਂ ਦੀ ਅਗਵਾਈ ਹੇਠ ਇਨ੍ਹਾਂ ਮੁਲਾਜ਼ਮਾਂ ਨੇ ਤੀਸਰੀ ਮੰਜ਼ਿਲ 'ਤੇ ਖਜ਼ਾਨਾ ਮੰਤਰੀ ਦੇ ਦਫਤਰ ਮੂਹਰੇ ਭੀਖ ਦੀ ਰਾਸ਼ੀ ਖਜ਼ਾਨਾ ਮੰਤਰੀ ਦੇ ਸਟਾਫ ਨੂੰ ਸੌਂਪ ਕੇ ਸਰਕਾਰ ਨੂੰ ਠਿੱਠ ਕੀਤਾ। ਇਸ ਪਿੱਛੋਂ ਸਕੱਤਰੇਤ ਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਸੈਕਟਰ 17 ਵਿਚ ਕਾਲੇ ਝੰਡੇ ਲੈ ਕੇ ਇਕੱਠੇ ਹੋਏ ਅਤੇ ਢੋਲ ਵਜਾ ਕੇ ਰੋਸ ਮਾਰਚ ਕੀਤਾ।

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਮੀਡੀਆ ਰਿਪੋਰਟਾਂ ਮੁਤਾਬਕ ਪਾਕਿਸਤਾਨ ਦੇ ਸਾਰੇ ਬੈਂਕਾਂ ਦਾ ਡਾਟਾ ਹੈਕ

ਇਸਲਾਮਾਬਾਦ, 6 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ 'ਚ ਚੱਲਦੇ ਲਗਭਗ ਸਾਰੇ ਬੈਂਕਾਂ ਦੇ ਡਾਟਾ ਹੈਕ ਕੀਤੇ ਜਾਣ ਦਾ ਇਕ ਵੱਡਾ ਮਾਮਲਾ ਸਾਹਮਣੇ ਆਇਆ ਹੈ। ਮੀਡੀਆ ਵਿੱਚ ਆਈ ਰਿਪੋਰਟ 'ਚ ਸਾਈਬਰ ਅਪਰਾਧ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਇਹ ਗੱਲ ਕਹੀ ਗਈ ਹੈ।

ਜੀਓ ਨਿਊਜ਼ ਦੀ ਇਕ ਖਬਰ ਮੁਤਾਬਕ ਲਗਭਗ 10 ਬੈਂਕਾਂ ਵਲੋਂ ਸਾਰੇ ਅੰਤਰਰਾਸ਼ਟਰੀ ਲੈਣ-ਦੇਣ 'ਤੇ ਰੋਕ ਲਾਏ ਜਾਣ ਦੇ ਲਗਭਗ 10 ਦਿਨ ਬਾਅਦ ਇਹ ਕੇਸ ਸਾਹਮਣੇ ਆਇਆ ਹੈ। ਕ੍ਰੈਡਿਟ ਅਤੇ ਡੈਬਿਟ ਕਾਰਡ ਨਾਲ ਜੁੜੇ ਡਾਟਾ 'ਚ ਸੰਨ੍ਹ ਲੱਗਣ ਦੀ ਚਿੰਤਾ ਜਤਾਏ ਜਾਣ ਪਿੱਛੋਂ ਬੈਂਕਾਂ ਨੇ ਇਹ ਕਦਮ ਚੁੱਕਿਆ ਸੀ। ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐੱਫ ਆਈ ਏ) ਦੇ ਸਾਈਬਰ ਅਪਰਾਧ ਸ਼ਾਖਾ ਦੇ ਡਾਇਰੈਕਟਰ ਕੈਪਟਨ ਮੁਹੰਮਦ ਸ਼ੋਇਬ ਨੇ ਅੱਜ ਹੈਰਾਨੀ ਭਰੇ ਖੁਲਾਸੇ ਕਰਦੇ ਹੋਏ ਕਿਹਾ ਕਿ ਸਾਨੂੰ ਹਾਲ ਹੀ ਵਿੱਚ ਮਿਲੀ ਰਿਪੋਰਟ ਮੁਤਾਬਕ ਲਗਭਗ ਸਾਰੇ ਹੀ ਬੈਂਕਾਂ ਦੇ ਡਾਟਾ ਹੈਕ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਐੱਫ ਆਈ ਏ ਨੇ ਸਾਰੇ ਬੈਂਕਾਂ ਨੂੰ ਇਸ ਬਾਰੇ ਇੱਕ ਪੱਤਰ ਲਿਖਿਆ ਤੇ ਬੈਂਕਾਂ ਦੇ ਮੁਖੀਆਂ ਅਤੇ ਸੁਰੱਖਿਆ ਪ੍ਰਬੰਧਕਾਂ ਦੀ ਇਕ ਬੈਠਕ ਬੁਲਾਈ ਜਾ ਰਹੀ ਹੈ।

## ਫਿਲਮ 'ਜ਼ੀਰੋ' ਦੇ ਪੋਸਟਰ ਵਿੱਚ ਕ੍ਰਿਪਾਨ ਵੇਖ ਕੇ ਸਿੱਖ ਭਾਈਚਾਰਾ ਭੜਕਿਆ



ਨਵੀਂ ਦਿੱਲੀ, 6 ਨਵੰਬਰ (ਪੋਸਟ ਬਿਊਰੋ)- ਸ਼ਾਹਰੁਖ ਖਾਨ ਦੀ ਫਿਲਮ 'ਜ਼ੀਰੋ' ਦੇ ਪੋਸਟਰ ਉਤੇ ਸਿੱਖ ਭਾਈਚਾਰੇ ਨੇ ਨਾਰਾਜ਼ਗੀ ਪ੍ਰਗਟਾਈ ਹੈ। ਇਸ ਦੇ ਇੱਕ ਪੋਸਟਰ ਵਿੱਚ ਸ਼ਾਹਰੁਖ ਖਾਨ ਨੇ ਕਿਰਪਾਨ ਪਾਈ ਹੋਈ ਹੈ। ਇਸੇ ਪੋਸਟਰ ਉੱਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐੱਸ ਜੀ ਪੀ ਸੀ) ਅਤੇ ਹੋਰ ਸਿੱਖ ਸੰਗਠਨਾਂ ਨੇ ਵਿਰੋਧ ਪ੍ਰਗਟ ਕੀਤਾ ਹੈ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਫਿਲਮ ਦੇ ਪੋਸਟਰ 'ਚ ਸ਼ਾਹਰੁਖ ਨੰਗੇ ਬਦਨ ਨੋਟਾਂ ਦਾ ਹਾਰ ਪਾਈ ਅਤੇ ਗਲੇ 'ਚ ਗਾਤਰਾ (ਕ੍ਰਿਪਾਨ) ਪਾਈ ਵਿਖਾਈ ਦੇ ਰਹੇ ਹਨ, ਜਿਹੜੀ ਸਿੱਖਾਂ ਦੇ ਪੰਜ ਕੱਕਾਰਾਂ 'ਚੋਂ ਇੱਕ ਹੈ। ਇਸ ਨੂੰ ਮਜ਼ਾਕੀਆ ਢੰਗ ਨਾਲ ਦਿਖਾਇਆ ਗਿਆ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਬਾਰੇ ਡੀ ਐੱਸ ਜੀ ਪੀ ਸੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ ਰਾਣਾ ਨੇ ਚਿੱਠੀ ਜਾਰੀ ਕਰ ਕੇ ਕਿਹਾ, ਕਿਰਪਾਨ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ, ਇਹ ਸਿਰਫ ਵਿਖਾਵਾ ਨਹੀਂ, ਇਸ ਨਾਲ ਮਨੁੱਖੀ ਭਾਵਨਾਵਾਂ ਅਤੇ ਸੰਕਲਪ ਜੁੜੇ ਹੋਏ ਹਨ। ਇਹ ਇੱਕ ਪ੍ਰਣ ਹੈ ਜਿਸ ਨਾਲ ਆਤਮ ਵਿਸ਼ਵਾਸ ਅਤੇ ਆਤਮ ਸਨਮਾਨ ਨੂੰ ਕਾਇਮ ਰੱਖਦਿਆਂ ਗਰੀਬ ਮਜ਼ਲੂਮਾਂ ਦੀ ਰਾਖੀ ਲਈ ਜ਼ੁਲਮ ਦੇ ਖਿਲਾਫ ਉਠਾਉਣ ਦਾ ਸੰਕਲਪ ਜੁੜਿਆ ਹੈ, ਪਰ ਫਿਲਮਾਂ ਵਿੱਚ ਇਸ ਤਰ੍ਹਾਂ ਧਾਰਮਿਕ ਚਿੰਨ੍ਹਾਂ ਦਾ ਮਜ਼ਾਕ ਉਠਾਉਣਾ ਟ੍ਰੈਂਡ ਜਿਹਾ ਬਣ ਗਿਆ ਹੈ। ਉਨ੍ਹਾਂ ਫਿਲਮ ਨਿਰਮਾਤਾਵਾਂ ਅਤੇ ਸ਼ਾਹਰੁਖ ਖਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਛੇਤੀ ਤੋਂ ਛੇਤੀ ਆਪਣੇ ਇਸ ਪੋਸਟਰ ਨੂੰ ਵਾਪਸ ਲੈਣ। ਫਿਲਮ 'ਚੋਂ ਵੀ ਇਨ੍ਹਾਂ ਦ੍ਰਿਸ਼ਾਂ ਨੂੰ ਹਟਾਉਣ ਜਿਨ੍ਹਾਂ 'ਚ ਕਿਰਪਾਨ ਦਾ ਮਜ਼ਾਕ ਉਡਾਇਆ ਗਿਆ ਹੈ, ਜੇ ਅਜਿਹਾ ਨਾ ਕੀਤਾ ਗਿਆ ਤਾਂ ਫਿਲਮ ਦੇ ਖਿਲਾਫ ਵਿਰੋਧ ਦਰਜ ਕਰਾ ਕੇ ਉਸ ਦੀ ਰਿਲੀਜ਼ ਨੂੰ ਰੋਕਿਆ ਜਾਵੇਗਾ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ 'ਮਨਮਰਜ਼ੀਆਂ' ਫਿਲਮ 'ਚ ਵੀ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਚਿੱਤਰਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ।

ਉਸ ਸਿੱਖ ਬੀਬੀ ਨੂੰ ਦੇਖ ਕੇ ਸਫੀਆ ਹੈਰਾਨ ਰਹਿ ਗਈ। ਉਹ ਉਸ ਦੀ ਮਰਹੂਮ ਅੰਮੀ ਨਾਲ ਕਿੰਨੀ ਮਿਲਦੀ ਸੀ। ਉਸੇ ਤਰ੍ਹਾਂ ਦਾ ਭਾਰੀ ਜਿਹਾ ਜਿਸਮ, ਉਹੋ ਜਿਹੀਆਂ ਨੇਕੀ ਮੁਹੱਬਤ ਤੇ ਰਹਿਮਦਿਲੀ ਦੀ ਰੌਸ਼ਨੀ ਨਾਲ ਝਿਲਮਿਲਾਉਂਦੀਆਂ ਨਿੱਕੀਆਂ-ਨਿੱਕੀਆਂ ਅੱਖਾਂ, ਚਮਕੀਲਾ ਪਾਰਦਰਸ਼ੀ ਚਿਹਰਾ, ਜਿਵੇਂ ਖੁੱਲ੍ਹੀ ਕਿਤਾਬ ਅਤੇ ਉਹੋ ਜਿਹਾ ਸਫੈਦ ਮਲਮਲ ਦਾ ਮੁਕੈਸ਼ ਵਾਲਾ ਦੁਪੱਟਾ, ਜਿਹੋ ਜਿਹਾ ਉਸ ਦੀ ਮਾਂ ਸਿਰ ਉਤੇ ਲੈ ਕੇ ਮੁਹੱਰਮ ਦੀਆਂ ਮਜਲਿਸਾਂ ਵਿੱਚ ਜਾਂਦੀ ਹੁੰਦੀ ਸੀ।

ਜਦੋਂ ਸਫੀਆ ਨੇ ਕਈ ਵਾਰ ਉਸ ਔਰਤ ਵੱਲ ਪਿਆਰ ਨਾਲ ਦੇਖਿਆ ਤਾਂ ਉਸ ਨੇ ਵੀ ਆਪਣੀ ਨੂੰਹ ਦੀ ਮਾਰਫਤ ਸਫੀਆ ਬਾਰੇ ਜਾਣਕਾਰੀ ਲਈ। ਸਫੀਆ ਨੇ ਦੱਸਿਆ ਕਿ ਉਹ ਮੁਸਲਮਾਨ ਹੈ ਤੇ ਕੱਲ੍ਹ ਸਵੇਰੇ ਲਾਹੌਰ ਜਾ ਰਹੀ ਹੈ ਆਪਣੇ ਭਰਾਵਾਂ ਨੂੰ ਮਿਲਣ। ਲਾਹੌਰ ਦਾ ਨਾਂ ਸੁਣ ਕੇ ਉਹ ਔਰਤ ਸਫੀਆ ਕੋਲ ਆ ਬੈਠੀ ਤੇ ਦੱਸਣ ਲੱਗੀ ਕਿ ਉਨ੍ਹਾਂ ਦਾ ਲਾਹੌਰ ਕਿੰਨਾ ਪਿਆਰਾ ਸ਼ਹਿਰ ਹੈ, ਉਥੇ ਲੋਕ ਕਿੰਨੇ ਖੂਬਸੂਰਤ ਹਨ ਸੁਆਦਲੇ ਖਾਣਿਆਂ ਦੇ ਆਸ਼ਕ, ਨਫੀਸ ਕੱਪੜਿਆਂ ਦੇ ਸ਼ੈਦਾਈ ਤੇ ਸੈਰ ਸਪਾਟੇ ਦੇ ਸ਼ੌਕੀਨ, ਜ਼ਿੰਦਾਦਿਲੀ ਦੀ ਮੂਰਤ। ਕੀਰਤਨ ਹੁੰਦਾ ਰਿਹਾ, ਉਹ ਹੌਲੀ-ਹੌਲੀ ਲਾਹੌਰ ਦੀਆਂ ਗੱਲਾਂ ਕਰੀ ਗਈਆਂ। ਸਫੀਆ ਨੇ ਉਸ ਨੂੰ ਵਿੱਚੋਂ ਟੋਕ ਕੇ ਪੁੱਛਿਆ, 'ਤੁਹਾਨੂੰ ਇਧਰ ਆਇਆਂ ਬਹੁਤ ਸਾਲ ਹੋ ਗਏ ਹੋਣਗੇ।'

'ਹਾਂ ਬੇਟੀ, ਉਦੋਂ ਜਦੋਂ ਹਿੰਦੁਸਤਾਨ ਵੰਡਿਆ ਗਿਆ। ਬਹੁਤ ਸਾਲ ਹੋ ਗਏ, ਪਰ ਸਾਡਾ ਵਤਨ ਤਾਂ ਜੀ ਲਾਹੌਰ ਈ ਐ।' ਉਸ ਦੀਆਂ ਪਲਕਾਂ ਵਿੱਚੋਂ ਹੰਝੂਆਂ ਦੇ ਮੋਤੀ ਦੁਪੱਟੇ 'ਤੇ ਡਿੱਗ ਪਏ ਤੇ ਫਿਰ ਗੱਲ ਅੱਗੇ ਚੱਲ ਪਈ, ਉਹੀ ਇਕ ਗੱਲ ਸਾਡਾ ਲਾਹੌਰ!

ਕੀਰਤਨ ਕੋਈ ਗਿਆਰਾਂ ਕੁ ਵਜੇ ਖਤਮ ਹੋਇਆ। ਜਦੋਂ ਉਹ ਪ੍ਰਸ਼ਾਦ ਲੈ ਕੇ ਸਫੀਆ ਦੇ ਸਲਾਮ ਦੇ ਜਵਾਬ ਵਿੱਚ ਅਸੀਸਾਂ ਦਿੰਦੀ ਹੋਈ ਵਿਦਾ ਹੋਣ ਲੱਗੀ ਤਾਂ ਸਫੀਆ ਨੇ ਨਿਵੇਕਲੇ ਜਿਹੇ ਹੋ ਕੇ ਹੌਲੀ ਜਿਹੀ ਉਸ ਨੂੰ ਪੁੱਛਿਆ, 'ਤੁਸੀਂ ਜੇ ਲਾਹੌਰ ਤੋਂ ਕੋਈ ਸੌਗਾਤ ਮੰਗਵਾਉਣੀ ਹੋਵੇ ਤਾਂ ਮੈਨੂੰ ਹੁਕਮ ਕਰੋ।' ਉਹ ਗੱਡੀ ਦੇ ਦਰਵਾਜ਼ੇ ਨਾਲ ਲੱਗੀ ਖੜੀ ਸੀ। ਕਾਫੀ ਹਿਚਕਿਚਾਹਟ ਨਾਲ ਉਸੇ ਤਰ੍ਹਾਂ ਹੌਲੀ ਜਿਹੀ ਬੋਲੀ, 'ਲਿਆ ਸਕੇਂ ਤਾਂ ਬੇਟੀ, ਥੋੜ੍ਹੀ ਜਿਹਾ ਲਾਹੌਰੀ ਨਮਕ ਲਿਆ ਦਈਂ।'

***

ਪੰਦਰਾਂ ਦਿਨ ਕਿਵੇਂ ਲੰਘ ਗਏ, ਸਫੀਆ ਨੂੰ ਪਤਾ ਹੀ ਨਾ ਲੱਗਿਆ। ਜਿਮਖਾਨਾ ਦੀਆਂ ਸ਼ਾਮਾਂ, ਦੋਸਤਾਂ ਦੀ ਮੁਹੱਬਤ, ਭਰਾਵਾਂ ਦੀ ਖਾਤਰਦਾਰੀ, ਉਨ੍ਹਾਂ ਦਾ ਵੱਸ ਨਹੀਂ ਸੀ ਚੱਲਦਾ ਕਿ ਵਿਛੜੀ ਭੈਣ ਲਈ ਕੀ ਕੁਝ ਕਰ ਦੇਣ। ਦੋਸਤਾਂ ਅਜ਼ੀਜ਼ਾਂ ਦੀ ਇਹ ਹਾਲਤ ਕਿ ਕੋਈ ਕੁਝ ਚੁੱਕੀ ਆ ਰਿਹਾ ਹੈ, ਕੋਈ ਕੁਝ। ਕਿੱਥੇ ਰੱਖਾਂ, ਕਿਵੇਂ ਬੰਨ੍ਹਾਂ, ਕਿਵੇਂ ਲੈ ਜਾਵਾਂ-ਇਕ ਮਸਲਾ ਖੜਾ ਹੋ ਗਿਆ ਤੇ ਸਭ ਤੋਂ ਵੱਡਾ ਮਸਲਾ ਉਹ ਬਦਾਮੀ ਰੰਗ ਦਾ ਛੋਟਾ ਜਿਹਾ ਲਿਫਾਫਾ ਲਾਹੌਰੀ ਨਮਕ ਦਾ। ਉਸ ਨੇ ਹੌਲੀ ਜਿਹੀ ਆਪਣੇ ਭਰਾ ਨੂੰ ਪੁੱਛਿਆ, 'ਨਮਕ ਲਿਜਾ ਸਕਦੀ ਹਾਂ?'

'ਨਮਕ ਕਿਵੇਂ ਲੈ ਜਾਵੇਂਗੀ? ਇਹ ਤਾਂ ਗੈਰ ਕਾਨੂੰਨੀ ਹੈ, ਨਾਲੇ ਨਮਕ ਤੂੰ ਕਰਨਾ ਕੀ ਹੈ? ਤੁਹਾਡੇ ਹਿੱਸੇ ਤਾਂ ਪਹਿਲਾਂ ਈ ਸਾਡੇ ਨਾਲੋਂ ਵੱਧ ਨਮਕ ਆਇਆ ਹੈ।'

'ਹਿੱਸੇ ਪੱਤੀ ਦੀ ਗੱਲ ਕੌਣ ਕਰਦਾ ਹੈ? ਆਇਆ ਹੋਵੇਗਾ,' ਉਸ ਨੇ ਖਿਝ ਕੇ ਕਿਹਾ, 'ਪਰ ਮੈਨੂੰ ਤਾਂ ਲਾਹੌਰੀ ਨਮਕ ਚਾਹੀਦੈ, ਮੇਰੀ ਮਾਂ ਨੇ ਮੰਗਵ-ਾਇਆ ਹੈ।'

ਭਰਾ ਦੀ ਸਮਝ ਵਿੱਚ ਕੁਝ ਨਹੀਂ ਆਇਆ, ਜ਼ਰਾ ਨਰਮੀ ਨਾਲ ਸਮਝਾਉਣ ਦੇ ਰੰਗ ਵਿੱਚ ਬੋਲਿਆ,'ਦੇਖ ਆਪਾ! ਤੂੰ ਕਸਟਮ ਵਿੱਚੋਂ ਲੰਘਣਾ ਹੈ ਤੇ ਤੇਰੇ ਕੋਲੋਂ ਜੇ ਇਕ ਵੀ ਅਜਿਹੀ ਚੀਜ਼ ਨਿਕਲ ਆਈ ਤਾਂ ਤੇਰੇ ਸਾਮਾਨ ਨੂੰ ਪੱਤ-ਪੱਤ ਕਰ ਕੇ ਖਿਲਾਰ ਦੇਣਗੇ ਕਸਟਮ ਵਾਲੇ।'

'ਨਿਕਲ ਆਈ ਦਾ ਕੀ ਮਤਲਬ?' ਉਹ ਨਾਰਾਜ਼ਗੀ ਵਿੱਚੋਂ ਬੋਲੀ, 'ਮੈਂ ਛੁਪਾ ਕੇ ਥੋੜ੍ਹਾ ਲਿਜਾਵਾਂਗੀ। ਮੈਂ ਦਿਖਾ ਕੇ, ਕਹਿ ਕੇ ਲਿਜਾਵਾਂਗੀ।'

'ਬਈ ਇਹ ਤਾਂ ਤੂੰ ਬਹੁਤ ਗਲਤੀ ਕਰੇਂਗੀ। ਕਾਨੂੰਨ-ਕਾਨੂੰਨ ਹੀ ਹੁੰਦਾ ਹੈ, ਮੈਂ ਤੈਨੂੰ ਦੱਸ ਰਿਹਾਂ।'

'ਅੱਛਾ! ਸਭ ਕਾਨੂੰਨ ਹਕੂਮਤ ਦੇ ਹੀ ਹੁੰਦੇ ਹਨ, ਮੁਹੱਬਤ ਦੇ, ਇਨਸਾਨੀਅਤ ਦੇ ਕੋਈ ਕਾਨੂੰਨ ਨਹੀਂ? ਕਸਟਮ ਵਾਲੇ ਵੀ ਤਾਂ ਇਨਸਾਨ ਹਨ, ਮਸ਼ੀਨ ਤਾਂ ਨਹੀਂ।'

'ਹਾਂ! ਮਸ਼ੀਨ ਤਾਂ ਨਹੀਂ ਹੁੰਦੇ, ਪਰ

## ਉਰਦੂ ਕਹਾਣੀ -ਤੋਹਫਾ-

-ਰਜ਼ੀਆ ਸੱਜਾਦ ਜ਼ਹੀਰ

-ਪੰਜਾਬੀ ਰੂਪ-ਡਾ. ਜਸਬੀਰ ਕੇਸਰ

ਉਹ ਸ਼ਾਇਰ ਅਤੇ ਅਦੀਬ ਵੀ ਨਹੀਂ ਹੁੰਦੇ। ਉਨ੍ਹਾਂ ਨੇ ਵੀ ਆਪਣਾ ਫਰਜ਼ ਪੂਰਾ ਕਰਨਾ ਹੁੰਦਾ ਹੈ।'

'ਮੈਂ ਕਦੋਂ ਕਹਿੰਦੀ ਹਾਂ ਕਿ ਉਹ ਆਪਣਾ ਫਰਜ਼ ਪੂਰਾ ਨਾ ਕਰਨ। ਇਕ ਤੋਹਫਾ ਹੈ, ਦੇਖ ਲੈਣ! ਕੋਈ ਸੋਨਾ ਚਾਂਦੀ ਨਹੀਂ ਤੇ ਨਾ ਹੀ ਕੋਈ ਬਲੈਕ ਮਾਰਕੀਟ ਦਾ ਮਾਲ ਹੈ।'

'ਤੇਰੇ ਨਾਲ ਕੌਣ ਬਹਿਸ ਕਰੇ ਆਪਾ? ਤੂੰ ਐਂ ਅਦੀਬ ਤੇ ਸਾਰੇ ਅਦੀਬਾਂ ਦੇ ਦਿਮਾਗ ਅੱਧੇ ਖਰਾਬ ਹੁੰਦੇ ਹਨ, ਪਰ ਮੈਂ ਦੱਸ ਰਿਹਾਂ ਕਿ ਤੂੰ ਇਹ ਨਹੀਂ ਲਿਜਾ ਸਕੇਂਗੀ। ਕਸਟਮ 'ਤੇ ਰਖਵਾ ਲਿਆ ਜਾਵੇਗਾ ਤੇ ਬਦਨਾਮੀ ਅੱਡ ਹੋਵੇਗੀ।'

'ਕਾਸ਼! ਕੁਝ ਜ਼ਿਆਦਾ ਲੋਕਾਂ ਦਾ ਦਿਮਾਗ ਸਾਡੇ ਅਦੀਬਾਂ ਵਾਂਗ ਖਰਾਬ ਹੁੰਦਾ।' ਉਹ ਖਿਝ ਕੇ ਬੁੜਬੁੜਾਈ।

ਇਸ ਬਦਮਗਜ਼ੀ ਵਿੱਚ ਕਾਫੀ ਰਾਤ ਹੋ ਗਈ। ਅਗਲੇ ਦਿਨ ਦੋ ਵਜੇ ਉਸ ਵਾਪਸ ਜਾਣਾ ਸੀ ਤੇ ਸਵੇਰ ਦਾ ਵਕਤ ਮਿਲਣ ਗਿਲਣ ਵਾਲਿਆਂ ਨਾਲ ਬੀਤ ਜਾਣਾ ਸੀ। ਪੈਕਿੰਗ ਰਾਤ ਨੂੰ ਕਰਨੀ ਪੈਣੀ ਸੀ। ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਕੇ ਉਹ ਸਾਮਾਨ ਬੰਨ੍ਹਣ ਲੱਗੀ। ਸਾਰਾ ਸਾਮਾਨ ਹੌਲੀ-ਹੌਲੀ ਸੂਟਕੇਸ ਤੇ ਬਿਸਤਰ-ਬੰਨ੍ਹ ਵਿੱਚ ਸਿਮਟ ਗਿਆ। ਸਿਰਫ ਦੋ ਚੀਜ਼ਾਂ ਰਹਿ ਗਈਆਂ, ਇਕ ਕਿੰਨੂਆਂ ਦੀ ਛੋਟੀ ਜਿਹੀ ਟੋਕਰੀ ਕਿਸੇ ਅਤਿ ਪਿਆਰੇ ਦੋਸਤ ਵੱਲੋਂ ਦਿੱਤਾ ਲਜ਼ੀਜ਼ ਫਲ ਦਾ ਤੋਹਫਾ ਤੇ ਨਮਕ ਦੀ ਉਹ ਛੋਟੀ ਜਿਹੀ ਥੈਲੀ।

ਸਫੀਆ ਨੇ ਸੋਚਿਆ, 'ਇਹਨੂੰ ਹੱਥ ਵਿੱਚ ਫੜ ਲਵਾਂਗੀ, ਕਸਟਮ ਵਾਲਿਆਂ ਮੂਹਰੇ ਸਭ ਤੋਂ ਪਹਿਲਾਂ ਇਹੋ ਰੱਖਾਂਗੀ। ਜੇ ਉਨ੍ਹਾਂ ਨੇ ਨਾ ਜਾਣ ਦਿੱਤਾ ਤਾਂ ਛੱਡ ਦਿਆਂਗੀ, ਪਰ ਫੇਰ ਵਾਅਦੇ ਦਾ ਕੀ ਹੋਵੇਗਾ? ਅੱਜ ਤੱਕ ਕਿਸੇ ਨਾਲ ਕੋਈ ਝੂਠਾ ਇਕਰਾਰ ਨਹੀਂ ਕੀਤਾ। ਇਹ ਮੇਰੀ ਸ਼ਾਨ ਦੇ ਖਿਲਾਫ ਹੈ। ਮੈਂ ਪਹਿਲਾਂ ਜ਼ੁਬਾਨ ਹੀ ਕਿਉਂ ਦਿੱਤੀ। ਇਹ ਤਾਂ ਪਹਿਲਾਂ ਸੋਚਣਾ ਚਾਹੀਦਾ ਸੀ ਕਿ ਕਸਟਮ ਵਿੱਚੋਂ ਲੰਘਣਾ ਹੈ।' ਫਿਰ ਕੁਝ ਸੋਚ ਕੇ ਉਹ ਉਠੀ। ਕਿੰਨੂਆਂ ਦੀ ਟੋਕਰੀ ਕਾਲੀਨ ਉਤੇ ਖਾਲੀ ਕਰ ਦਿੱਤੀ ਤੇ ਨਮਕ ਦੀ ਥੈਲੀ ਸਭ ਤੋਂ ਥੱਲੇ ਰੱਖ ਕੇ ਉਪਰ ਕਿੰਨੂ ਚਿਣ ਦਿੱਤੇ। ਕਿੰਨੂਆਂ 'ਤੇ ਕੋਈ ਪਾਬੰਦੀ ਨਹੀਂ।' ਕੁਝ ਦੇਰ ਉਹ ਟੋਕਰੀ ਕੋਲ ਪੈਰਾਂ ਭਾਰ ਬੈਠੀ ਰਹੀ, ਸੋਚਦੀ ਰਹੀ ਤੇ ਉਨ੍ਹਾਂ ਕਹਾਣੀਆਂ ਨੂੰ ਯਾਦ ਕਰਦੀ ਰਹੀ ਜਿਨ੍ਹਾਂ ਵਿੱਚ ਕੋਈ ਸਹਿਜ਼ਾਦਾ ਆਪਣਾ ਪੱਟ ਚੀਰ ਕੇ ਉਸ ਵਿੱਚ ਹੀਰਾ ਛੁਪਾ ਲੈਂਦਾ ਤੇ ਸਰਹੱਦੋਂ ਪਾਰ ਹੋ ਜਾਂਦਾ। ਅੱਜ ਦੇ ਸਮੇਂ ਵਿੱਚ ਅਜਿਹੀ ਕੋਈ ਤਰਕੀਬ ਨਹੀਂ ਹੋ ਸਕਦੀ, ਨਹੀਂ ਤਾਂ ਉਹ ਦਿਲ ਚੀਰ ਕੇ ਉਸ ਵਿੱਚ ਨਮਕ ਦੀ ਥੈਲੀ ਛੁਪਾ ਲੈਂਦੀ। ਥੈਲੀ ਕਿੰਨੂਆਂ ਵਿੱਚ ਪੂਰੀ ਤਰ੍ਹਾਂ ਛੁਪ ਗਈ। ਸੰਤੁਸ਼ਟ ਹੋ ਕੇ ਉਸ ਨੇ ਸੂਟਕੇਸ ਪਲੰਘ ਥੱਲੇ ਸਰਕਾਇਆ ਟੋਕਰੀ ਸਿਰਹਾਣੇ ਵੱਲ ਰੱਖੀ ਤੇ ਲੇਟ ਗਈ।

ਰਾਤ ਦਾ ਕਰੀਬ ਡੇਢ ਵੱਜ ਚੁੱਕਾ ਸੀ। ਮਾਰਚ ਦੀ ਸੁਹਾਵੀ ਹਵਾ ਖਿੜਕੀ ਦੀ ਜਾਲੀ ਵਿੱਚੋਂ ਅੰਦਰ ਆ ਰਹੀ ਸੀ। ਬਾਹਰ ਠੰਢਾ ਤੇ ਸਾਫ ਚਾਨਣ ਫੈਲਿਆ ਹੋਇਆ ਸੀ। ਖਿੜਕੀ ਦੇ ਕੋਲ ਬਾਹਰ ਲੱਗੇ ਦਰੱਖਤ ਦੀਆਂ ਪੱਤੀਆਂ ਦਾ ਪਰਛਾਵਾਂ ਕਮਰੇ ਦੀ ਸਾਹਮਣੇ ਕੰਧ 'ਤੇ ਪੈ ਰਿਹਾ ਸੀ। ਇਹ ਪਾਕਿਸਤਾਨ ਸੀ, ਜਿਥੇ ਉਸ ਦੇ ਵੀਰ ਸਨ, ਦੋਸਤ ਸਨ, ਉਸ ਦੇ ਅੱਬਾ ਦੀ ਕਬਰ ਸੀ ਤੇ ਇਸ ਸਭ ਕੁਝ ਦੇ ਵਿਚਕਾਰ ਇਕ ਸਰਹੱਦ ਸੀ ਅਤੇ ਬੜੀਆਂ ਤਿੱਖੀਆਂ ਲੋਹੇ ਦੀਆਂ ਸੀਖਾਂ ਸਨ, ਜਿਨ੍ਹਾਂ ਨੂੰ 'ਕਸਟਮ' ਕਿਹਾ ਜਾਂਦਾ ਸੀ। ਭਲਕੇ ਉਹ ਲਾਹੌਰ ਤੋਂ ਚਲੀ ਜਾਵੇਗੀ। ਹੋ ਸਕਦਾ ਹੈ ਕਿ ਅਗਲੇ ਸਾਲ ਫਿਰ ਆਏ। ਇਕ ਸਾਲ ਤੋਂ ਪਹਿਲਾਂ ਉਹ ਆ ਨਹੀਂ ਸਕਦੀ। ਹੋ ਸਕਦੈ ਕਦੇ ਨਾ ਆ ਸਕੇ। ਉਸ ਦੀਆਂ ਅੱਖਾਂ ਹੌਲੀ-ਹੌਲੀ ਮਿਚਣ ਲੱਗੀਆਂ। ਫਿਰ ਉਸ ਨੂੰ ਇਕ ਝਿਲਮਿਲਾਉਂਦਾ ਸਫੈਦ ਦੁਪੱਟਾ ਲਹਿਰਾਉਂਦਾ ਦਿਸਿਆ, 'ਸਾਨੂੰ ਉਥੋਂ ਆਇਆ ਬੜਾ ਚਿਰ ਹੋ ਗਿਆ, ਪਰ ਸਾਡਾ ਵਤਨ ਤਾਂ ਲਾਹੌਰ ਈ ਐ ਜੀ।' ਫਿਰ ਇਕਬਾਲ ਦਾ ਸਫੈਦ ਮਕਬਰਾ, ਉਸ ਦੇ ਨਾਲ ਲਾਹੌਰ ਦਾ ਕਿਲਾ, ਉਸ ਦੇ ਪਿੱਛੇ ਡੁੱਬਦੇ ਸੂਰਜ ਦੀਆਂ ਆਖਰੀ ਕਿਰਨਾਂ, ਫੈਲਦਾ ਹਨੇਰਾ ਤੇ ਰੰਗੀਨ ਹਨੇਰੇ ਵਿੱਚ ਵਗਦੀ ਨਰਮ ਸੁਆਦਲੀ ਮੌਲਸਰੀ ਦੀ ਸੁਗੰਧ ਨਾਲ ਭਰੀ ਹਵਾ। ਫਿਰ ਹਨੇਰਿਆਂ ਵਿੱਚ ਸਫੈਦ ਦੁਪੱਟਾ ਲਹਿਰਾਉਣ ਲੱਗਿਆ, 'ਸਾਡਾ ਵਤਨ ਤਾਂ ਜੀ ਲਾਹੌਰ ਈ ਐ।' ਯਕਦਮ ਉਸ ਦੀ ਅੱਖ ਖੁੱਲ੍ਹ ਗਈ। ਨੀਂਦ ਵਿੱਚ ਪਾਸਾ ਪਰਤਦਿਆਂ ਉਸ ਦਾ ਹੱਥ ਕਿੰਨੂਆਂ ਦੀ ਭਰੀ ਟੋਕਰੀ ਉਤੇ ਜਾ ਪਿਆ, ਠੰਢੇ ਰਸਦਾਰ, ਮਿੱਠੇ ਕਿੰਨੂ ਜੋ ਭੇਟ ਕਰਦਿਆਂ ਉਸ ਦੇ ਦੋਸਤ ਨੇ ਕਿਹਾ ਸੀ, 'ਇਹ ਹਿੰਦੁਸਤਾਨ-ਪਾਕਿਸਤਾਨ ਦੀ ਸਾਂਝ ਦਾ ਮੇਵਾ ਹੈ।'

ਲਾਹੌਰ ਸਟੇਸ਼ਨ 'ਤੇ ਵੀ ਉਹੋ ਕੁਝ ਹੋ ਰਿਹਾ ਸੀ, ਜੋ ਅੰਮ੍ਰਿਤਸਰ ਹੋਇਆ ਸੀ। ਤੀਜੇ ਦਰਜੇ ਦੇ ਮੁਸਾਫਰ ਆਪੋ ਆਪਣੀਆਂ ਗੱਠੜੀਆਂ ਪੋਟਲੀਆਂ ਸੰਭਾਲੀ ਸਹਿਮੇ, ਘਬਰਾਏ ਹੈਰਾਨ ਪਰੇਸ਼ਾਨ ਆਪਣਾ ਸਾਮਾਨ ਦਿਖਾ ਰਹੇ ਸਨ। ਛੋਟੇ-ਛੋਟੇ ਟੀਨ ਦੇ ਬਕਸੇ, ਪੀਪਿਆਂ ਦੀ ਤਲਾਸ਼ੀ ਲਈ ਜਾ ਰਹੀ ਤੇ ਤਰ੍ਹਾਂ-ਤਰ੍ਹਾਂ ਦੇ ਸਵਾਲ ਕੀਤੇ ਜਾ ਰਹੇ ਸਨ। ਪਹਿਲੇ ਦਰਜੇ ਵਾਲੇ ਵੇਟਿੰਗ ਰੂਮ ਵਿੱਚ ਬੈਠੇ ਇਤਮਿਨਾਨ ਨਾਲ ਸੈਵਨ ਅੱਪ ਪੀ ਰਹੇ ਸਨ। ਉਨ੍ਹਾਂ ਦਾ ਸਾਮਾਨ ਵੇਟਿੰਗ ਰੂਮ ਦੀ ਕੰਧ ਨਾਲ ਸਲੀਕੇ ਨਾਲ ਲੱਗਾ ਹੋਇਆ ਸੀ, ਵੱਡੇ-ਵੱਡੇ ਸੂਟਕੇਸ, ਏਅਰਬੈਗ, ਹੈਂਡਬੈਗ। ਸਫੀਆ ਫਸਟ ਕਲਾਸ ਵਿੱਚ ਸੀ, ਕਿਉਂਕਿ ਦਿੱਲੀ ਤੱਕ ਦਾ ਕਿਰਾਇਆ ਉਸ ਦੇ ਭਰਾ ਨੇ ਅਦਾ ਕੀਤਾ ਸੀ। ਉਹ ਟਿਕਟ ਹੱਥ ਵਿੱਚ ਫੜੀ ਵੇਟਿੰਗ ਰੂਮ ਅੱਗੇ ਟਹਿਲ ਰਿਹਾ ਸੀ। ਉਹ ਅੰਦਰ ਬੈਠੀ, ਚਾਹ ਦੀ ਪਿਆਲੀ ਹੱਥ ਵਿੱਚ ਫੜੀ, ਕਿੰਨੂਆਂ ਦੀ ਟੋਕਰੀ 'ਤੇ ਨਜ਼ਰਾਂ ਗੱਡੀ ਸੋਚ ਰਹੀ ਸੀ ਕਿ ਸਿਰਫ ਉਹੀ ਜਾਣਦੀ ਹੈ ਕਿ ਢੇਰ ਸਾਰੇ ਕਿੰਨੂਆਂ ਥੱਲੇ ਦੱਬੀ ਇਕ ਛੋਟੀ ਜਿਹੀ ਨਮਕ ਦੀ ਥੈਲੀ ਵੀ ਹੈ। ਜਦੋਂ ਉਸ ਦਾ ਸਾਮਾਨ ਚੈਕਿੰਗ ਲਈ ਜਾਣ ਲੱਗਾ ਤਾਂ ਕਸਟਮ ਅਫਸਰ ਨੂੰ ਦੇਖ ਕੇ ਉਸ ਨੂੰ ਝੁਣਝੁਣੀ ਆਈ ਤੇ ਉਸ ਨੇ ਇਕ ਪਲ ਵਿੱਚ ਫੈਸਲਾ ਕਰ ਲਿਆ ਕਿ ਉਹ ਨਮਕ ਕਸਟਮ ਵਾਲਿਆਂ ਨੂੰ ਦਿਖਾਏਗੀ। ਬਿਜਲੀ ਦੀ ਫੁਰਤੀ ਨਾਲ ਉਸ ਨੇ ਟੋਕਰੀ ਦੀ ਤਹਿ ਵਿੱਚੋਂ ਥੈਲੀ ਕੱਢੀ ਤੇ ਆਪਣੇ ਬੈਗ ਵਿੱਚ ਰੱਖ ਲਈ। ਜਦੋਂ ਸਾਮਾਨ ਚੈਕ ਹੋ ਕੇ ਗੱਡੀ ਵੱਲ ਜਾਣ ਲੱਗਾ ਤਾਂ ਇਕ ਕਸਟਮ ਅਧਿਕਾਰੀ ਵੱਲ ਵਧੀ। ਜ਼ਿਆਦਾ ਮੇਜ਼ ਖਾਲੀ ਹੋ ਚੁੱਕੇ ਸਨ। ਆਖਰੀ ਮੇਜ਼ 'ਤੇ ਇਕ ਅਧਿਕਾਰੀ ਬੈਠਾ ਸੀ-ਲੰਬਾ, ਪਤਲਾ, ਕਮਜ਼ੋਰ ਰਿਹਾ ਜੁੱਸਾ, ਖਿਚੜੀ ਵਾਲ ਤੇ ਅੱਖਾਂ ਉਤੇ ਐਨਕ। ਕਸਟਮ ਅਫਸਰ ਦੀ ਵਰਦੀ ਉਸ ਉਪਰ ਬੜੀ ਅਜੀਬ ਲੱਗ ਰਹੀ ਸੀ। 'ਮੈਂ ਤੁਹਾਥੋਂ ਕੁਝ ਪੁੱਛਣਾ ਚਾਹੁੰਦੀ ਹਾਂ,' ਸਫੀਆ ਨੇ ਝਿਜਕਦਿਆਂ ਕਿਹਾ।

ਉਸ ਨੇ ਨਜ਼ਰ ਚੁੱਕ ਕੇ ਵੇਖਿਆ, 'ਫਰਮਾਓ।'

ਉਸ ਦੇ ਲਹਿਜੇ ਨੇ ਸਫੀਆ ਦਾ ਹੌਸਲਾ ਵਧਾਇਆ, 'ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ?' ਅਧਿਕਾਰੀ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ ਤੇ ਕਿਹਾ, 'ਖਾਕਸਾਰ ਦਾ ਵਤਨ ਦਿੱਲੀ ਹੈ। ਤੁਸੀਂ ਤਾਂ ਸਾਡੇ ਵੱਲ ਦੇ ਲੱਗਦੇ ਓ। ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਵੋਗੇ?'

'ਜੀ ਹਾਂ, ਲਖਨਊ ਦੀ ਰਹਿਣ ਵਾਲੀ ਹਾਂ। ਆਪਣੇ ਭਰਾਵਾਂ ਨੂੰ ਮਿਲਣ ਆਈ ਸੀ। ਤੁਹਾਨੂੰ ਪਾਕਿਸਤਾਨ ਆਇਆਂ ਕਾਫੀ ਅਰਸਾ ਹੋ ਗਿਆ ਹੋਵੇਗਾ।'

'ਬਸ ਜਦੋਂ ਪਾਕਿਸਤਾਨ ਬਣਿਆ, ਉਦੋਂ ਹੀ ਆਏ ਸਾਂ, ਪਰ ਸਾਡਾ ਵਤਨ ਦਿੱਲੀ ਹੈ।'

ਸਫੀਆ ਨੇ ਬੈਗ ਖੋਲ੍ਹ ਕੇ ਲੂਣ ਦੀ ਥੈਲੀ ਉਸ ਦੇ ਅੱਗੇ ਰੱਖ ਕੇ ਹੌਲੀ-ਹੌਲੀ ਉਸ ਨੂੰ ਸਭ ਦੱਸ ਦਿੱਤਾ। ਅਧਿਕਾਰੀ ਨੇ ਆਪਣਾ ਇਕ ਹੱਥ ਥੈਲੀ 'ਤੇ ਰੱਖਿਆ ਤੇ ਉਸ ਨੂੰ ਹੌਲੀ-ਹੌਲੀ ਆਪਣੇ ਵੱਲ ਸਰਕਾਉਣ ਲੱਗਾ। ਜਦੋਂ ਸਫੀਆ ਦੀ ਗੱਲ ਮੁੱਕੀ ਤਾਂ ਉਸ ਨੇ ਥੈਲੀ ਦੋਵੇਂ ਹੱਥਾਂ ਵਿੱਚ ਚੁੱਕ ਕੇ ਆਪ ਸਫੀਆ ਦੇ ਖੁੱਲ੍ਹੇ ਬੈਗ ਵਿੱਚ ਰੱਖੀ ਤੇ ਬੈਗ ਉਸ ਨੂੰ ਫੜਾਉਂਦਿਆਂ ਬੋਲਿਆ, 'ਮੁਹੱਬਤਾਂ ਤਾਂ ਕਸਟਮ ਨੇੜਿਓਂ ਇਸ ਤਰ੍ਹਾਂ ਲੰਘ ਜਾਂਦੀਆਂ ਹਨ ਕਿ ਕਾਨੂੰਨ ਹੈਰਾਨ ਰਹਿ ਜਾਂਦਾ ਹੈ।'

ਜਦੋਂ ਉਹ ਤੁਰਨ ਲੱਗੀ ਤਾਂ ਉਹ ਵੀ ਖੜਾ ਹੋ ਗਿਆ ਤੇ ਕਹਿਣ ਲੱਗਾ, 'ਜਾਮਾ ਮਸਜਿਦ ਦੀਆਂ ਪੌੜੀਆਂ ਨੂੰ ਮੇਰਾ ਸਲਾਮ ਦੇਣਾ ਤੇ ਉਸ ਖਾਤੂਨ ਨੂੰ ਨਮਕ ਭੇਟ ਕਰਦਿਆਂ ਮੇਰੇ ਵੱਲੋਂ ਆਖਣਾ ਕਿ ਜੇ ਲਾਹੌਰ ਅਜੇ ਵੀ ਉਨ੍ਹਾਂ ਦਾ ਵਤਨ ਹੈ ਤੇ ਦਿੱਲੀ ਮੇਰਾ ਹੈ, ਹੌਲੀ-ਹੌਲੀ ਸਭ ਠੀਕ ਹੋ ਜਾਏਗਾ।'

ਹਸਰਤ ਭਰੀਆਂ ਨਜ਼ਰਾਂ, ਠੰਢੇ ਹਉਕਿਆਂ ਅਤੇ ਖਾਮੋਸ਼ ਬੁੱਲ੍ਹਾਂ ਨੂੰ ਪਿੱਛੇ ਛੱਡਦੀ ਰੇਲ ਸਰਹੱਦ ਵੱਲ ਵਧੀ। ਅਟਾਰੀ ਸਟੇਸ਼ਨ 'ਤੇ ਪਾਕਿਸਤਾਨੀ ਪੁਲਸ ਉਤਰੀ, ਹਿੰਦੁਸਤਾਨੀ ਪੁਲਸ ਸਵਾਰ ਹੋਈ। ਕੁਝ ਸਮਝ ਨਹੀਂ ਸੀ ਆਉਂਦਾ ਕਿ ਕੌਣ ਪਾਕਿਸਤਾਨੀ ਹੈ ਤੇ ਕੌਣ ਹਿੰਦੁਸਤਾਨੀ, ਕਿੱਥੋਂ ਲਾਹੌਰ ਖਤਮ ਹੋਇਆ ਤੇ ਕਿੱਥੋਂ ਅੰਮ੍ਰਿਤਸਰ ਸ਼ੁਰੂ ਹੋ ਗਿਆ। ਇਕੋ ਜ਼ਮੀਨ ਸੀ, ਇਕੋ ਜ਼ੁਬਾਨ, ਇਕੋ ਜਿਹੀਆਂ ਸੂਰਤਾਂ, ਇਕੋ ਜਿਹਾ ਲਹਿਜਾ ਤੇ ਅੰਦਾਜ਼ ਬਸ ਮੁਸ਼ਕਿਲ ਸਿਰਫ ਇਹੀ ਸੀ ਕਿ ਬੰਦੂਕਾਂ ਦੋਵਾਂ ਦੇ ਹੱਥਾਂ ਵਿੱਚ ਸਨ। ਅੰਮ੍ਰਿਤਸਰ ਸਟੇਸ਼ਨ 'ਤੇ ਵੀ ਉਹੀ ਨਜ਼ਾਰਾ ਸੀ। ਤੀਜੇ ਦਰਜੇ ਦੇ ਮੁਸਾਫਿਰਾਂ ਨਾਲ ਕੁਰੱਖਤ ਵਿਹਾਰ ਤੇ ਸਾਮਾਨ ਦੀ ਤਫਸੀਲੀ ਤਲਾਸ਼ੀ। ਅੱਵਲ ਦਰਜੇ ਵਾਲਿਆਂ ਦਾ ਸਾਮਾਨ ਉਨ੍ਹਾਂ ਦੇ ਡੱਬੇ ਦੇ ਸਾਹਮਣੇ ਉਤਾਰ ਦਿੱਤਾ ਗਿਆ ਸੀ। ਉਨ੍ਹਾਂ ਦੀ ਪੜਤਾਲ ਇਥੇ ਹੋਣੀ ਸੀ। ਆਪੋ-ਆਪਣੇ ਸਾਮਾਨ ਕੋਲ ਖੜੇ ਉਹ ਕੋਕਾ ਕੋਲਾ ਪੀ ਰਹੇ ਸਨ। ਸਫੀਆ ਦਾ ਸਾਮਾਨ ਦੇਖਣ ਜਿਹੜਾ ਅਧਿਕਾਰੀ ਆਇਆ, ਉਹ ਗੱਲਬਾਤ ਦੇ ਲਹਿਜ਼ੇ ਤੋਂ ਬੰਗਾਲੀ ਜਾਪਦਾ ਸੀ।

ਜਦੋਂ ਸਾਰਾ ਸਾਮਾਨ ਦੇਖਿਆ ਜਾ ਚੁੱਕਾ ਤਾਂ ਉਹ ਬਾਕੀ ਲੋਕਾਂ ਤੋਂ ਅੱਡ ਹੋ ਕੇ ਹੌਲੀ ਜਿਹੀ ਬੋਲੀ, 'ਮੇਰੇ ਕੋਲ ਥੋੜ੍ਹਾ ਜਿਹਾ ਨਮਕ ਹੈ।' ਕੰਬਦੇ ਹੱਥਾਂ ਨਾਲ ਬੈਗ ਖੋਲ੍ਹ ਕੇ ਥੈਲੀ ਕੱਢੀ ਤੇ ਕਹਿਣ ਲੱਗੀ, 'ਤੁਹਾਡਾ ਦਿਲ ਕਰੇ ਤਾਂ ਸਾਰਾ ਸਾਮਾਨ ਰੋਕ ਲਵੋ, ਸਿਰਫ ਇਹ ਨਮਕ ਮੈਨੂੰ ਲੈ ਜਾਣ ਦਿਓ।' ਤੇ ਉਸ ਦਾ ਗੱਚ ਭਰ ਆਇਆ। ਅਫਸਰ ਨੇ ਸਿਰ ਤੋਂ ਪੈਰਾਂ ਤੱਕ ਘੂਰਿਆ, ਜਿਵੇਂ ਇਸ ਉਡੀਕ ਵਿੱਚ ਹੋਵੇ ਕਿ ਉਹ ਅੱਗੇ ਕੀ ਕਹਿੰਦੀ ਹੈ। ਸਫੀਆ ਨੇ ਟੁੱਟਦੇ ਸ਼ਬਦਾਂ ਤੇ ਲੜਖੜਾਉਂਦੀ ਜ਼ੁਬਾਨ ਨਾਲ ਸਾਰੀ ਕਹਾਣੀ ਕਹਿ ਦਿੱਤੀ। ਅਫਸਰ ਸਿਰ ਝੁਕਾ ਕੇ ਸੁਣਦਾ ਰਿਹਾ। ਜਦੋਂ ਗੱਲ ਮੁੱਕੀ ਤਾਂ ਉਸ ਨੇ ਸਿਰ ਤੋਂ ਪੈਰਾਂ ਤੱਕ ਸਫੀਆ ਨੂੰ ਦੇਖਿਆ ਤੇ ਕਿਹਾ, 'ਜ਼ਰਾ ਇਧਰ ਆਓ।'

ਸਫੀਆ ਉਸ ਦੇ ਪਿੱਛੇ ਸੋਚਦੀ ਤੁਰੀ ਜਾ ਰਹੀ ਸੀ ਕਿ ਉਸ ਨੇ ਏਨੀ ਇਮਾਨਦਾਰੀ ਵਰਤ ਕੇ ਗਲਤੀ ਕੀਤੀ ਹੈ। ਔਰਤਾਂ ਦੇ ਹੈਂਡਬੈਗ ਦੀ ਉਂਜ ਹੀ ਪੜਤਾਲ ਨਹੀਂ ਹੁੰਦੀ। ਅਫਸਰ ਨੇ ਵੈਸੇ ਵੀ ਉਸ ਦੇ ਸਾਮਾਨ ਨੂੰ ਸਰਸਰੀ ਨਿਗਾਹ ਨਾਲ ਦੇਖਿਆ ਸੀ। ਅੱਗੋਂ ਪਤਾ ਨਹੀਂ ਕੀ ਹੋਵੇਗਾ? ਪਲੇਟਫਾਰਮ ਦੇ ਦੂਜੇ ਕੋਨੇ 'ਤੇ ਇਕ ਕਮਰਾ ਸੀ। ਉਹ ਉਸ ਦੇ ਅੰਦਰ ਗਿਆ, ਸਫੀਆ ਕੁਝ ਹਿਚਕਿਚਾਈ। ਅੰਦਰ ਇਕ ਮੇਜ਼ ਪਿਆ ਸੀ, ਸਿਆਹੀ ਦੇ ਦਾਗਾਂ ਤੇ ਧੂੜ ਨਾਲ ਅੱਟਿਆ। ਤਿੰਨ ਚਾਰ ਘਟੀਆ ਜਿਹੀਆਂ ਕੁਰਸੀਆਂ, ਇਕ ਦਾ ਬੈਂਤ ਟੁੱਟਾ ਹੋਇਆ। ਉਸ ਨੂੰ ਝਿਜਕਦਿਆਂ ਦੇਖ ਅਫਸਰ ਨੇ ਜੇਬ ਵਿੱਚੋਂ ਰੁਮਾਲ ਕੱਢ ਕੇ ਇਕ ਕੁਰਸੀ ਝਾੜੀ ਤੇ ਕਿਹਾ, 'ਆਓ, ਆ ਜਾਓ ਨਾ।' ਉਹ ਅੰਦਰ ਜਾ ਕੇ ਬਹਿ ਗਈ। ਥੈਲੀ ਤੇ ਬੈਗ ਇਕ ਪਾਸੇ ਰੱਖ ਕੇ ਅਫਸਰ ਨੇ ਬਾਹਰ ਖੜੇ ਇਕ ਪੁਲਸੀਏ ਨੂੰ ਇਸ਼ਾਰੇ ਨਾਲ ਬੁਲ-ਾਇਆ। ਸਫੀਆ ਸੁੰਨ ਹੋ ਗਈ, 'ਕੀ ਹੋਵੇਗਾ?'

'ਦੋ ਚਾਹ ਲਿਆਓ,' ਉਸ ਨੇ ਸਿਪਾਹੀ ਨੂੰ ਕਿਹਾ। ਉਹ ਸਫੀਆ ਨੂੰ ਧਿਆਨ ਨਾਲ ਦੇਖ ਕੇ ਚਲਾ ਗਿਆ। ਅਫਸਰ ਨੇ ਮੇਜ਼ ਦਾ ਦਰਾਜ ਖਿੱਚਿਆ ਤੇ ਉਸ ਵਿੱਚ ਪਿੱਛੇ ਕਰਕੇ ਰੱਖੀ ਇਕ ਕਿਤਾਬ ਕੱਢੀ, ਹੱਥ ਨਾਲ ਉਸ ਉਪਰਲੀ ਮਿੱਟੀ ਝਾੜੀ ਤੇ ਸਫੀਆ ਸਾਹਮਣੇ ਰੱਖ ਕੇ ਪਹਿਲਾ ਪੰਨਾ ਖੋਲ੍ਹ ਦਿੱਤਾ। ਖੱਬੇ ਹੱਥ 'ਨਜ਼ਰੂਲ ਇਸਲਾਮ' ਦੀ ਤਸਵੀਰ ਸੀ ਤੇ ਟਾਈਟਲ ਵਾਲੇ ਸਫੇ ਉਤੇ ਧੁੰਦਲੀ ਜਿਹੀ ਸਿਆਹੀ ਵਿੱਚ ਲਿਖਿਆ ਸੀ-

'ਸੁਨੀਲ ਦਾਸ ਗੁਪਤਾ ਲਈ ਸ਼ਮਸੁਲ ਇਸਲਾਮ ਵੱਲੋਂ-ਢਾਕਾ।'

'ਤੁਸੀਂ ਪੂਰਬੀ ਬੰਗਾਲ ਦੇ ਰਹਿਣ ਵਾਲੇ ਹੋ।' ਸਫੀਆ ਨੇ ਅੰਗਰੇਜ਼ੀ ਵਿੱਚ ਪੁੱਛਿਆ।

'ਹਾਂ ਮੇਰਾ ਵਤਨ ਢਾਕਾ ਹੈ।'

'ਏਥੇ ਕਦੋਂ ਤੋਂ ਰਹਿ ਰਹੇ ਹੋ?'

'ਬਸ ਜਦੋਂ ਪਾਕਿਸਤਾਨ ਬਣਿਆ, ਉਦੋਂ ਆਏ ਸਾਂ। ਮੈਂ ਬਾਰ੍ਹਾਂ ਤੇਰ੍ਹਾਂ ਸਾਲਾਂ ਦਾ ਸੀ। ਨਜ਼ਰੂਲ ਇਸਲਾਮ ਤੇ ਟੈਗੋਰ ਨੂੰ ਅਸੀਂ ਬਚਪਨ ਤੋਂ ਪੜ੍ਹਦੇ ਆਏ ਹਾਂ। ਜਿਸ ਦਿਨ ਅਸੀਂ ਆਏ, ਉਸ ਤੋਂ ਠੀਕ ਇਕ ਸਾਲ ਪਹਿਲਾਂ ਇਹ ਕਿਤਾਬ ਮੇਰੇ ਦੋਸਤ ਸ਼ਮਸੂਲ ਇਸਲਾਮ ਨੇ ਮੈਨੂੰ ਭੇਟ ਕੀਤੀ ਸੀ। ਫਿਰ ਅਸੀਂ ਕਲਕੱਤੇ ਰਹੇ ਤੇ ਵਤਨ ਆਉਂਦੇ ਜਾਂਦੇ ਰਹੇ।'

'ਵਤਨ!' ਸਫੀਆ ਨੇ ਜ਼ਰਾ ਹੈਰਾਨੀ ਨਾਲ ਪੁੱਛਿਆ।

'ਹਾਂ ਮੈਂ ਤੁਹਾਨੂੰ ਦੱਸਿਆ ਨਾ ਕਿ ਮੇਰਾ ਵਤਨ ਢਾਕਾ ਹੈ,' ਅਧਿਕਾਰੀ ਨੇ ਜ਼ਰਾ ਨਾਰਾਜ਼ਗੀ ਨਾਲ ਕਿਹਾ।

'ਹਾਂ! ਹਾਂ! ਠੀਕ! ਠੀਕ!' ਸਫੀਆ ਉਸ ਨੂੰ ਕਿਸੇ ਕੀਮਤ 'ਤੇ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ।

'ਪਹਿਲਾਂ ਸਿਰਫ ਇਧਰ ਕਸਟਮ ਹੁੰਦਾ ਸੀ, ਪਰ ਅੱਜ ਕੱਲ੍ਹ ਉਧਰ ਵੀ ਕੁਝ ਗੋਲਮਾਲ ਹੋ ਗਿਆ ਹੈ।' ਉਸ ਨੇ ਚਾਹ ਦਾ ਇਕ ਕੱਪ ਸਫੀਆ ਵੱਲ ਕੀਤਾ ਤੇ ਆਪ ਦੋ ਵੱਡੇ-ਵੱਡੇ ਘੁੱਟ ਭਰ ਕੇ ਕਹਿਣ ਲੱਗਾ, 'ਉਂਜ ਤਾਂ ਡਾਬ (ਨਾਰੀਅਲ ਵਿੱਚ ਪੱਕੀ ਝੀਂਗਾ ਮੱਛੀ) ਕਲਕੱਤਾ ਵਿੱਚ ਵੀ ਹੁੰਦਾ ਹੈ, ਪਰ ਸਾਡੇ ਡਾਬ ਦੇ ਕੀ ਕਹਿਣੈ। ਸਾਡੀ ਜ਼ਮੀਨ ਦੀ ਤਾਸੀਰ ਹੀ ਹੋਰ ਹੈ।'

ਉਠਦਿਆਂ ਉਸ ਨੇ ਥੈਲੀ ਆਪਣੇ ਹੱਥ ਵਿੱਚ ਫੜ ਕੇ ਤੁਰਨਾ ਸ਼ੁਰੂ ਕੀਤਾ। ਸਫੀਆ ਉਸ ਦੇ ਪਿੱਛੇ ਸੀ। ਪਲੇਟਫਾਰਮ 'ਤੇ ਆ ਕੇ ਉਸ ਨੇ ਸਫੀਆ ਦੇ ਹੱਥੋਂ ਬੈਗ ਲਿਆ, ਆਪਣੇ ਹੱਥਾਂ ਨਾਲ ਉਸ ਵਿੱਚ ਨਮਕ ਦੀ ਥੈਲੀ ਰੱਖ ਕੇ, ਬੈਗ ਫੜਾ ਕੇ ਇਕ ਕੁਲੀ ਨੂੰ ਬੁਲਾ ਕੇ ਸਾਮਾਨ ਚੁੱਕਣ ਦਾ ਇਸ਼ਾਰਾ ਕੀਤਾ ਤੇ ਇਸ ਸਾਰੇ ਸਮੇਂ ਵਿੱਚ ਉਸ ਨੇ ਮੂੰਹੋਂ ਇਕ ਸ਼ਬਦ ਵੀ ਨਾ ਕੱਢਿਆ। ਜਦੋਂ ਸਫੀਆ ਬਾਹਰ ਜਾਣ ਵਾਲੇ ਪੁਲ 'ਤੇ ਚੜ੍ਹ ਗਈ ਤਾਂ ਉਸ ਨੇ ਮੁੜ ਦੇਖਿਆ। ਉਹ ਅਜੇ ਤੱਕ ਸਿਰ ਨੀਵਾਂ ਕਰੀ ਖਾਮੋਸ਼ ਖੜਾ ਸੀ। ਪੁਲ ਤੋਂ ਉਤਰਦਿਆਂ ਉਹ ਸੋਚਦੀ ਜਾ ਰਹੀ ਸੀ, 'ਕਿਸ ਦਾ ਵਤਨ ਕਿੱਥੇ ਹੈ? ਉਹ ਜੋ ਕਸਟਮ ਦੇ ਇਸ ਪਾਸੇ ਹੈ ਜਾਂ ਉਹ ਜੋ ਕਸਟਮ ਦੇ ਉਸ ਪਾਸੇ?'

# ਨਾਲੇ ਚੋਰ ਨਾਲੇ ਚਤੁਰਾਈ ਸਦਾ ਕੰਮ ਨਾ ਆਈ



ਹਰਚੰਦ ਸਿੰਘ ਬਾਸੀ


ਨਾਲੇ ਚੋਰ ਅਤੇ ਨਾਲੇ ਚਤੁਰਾਈ ਕਹਾਵਤ ਉਸ ਵਲੇ ਵਰਤੀ ਜਾਂਦੀ ਹੈ ਜਦ ਕਸੂਰਵਾਰ,ਦੋਸ਼ੀ, ਸਾਜਸ਼ੀ ਵੀ ਆਪ ਹੋਵੇ ਅਤੇ ਨਾਲੇ ਚਤੁਰਾਈ ਕਰਕੇ ਦੋਸ਼ ਦੂਜਿਆਂ ਦੇ ਸਿਰ ਮੜ੍ਹਣ ਦਾ ਜ਼ੋਰ ਲਗਾਈ ਜਾਏ। ਅਜਿਹੀ ਗੱਲ ਭਾਰਤ ਅੰਦਰ ਭਾਰਤੀ ਜਨਤਾ ਪਾਰਟੀ ਦੀ ਹੈ। ਅਨੇਕਾਂ ਵਲ ਛਲ ਅਤੇ ਝੂਠੇ ਵਾਅਦਿਆਂ ਦੀ ਜਾਦੂਗਰੀ ਨਾਲ ਰਾਜ ਸਤਾ ਤੇ ਕਾਬਜ਼ ਹੋ ਗਏ। ਇਸ ਵਿੱਚ ਕੋਈ ਸੰਦੇਹ ਨਹੀਂ 2014 ਤੋਂ ਪਹਿਲੀ ਕਾਂਗਰਸ ਸਰਕਾਰ ਦੇ ਮੰਤਰੀਆਂ ਨੇ ਲੋਕਾਂ ਨੂੰ ਚੰਗਾ ਪਰਸਾਸ਼ਨ ਨਹੀਂ ਦਿੱਤਾ ਸਿਹਤ ਸੇਵਾਵਾਂ, ਵਿਦਿਆ ਸਹੂਲਤਾਂ ਨੂੰ ਵਿਕਾਊ ਬਣਾ ਦਿੱਤਾ ਭ੍ਰਿਸ਼ਟਾਚਾਰ ਸ਼ਰੇਆਮ ਲੋਕਾਂ ਨੂੰ ਘੁਣ ਵਾਂਗੂੰ ਚੁੰਬੜਿਆ ਹੋਇਆ ਸੀ। ਬੇਰੁਜ਼ਗਾਰੀ ਕਿਸਾਨੀ ਦੀਆਂ ਸਮੱਸਿਆਵਾਂ ਨੇ ਲੋਕਾਂ ਨੂੰ ਮੰਦਹਾਲੀ ਵਿੱਚ ਧੱਕ ਦਿਤਾ। ਪਰ ਉਸ ਸਰਕਾਰ ਨੇ ਸੰਵਿਧਾਨ ਅਤੇ ਜਮਹੂਰੀ ਸੰਸਥਾਵਾਂ ਨੂੰ ਇਸ ਕਦਰ ਮਲੀਆਮੇਟ ਨਹੀਂ ਕੀਤਾ ਸੀ ਜਿੰਨਾ ਅੱਜ ਸ਼ਾਵਨਵਾਦੀ ਸਰਕਾਰ ਕਰ ਰਹੀ ਹੈ। ਇਸ ਲਈ ਦੇਸ ਦੇ ਲੋਕ ਤੰਤਰ ਨੂੰ ਗੰਭੀਰ ਖਤਰਾ ਪੈਦਾ ਹੋ ਗਿਆ ਹੈ। ਜਮਹੂਰੀ ਸੰਸਥਾਵਾਂ ਦੀ ਭੰਨ ਤੋੜ ਜਾਰੀ ਹੈ।ਲੋਕਾਂ ਨੂੰ ਸੁਚੇਤ ਹੋ ਕੇ ਆਪਣੇ ਹੱਕਾਂ ਦੀ ਰਾਖੀ ਕਰਨ ਦੀ ਲੋੜ ਹੈ।ਕਿਸੇ ਵੀ ਸਰਕਾਰ ਨੂੰ ਆਪਣੇ ਹੱਕਾਂ ਤੇ ਛਾਪਾ ਨਹੀਂ ਮਾਰਨ ਦੇਣਾ ਚਾਹੀਦਾ।

2014 ਦੇ ਪਾਰਲੀਮੈਂਟ ਚੋਣਾ ਵਿੱਚ ਕਾਰਪੋਰੇਟ ਦੀ ਸਹਾਇਤਾ ਅਤੇ ਅਤਿ ਸ਼ਾਵਨਵਾਦੀ ਸੰਸਥਾ ਆਰ ਐਸ ਐਸ ਨੇ ਅਜਿਹਾ ਆਦਮੀ ਜਿਸ ਤੇ ਗੁਜਰ-ਾਤ ਦੰਗਿਆਂ ਦਾ ਦੋਸ਼ ਲੱਗਦੇ ਰਹੇ ਹਨ,ਨੂੰ ਭਾਰਤ ਦੇ ਪ੍ਰਧਾਂਨ ਮੰਤਰੀ ਦੇ ਅਹੁਦੇ ਲਈ ਪੇਸ਼ ਕੀਤਾ ਜਿਹੜਾ ਅਤਿ ਦਰਜੇ ਦਾ ਝੂਠਾ, ਪਾਖੰਡੀ, ਬੜਬੋਲਾ, ਸ਼ਾਵਨਵਾਦੀ, ਕਾਰਪੋਰੇਟ ਘਰਾਣੇ ਦਾ ਚਹੇਤਾ ਸੀ। ਇਸ ਪਾਰਟੀ ਦਾ ਦੇਸ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਨਾਕਾਰਆਤਮਕ ਰੋਲ ਰਿਹਾ ਹੈ। ਕੋਈ ਇੱਕ ਵੀ ਨੇਤਾ ਨਹੀਂ ਜਿਸ ਦੀ ਕੁਰਬਾਨੀ ਦੱਸ ਸਕਦੇ ਹੋਣ। ਇਸ ਲਈ ਬੇਗਾਨਿਆਂ ਤੇ ਚਾਦਰ ਪਾਉਣ ਨੂੰ ਫਿਰਦੇ ਹਨ।

ਦੇਸ ਦੇ ਮੀਡੀਏ ਨੂੰ ਖਰੀਦ ਲਿਆ ਗਿਆ ਜੋ ਹਰ ਸਮੇਂ ਉਸ ਦੇ ਗੁਣਗਾਣ ਕਰਦਾ ਰਹਿੰਦਾ। ਦੇਸ ਵਿੱਚ ਇਕ ਅਜਿਹਾ ਮਹੌਲ ਬਣਾ ਦਿੱਤਾ ਕਿ ਇਸ ਬੰਦੇ ਦੇ ਆਉਣ ਨਾਲ ਸੱਭ ਲੋਕਾਂ ਦਾ ਕਲਿਆਨ ਹੋ ਜਾਏਗਾ। ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਗਏ ਕਾਲਾ ਧਨ ਬਿਦੇਸ਼ੀ ਬੈਕਾਂ ਚੋਂ ਮੰਗਾ ਕੇ ਹਰ ਦੇਸ ਵਾਸੀ ਦੇ ਖਾਤੇ ਵਿੱਚ ਪੰਦਰਾਂ ਲੱਖ ਜਮਾਂ ਹੋ ਜਾਏਗਾ, ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ, ਕਿਸਾਨਾਂ ਦੀ ਆਮਦਨ ਦੁਗਣੀ ਹੋ ਜਾਏਗੀ,ਜੀ ਐਸ ਟੀ ਅਤੇ ਅਧਾਰ ਕਾਰਡ ਵਰਗਾ ਮਾਰੂ ਕਾਨੂੰਨ ਨਹੀਂ ਬਨਣ ਦਿਤੇ ਜਾਣਗੇ, ਭ੍ਰਿਸ਼ਟਾਚਾਰੀ ਨੂੰ ਜੜ ਤੋਂ ਉਖਾੜ ਦਿਤਾ ਜਾਏਗਾ,ਤੇਲ ਦਾਮ ਸਸਤੇ ਕਰ ਦਿੱਤੇ ਜਾਣਗੇ,ਪਾਕਿ-ਸਤਾਨ ਨੂੰ ਮਲੀਆਮੇਟ ਕਰ ਦਿੱਤਾ ਜਾਏਗਾ ਅਜਿਹੇ ਹੋਰ ਅਨੇਕਾਂ ਲੋਕਾਂ ਨੂੰ ਛਲਣ ਵਾਲੇ ਨਾਅਰੇ ਦਿਤੇ। ਲੋਕ ਛਲਾਵੇ ਵਿੱਚ ਆ ਗਏ ਕਿ ਇਸ ਆਦਮੀ ਦੇ ਰਾਜ ਵਿੱਚ ਸੱਭ ਕਸ਼ਟ ਭੁੱਖ, ਨੰਗ ,ਗਰੀਬੀ,ਭ੍ਰਿਸ਼ਟਾਚਾਰ ਤੋਂ ਨਿਜਾਤ ਮਿਲ ਜਾਏਗੀ। ਸੋ ਉਹਨਾਂ ਵੱਡੇ ਬਹੁਮਤ ਨਾਲ ਭਾਰਤੀ ਜਨਤਾ ਪਾਰਟੀ ਨੂੰ ਜਿਤਾ ਦਿਤਾ।

ਬੱਸ ਫਿਰ ਜੋ ਉਸ ਪਾਰਟੀ ਦੇ ਆਦਮੀ ਦੀ ਮਾਨਸਿਕਤਾ ਸੀ ਉਸ ਨੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ। ਗੁਜਰਾਤ ਦੇ ਦੰਗਿਆਂ ਦੀ ਕਿਸਮ ਤੇ ਹਿੰਦੂ ਮੁਸਲਮਾਨ ਦਾ ਭੇੜ ਕਰਾਉਣਾ ਸ਼ੁਰੂ ਕਰ ਦਿੱਤਾ। ਉਸ ਪਾਰਟੀ ਦੇ ਖਰੀਦੇ ਹੋਏ ਟੀ ਵੀ ਚੈਨਲਾਂ ਨੇ ਬੇਰੁਜ਼ਗਾਰੀ ,ਭ੍ਰਿਸ਼ਟਾਚਾਰੀ,ਸਮਾਜਿਕ ਮੇਲ ਜੋਲ ਦੀ ਥਾਂ ਹਿੰਦੂ ਮੁਸਲਿਮ ਨੂੰ ਲੜਾਉਣ ਲਈ ਤਿਖੀ ਬਹਿਸ ਵਿੱਚ ਉਲਝਾ ਲਿਆ ਜਾਂਦਾ। ਕਥਿਤ ਗਊ ਹੱਤਿਆ ਦੇ ਨਾਂ ਤੇ ਇੱਕ ਸਮੁਦਾਏ ਦੇ ਲੋਕਾਂ ਨੂੰ ਕੁੱਟ ਕੁੱਟ ਮਾਰ ਦਿੱਤਾ ਜਾਂਦਾ।ਨੋਟ ਬੰਦੀ ਕਰਕੇ ਸੈਕੜੈ ਲੋਕਾਂ ਦੀ ਜਾਨ ਗਈ ਅਤੇ ਦੇਸ ਨੂੰ ਆਰਥਿਕਤਾ ਨੂੰ ਵੱਡਾ ਨੁਕਸਾਨ ਪਹੁੰਚਾਇਆ।ਭ੍ਰਿਸ਼ਟਾਚਾਰੀ,ਬੇਰੁਜ਼ਗਾਰੀ ਅੱਗੇ ਤੋਂ ਵਧੇਰੇ ਫੈਲ ਗਈ ਇਥੋਂ ਤੱਕ ਕਿ ਪਾਰਟੀ ਪ੍ਰਧਾਨ ਤੇ ਗੰਭੀਰ ਦੋਸ਼ ਲੱਘਣ ਲੱਗੇ। ਤਾਕਤ ਦੇ ਜ਼ੋਰ ਮਾਨਹਾਨੀ ਦੇ ਕੇਸਾਂ ਦਾ ਡਰਾਵਾ ਦੇ ਕੇ ਚੁੱਪ ਕਰਾਇਆ ਗਿਆ ਜਾਂਚ ਏਜੀਆਂ ਨੂੰ ਦਬਾਅ ਕੇ ਰੱਖਿਆ।ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਂਨ ਮੰਤਰੀ ਦੀ ਅਲੋਚਨਾ ਕਰਨ ਵਾਲੇ ਦੇਸ ਦੇ ਪਤਰਕਾਰਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ ਅਤੇ ਕਈ ਚੈਨਲਾਂ ਨੂੰ ਧਮਕੀਆਂ ਦਿਤੀਆਂ ਸੀ ਬੀ ਆਈ ਦੇ ਡਰਾਵੇ ਦਿੱਤੇ ਗਏ। ਪ੍ਰਿੰਟ ਮੀਡੀਆ ਕਬਜ਼ੇ ਵਿੱਚ ਕਰ ਲਏ। ਪਰਸੁਨ ਵਾਜਪਾਈ ਅਤੇ ਅਭਿਸ਼ਾਰ ਸ਼ਰਮਾ ਵਰਗੇ ਸਰਕਾਰ ਦੇ ਨਕਾਰਆਤਮਕ ਕੰਮਾਂ ਦੀ ਅਲੋਚਨਾ ਕਰਨ ਵਾਲੇ ਪਤਰਕਾਰ ਟੀ ਵੀ ਚੈਨਲਾ ਵਿੱਚੋਂ ਕਢਵਾ ਦਿੱਤੇ ਗਏ।ਦੇਸ ਦੇ ਅੰਦਰ ਖੌਫ ਦਾ ਮਹੌਲ ਪੈਦਾ ਕਰਨ ਦੇ ਭਰਭੂਰ ਯਤਨ ਕੀਤੇ। ਜੋ ਲੋਕਾਂ ਨਾਲ ਵਾਅਦੇ ਕੀਤੇ ਸਨ ਉਹਨਾਂ ਵਿੱਚੋਂ ਕਿਸੇ ਇੱਕ ਦਾ ਵੀ ਡੱਡਾ ਨਹੀਂ ਨੂੰਗਿਆ। ਦੇਸ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਮਲੀਆਮੇਟ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਯੂਨੀਵਰਸਿਟੀਆਂ ਅੰਦਰ ਫਿਰਕੂ ਮਹੌਲ ਬਣਾਇਆ ਜਾ ਰਿਹਾ ਹੈ।ਉਚ ਅਹੁਦਿਆਂ ਤੇ ਆਰ ਐਸ ਐਸ ਦੇ ਸ਼ਾਵਨਵਾਦੀ ਲੋਕ ਬਿਠਾਏ ਜਾ ਰਹੇ ਹਨ। ਲਵਜਿਹਾਦ ਦੇ ਨਾ ਤੇ ਨੌਜਵਾਨ ਜੋੜਿਆਂ ਨੂੰ ਕੁਟਿਆ ਮਾਰਿਆ ਗਿਆ। ਲੋਕਾਂ ਦੇ ਖਾਣ ਪੀਣ ਪਹਿਨਣ ਵਿੱਚ ਦਖਲ ਅੰਦਾਜ਼ੀ ਵਧਾ ਦਿਤੀ। ਇਹ ਸਾਰਾ ਕੁੱਝ ਮਿਥੀ ਸਕਮਿ ਅੰਦਰ ਕੀਤਾ ਗਿਆ। ਦੇਸ ਦਾ ਪ੍ਰਧਾਂਨ ਮੰਤਰੀ ਮੂਕ ਦਰਸ਼ਕ ਬਣਿਆ ਰਿਹਾ। ਆਪਣੇ ਮੰਤਰੀਆਂ ਕਾਰਜਕਰਤਾਵਾਂ ਨੂੰ ਅਰਾਜਕਤਾ ਫੈਲਾਉਣ ਲਈ ਨੂੰ ਖੁੱਲੀ ਛੁੱਟੀ ਦਿਤੀ ਗਈ।ਦੇਸ ਦੀ ਸਰਵਉਚ ਅਦਾਲਤ ਵਿੱਚ ਸਵਾਲ ਉਠੇ। ਆਰ ਬੀ ਆਈ ਨੂੰ ਧਮਕਾਇਆ ਜਾ ਰਿਹਾ ਹੈ, ਚਹੇਤੇ ਕਾਰੋਬਾਰੀ ਪੈਸਾ ਲੈ ਕੇ ਬਾਹਰ ਦੌੜ ਗਏ। ਵੱਡੇ ਧਨ ਕੁਬੇਰ ਲੋਕਾਂ ਬੈਂਕਾਂ ਵਿੱਚ ਟੈਕਸਾਂ ਦੁਆਰਾ ਜਮਾਂ ਪੈਸੇ ਬੈਂਕਾਂ ਵਿਚੋਂ ਲੈ ਕੇ ਦੱਬੀ ਬੈਠੇ ਹਨ ਉਹਨਾਂ ਦੇ ਨਾਂ ਸਰਕਾਰ ਉਜਾਗਰ ਨਹੀਂ ਕਰ ਰਹੀ। ਕਿਸਾਨ ਖੁਦਕਸ਼ੀਆਂ ਕਰ ਰਹੇ ਹਨ ਉਹਨਾਂ ਨੂੰ ਕੋਈ ਰਾਹਤ ਨਹੀਂ। ਗੁਜਰਾਤ ਤੋਂ ਆਪਣੇ ਚਹੇਤੇ,ਪਿੰਜਰੇ ਦੇ ਤੋਤੇ ਉਚ ਸੰਸਥਾਵਾਂ ਵਿੱਚ ਲਿਆ ਬਿਠਾਏ। ਗੁਜਰਾਤ ਦੰਗਿਆਂ ਦੇ ਸਾਰੇ ਕੇਸ ਇੱਕ ਇੱਕ ਕਰਕੇ ਖਾਰਜ ਕਰ ਦਿਤੇ। ਉਹਨਾਂ ਸੰਸਥਾਵਾਂ ਰਾਹੀਂ ਵਿਰੋਧੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ। ਅੰਤ ਕੂੜ ਤੋਂ ਪਰਦਾ ਉਠ ਜਾਂਦਾ ਹੈ। ਸੀ ਬੀ ਆਈ ਵਿੱਚ ਮੋਦੀ ਦੁਆਰਾ ਧੱਕੇ ਨਾਲ ਲਾਏ ਗਏ ਸਪੈਸ਼ਲ ਡਾਇਰੈਕਟਰ ਅਸਥਾਨਾ ਤੇ ਉਸੇ ਸੰਸਥਾ ਦੇ ਉਚ ਅਫਸਰ ਨੇ ਭ੍ਰਿਸ਼ਟਾਚਾਰੀ ਦਾ ਕੇਸ ਦਰਜ ਕਰਵ-ਾਇਆ ਹੈ। ਭਿਰਸ਼ਟਾਚਾਰੀ ਨੂੰ ਨੱਥ ਪਾਉਣ ਵਾਲੇ ਪ੍ਰਧਾਨ ਮੰਤਰੀ ਨੇ ਭਿਰਸ਼ਟਾਚਾਰੀ ਨੂੰ ਰੋਕਣ ਵਾਲੇ ਅਫਸਰ ਨੂੰ ਹੀ ਹਟਾ ਦਿਤਾ ਹੈ। ਨਾ ਖਾਊਂਗਾ ਨਾ ਖਾਣ ਦਿਊਂਗਾ ਕਹਿਣ ਵਾਲਾ ਪਰਧਾਨ ਮੰਤਰੀ ਖਾ ਵੀ ਰਿਹਾ ਹੈ ਖਾਣ ਵੀ ਦੇ ਰਿਹਾ ਹੈ। ਇਹ ਸੱਭ ਟੇਬਲ ਦੇ ਥੱਲੇ ਦੀ ਹੋ ਰਿਹਾ ਹੈ।ਰਫੇਲ ਹਵਾਈ ਜਹਾਜਾਂ ਦੇ ਸੌਦੇ ਵਿੱਚ ਬੁਰੀ ਤਰਾਂ ਘਿਰਿਆ ਹੈ ਸੱਭ ਨਿਯਮਾਂ ਨੂੰ ਸਿੱਕੇ ਟੰਗ ਕੇ ਕੀਤੇ ਸੌਦੇ ਦੀ ਦੇਸ ਦੀ ਪਾਰਲੀਮੈਂਟ ਨੂੰ ਕੋਈ ਜਾਣਕਾਰੀ ਨਹੀਂ ਦੇ ਰਿਹਾ। ਉਸ ਦਾ ਕੇਸ ਸੀ ਬੀਆਈ ਨੂੰ ਦਿੱਤਾ ਗਿਆ। ਉਸ ਦੀ ਪੜਤਾਲ ਸ਼ੁਰੂ ਹੋਣੀ ਸੀ। ਇਸ ਕੇਸ ਵਿੱਚ ਫਸਣ ਦੇ ਡਰ ਤੋਂ ਸੀ ਬੀ ਆਈ ਦੇ ਚੀਫ ਡਾਇਰੈਕਟਰ ਨੂੰ ਹਟਾ ਦਿੱਤਾ। ਦੇਸ ਦੀ ਬਦਨਾਮ ਸੰਸਥਾਂ ਆਰ ਐਸ ਐਸ ਅਤੇ ਸਰਕਾਰ ਦੇ ਕਾਰਨਾਮਿਆਂ ਦੀ ਖੁੱਲ ਮਖੁੱਲੀ ਬਦਨਾਮੀ ਹੋ ਰਹੀ ਹੈ। ਲੋਕਾਂ ਦੇ ਮਸਲਿਆਂ ਨੂੰ ਛੱਡ ਕੇ ਧਾਰਮਿਕ ਤਨਾਊ ਬਣਾ ਕੇ 2019 ਦੀਆਂ ਚੋਣਾਂ ਜਿਤਣ ਲਈ ਗੰਦੀ ਖੇਡ ਖੇਡੀ ਜਾ ਰਹੀ ਹੈ। ਦੇਸ ਦੇ ਬੁਧੀਜੀਵੀ ਅਤੇ ਆਮ ਪਬਲਿਕ ਖੇਡੀ ਜਾ ਰਹੀ ਗੰਦੀ ਫਿਰਕੂ ਖੇਡ ਨੂੰ ਜਾਣ ਗਏ ਹਨ। ਸੰਧਿਾਨਕ ਸੰਸਥਾਵਾਂ ਨੂੰ ਬਚਾਉਣ ਲਈ ਅਤੇ ਜਮਹੂਰੀਅਤ ਦੀ ਰਾਖੀ ਲਈ ਇੱਕ ਮੁੱਠ ਹੋ ਕੇ ਗੰਦੀ ਰਾਜਨੀਤੀ ਨੂੰ ਹਰਾ ਦੇਣਗੇ। ਦੇਸ ਦੇ ਸੰਵਿਧਾਨ ਦੁਆਰਾ ਦਿਤੀਆਂ ਗਈਆਂ ਜਮਹੂਰੀ ਸੰਸਥਾਵਾਂ ਨੂੰ ਨਸ਼ਟ ਨਹੀ ਹੋਣ ਦੇਣਗੇ ਅਤੇ ਅਜਿਹੇ ਹਿਟਲਰੀ ਵਿਚਾਰਾਂ ਵਾਲੇ ਲੋਕਾਂ ਨੂੰ ਮੁੜ ਸਤਾ ਤੇ ਕਾਬਜ ਨਹੀਂ ਹੋਣ ਦੇਣਗੇ। ਭਾਰਤ ਦੇਸ ਹਿੰਦੂ,ਮੁਸਲਿਮ,ਸਿੱਖ ਈਸਾਈ ਸੱਭ ਲੋਕਾਂ ਦਾ ਹੈ। ਵੱਖ ਵੱਖ ਕੌਮੀਅਤਾਂ,ਬੋਲੀਆਂ, ਸੱਭਿਆਚਾਰ ਵਾਲੇ ਲੋਕਾਂ ਦਾ ਹੈ। ਦੇਸ ਦੀ ਤਰੱਕੀ ਸੱਭ ਨੇ ਮਿਲ ਕੇ ਕਰਨੀ ਹੈ। ਲੋੜ ਹੈ ਕਿਸੇ ਵਿਤਕਰੇ ਤੋਂ ਬਿਨਾਂ ਸੱਭ ਲਈ ਸਿਖਿਆ, ਸਿਹਤ ਸੇਵਾਵਾਂ, ਕਾਨੂੰਨ ਦੀ ਨਿਆਇਕ ਸਮਾਨਤਾ , ਧਾਰਮਿਕ ਅਜ਼ਾਦੀ, ਭ੍ਰਿਸ਼ਟਾਚਾਰ ਮੁਕਤ ਪ੍ਰਸਾਸ਼ਨ, ਬੋਲਣ, ਲਿਖਣ, ਜਾਨ ਮਾਲ ਦੀ ਸੁਰੱਖਿਅਤਾ ਜਿਹੇ ਅਧਿਕਾਰਾਂ ਦੀ ਰਾਖੀ ਵਾਲੀ ਸਰਕਾਰ ਲੋਕਾਂ ਨੂੰ ਮਿਲੇ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us


- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

# "ਖ਼ੁਦ ਜਲ ਕੇ 'ਇਲਮ-ਏ-ਰੌਸ਼ਨੀ' ਦੇਣ ਵਾਲੇ-ਬਾਬਾ ਸਾਹਿਬ"

ਭਾਰਤ ਇੱਕ ਲੋਕਤੰਤਰੀ ਦੇਸ਼ ਹੈ, ਜਿਥੇ ਸਰਕਾਰ ਲੋਕਾਂ ਦੀ, ਲੋਕਾਂ ਲਈ, ਅਤੇ ਲੋਕਾਂ ਦੁਆਰਾ ਚੁਣੀ ਜਾਂਦੀ ਹੈ। ਜਦੋ ਵੀ ਗੱਲ ਲੋਕਤੰਤਰ ਦੀ ਆਉਂਦੀ ਹੈ, ਤਾਂ ਉਥੇ ਭਾਰਤੀ ਸਵਿਧਾਨ ਦੇ ਨਿਰਮਾਤਾ, ਭਾਰਤ ਰਤਨ, ਡਾ. ਭੀਮ ਰਾਓ ਅੰਬੇਡਕਰ ਦੀ ਗੱਲ ਆਪਣੇ ਆਪ ਤੁਰ ਪੈਂਦੀ ਹੈ। ਜਿਨ੍ਹਾਂ ਨੇ ਆਪਣੇ ਤਨ, ਮਨ ਦੇ ਨਾਲ ਦੋ ਸਾਲ, ਗਿਆਰਾ ਮਹੀਨੇ ਅਤੇ ਅਠਾਰਾਂ ਦਿਨਾਂ ਵਿੱਚ ਭਾਰਤ ਦਾ ਸਵਿਧਾਨ ਰਚਿਆ, ਅਤੇ ਕਈ ਸਦੀਆ ਤੋਂ ਚੱਲਦੀ ਆ ਰਹੀ ਪਿੱਛੜੀ ਤੇ ਮਾੜੀ ਸੋਚ ਵਾਲੀਆ ਰੀਤਾਂ ਨੂੰ ਖਤਮ ਕਰ, ਮਨੁੱਖ ਨੂੰ ਮਨੁੱਖ ਸਮਝਦੇ ਹੋਏ, ਸਾਰਿਆ ਨੂੰ ਬਰਾਬਰ ਅਧਿਕਾਰ ਦਿੱਤੇ।

ਜੇਕਰ ਅੱਜ ਤੋਂ ਕੁੱਝ ਸਮਾਂ ਪਹਿਲਾਂ ਦੀ ਗੱਲ ਕਰੀਏ ਤਾਂ ਭਾਰਤ ਵਿੱਚ ਦਲਿਤ (ਅਛੂਤ) ਕਹੇ ਜਾਣ ਵਾਲੇ ਵਰਗ ਦੀ ਹਾਲਤ ਬਹੁਤ ਤਰਸਯੋਗ ਸੀ, ਕਿਉਂਕਿ ਉਸ ਸਮੇਂ ਛੂਆ-ਛਾਤ, ਜਾਤ-ਪਾਤ ਜਿਹੀਆ ਬਿਮਾਰੀਆ ਸਮਾਜ ਵਿੱਚ ਫੈਲੀਆ ਹੋਈਆ ਸਨ। ਛੂਆ-ਛਾਤ ਇੱਕ ਅੰਦਰੂਨੀ ਅਤੇ ਮਾਨਸਿਕ ਗੁਲਾਮੀ ਹੁੰਦੀ ਹੈ,ਜੋ ਸਰੀਰਕ ਗੁਲਾਮੀ ਤੋਂ ਵੀ ਜਿਆਦਾ ਘਾਤਕ ਹੁੰਦੀ ਹੈ।ਗੁਲਾਮੀ ਜਾਂ ਪ੍ਰਾਧੀਨਤਾ ਦਾ ਭਾਵ ਹੱਕਾਂ ਤੋਂ ਵਾਂਝੇ ਰੱਖਣ ਤੋਂ ਵੀ ਲਿਆ ਜਾ ਸਕਦਾ ਹੈ, ਕਿਉਂਕਿ ਉਸ ਸਮੇਂ ਦੀ ਹਾਕਮ ਜਮਾਤ ਅਛੂਤ ਲੋਕਾਂ ਨੂੰ ਆਪਣੇ ਸਵਾਰਥ ਲਈ ਹੱਕਾ ਤੋਂ ਵਾਂਝੇ ਰੱਖਿਆ ਕਰਦੇ ਸਨ।ਪੰਜਾਬੀ ਦੀ ਇੱਕ ਕਹਾਵਤ ਹੈ ਕਿ ਇਨਸਾਨ ਜੰਮਦਾ ਤਾਂ ਆਜ਼ਾਦ ਹੈ, ਪਰ ਜਿਉਂ-ਜਿਉਂ ਉਹ ਵੱਡਾ ਹੁੰਦਾ ਜਾਂਦਾ ਹੈ, ਉਸਦੀ ਆਜ਼ਾਦੀ ਗੁਆਚਦੀ ਚਲੀ ਜਾਂਦੀ ਹੈ,ਕਿਉਂਕਿ ਉਹ ਜਿੰਦਗੀ ਦੇ ਵੱਖ ਵੱਖ ਝਮੇਲਿਆ ਵਿੱਚ ਗੱਰਸਿਆ ਜਾਂਦਾ ਹੈ। ਪਰ ਜੇਕਰ ਇਸ ਕਹਾਵਤ ਨੂੰ ਉਸ ਸਮੇਂ ਦੇ ਦਲਿਤਾਂ (ਅਛੂਤ) ਦੇ ਹਾਲਾਤਾਂ ਅਨੁਸਾਰ ਵਚਾਰੀਏ ਤਾਂ ਦਲਿਤ ਪਰਿਵਾਰ ਵਿੱਚ ਪੈਦਾ ਹੋਏ ਇਨਸਾਨ ਦੀ ਦਾਸਤਾਨ ਇਸਦੇ ਉਲਟ ਹੁੰਦੀ ਸੀ, ਉਹ ਜੰਮਦਾ ਗੁਲਾਮੀ ਵਿੱਚ ਸੀ, ਜਿਉਂ-ਜਿਉਂ ਉਹ ਵੱਡਾ ਹੁੰਦਾ ਸੀ, ਉਸਦੀ ਗੁਲਾਮੀ ਹੋਰ ਮਜਬੂਤੀ ਧਾਰਨ ਕਰ ਲੈਂਦੀ ਸੀ ਤੇ ਦੁਨੀਆ ਛੱਡ ਜਾਣ ਉਪਰੰਤ ਵੀ ਉਸਦੀ ਗੁਲਾਮੀ ਅਤੇ ਕਰਜੇ ਦੀ ਪੰਡ ਦਾ ਬੋਝ ਉਸਦੀ ਅਗਲੀ ਪੀੜੀ ਨੂੰ ਢੋਣਾ ਪੈਂਦਾ ਸੀ। ਜੇਕਰ ਅੱਜ ਦੀ ਗੱਲ ਕਰੀਏ ਤਾਂ ਅੱਜ ਲਗ-ਪਗ 5-10 ਪ੍ਰੀਸ਼ਤ ਦਲਿਤ ਗਰੀਬੀ ਰੇਖਾ ਤੋਂ ਬਾਹਰ ਹਨ,ਪਰ ਮਾਨਸਿਕ ਤੋਰ ਤੇ ਉਹ ਵੀ ਆਜ਼ਾਦ ਨਹੀ ਹਨ। ਪਹਿਲਾਂ ਅਛੂਤ ਲੋਕਾਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਉਸ ਸਮੇਂ ਉਹਨਾਂ ਅਛੂਤ ਲੋਕਾਂ ਦੇ ਰੋਗ ਅਜਿਹੇ ਨਹੀ ਸਨ ਜਿਹਨਾ ਦਾ ਇਲਾਜ ਨਹੀ ਸੀ ਹੋ ਸਕਦਾ ਪਰ ਹਰੇਕ ਡਾਕਟਰ ਇਲਾਜ ਕਰਨ ਤੋਂ ਕਤਰਾਉਂਦਾ ਸੀ। ਜਿਸਨੂੰ ਇੱਕ ਇਨਕਲਾਬੀ ਕਵੀ "ਫੈਜ਼ ਅਹਿਮਦ ਫੈਜ਼" ਨੇ ਇਓ ਬਿਆਨ ਕੀਤਾ,

"ਹਰ ਚਾਰਾਗਰ ਕੋ ਚਾਰਾਗਰੀ ਸੇ ਗੁਰੇਜ ਥਾ,
ਵਰਨਾ ਹਮੇਂ ਜੋ ਦੁੱਖ ਥੇ ,ਲਾਦਵਾ ਨ ਥੇ।"

ਫਿਰ ਸਮੇਂ ਨੇ ਕਰਵੱਟ ਲਈ ਤੇ ਬੇਸ਼ੁਮਾਰ ਤਸੀਹੇ ਝੱਲਦੇ, ਗੁਲਾਮੀ ਦੀਆ ਜੰਜੀਰਾਂ ਵਿੱਚ ਬੱਝੇ, ਪ੍ਰਾਧੀਨਤਾ ਦੇ ਸ਼ਿਕਾਰ ਹੋਏ ਲੋਕਾ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਵਾਲੇ, 14 ਅਪ੍ਰੈਲ 1891 ਵਿੱਚ ਸੂਬੇਦਾਰ ਰਾਮਜੀ ਸਕਪਾਲ ਦੇ ਘਰ, ਮਾਤਾ ਭੀਮਾਂ ਬਾਈ ਜੀ ਦੀ ਕੁੱਖ ਤੋਂ, ਮਹੂ(ਮਿਲਟਰੀ ਹੈੱਡ ਕੁਆਟਰ ਆੱਫ ਵਾਰ) ਜਿਲ੍ਹਾ ਰਤਨਾਗਿਰੀ, ਮਹਾਰਾਸ਼ਟਰ ਵਿੱਚ ਇੱਕ



ਦੇਵਤਾ ਦਾ ਜਨਮ ਹੋਇਆ। ਜਿਸਨੂੰ ਉਹਨਾਂ ਦੇ ਮਾਤਾ ਪਿਤਾ ਨੇ 'ਭੀਮ' ਦਾ ਨਾਮ ਦਿੱਤਾ। ਉਹ ਇੱਕ ਮਹਾਰ ਭਾਵ ਅਛੂਤ ਪਰਿਵਾਰ ਸੀ। ਉਹ ਆਪਣੇ ਮਾਤਾ ਪਿਤਾ ਦੇ ਚੋਦਵੇ ਸੰਤਾਨ ਸਨ। ਇਹ ਮਨਿਆ ਜਾਂਦਾ ਹੈ ਕਿ ਮਹਾਰਾ ਦੇ ਰਾਸ਼ਟਰ ਤੋਂ ਮਹਾਰਾਸ਼ਟਰ ਸ਼ਬਦ ਬਣਿਆ ਹੈ। ਅਛੂਤ ਜਾਤ ਵਿੱਚ ਜਨਮੇ ਭੀਮ ਨੇ ਜਾਤ-ਪਾਤ ਤੇ ਛੂਆ-ਛਾਤ ਦਾ ਆਪ ਸ਼ਿਕਾਰ ਹੋ ਕੇ, ਸਮਾਜ ਨੂੰ ਇਹਨਾਂ ਬਿਮਾਰੀਆ ਤੋਂ ਮੁਕਤ ਕਰਵਾਉਣ ਦੀ ਸੋਂ ਖਾਧੀ। ਡਾ. ਅੰਬੇਡਕਰ ਨੇ ਉਸ ਸਮੇਂ ਦੀ ਹਾਕਮ ਜਮਾਤ ਨਾਲ ਲੋਹਾ ਲੈ, ਦੱਬੇ ਕੁਚਲੇ ਲੋਕਾਂ ਦਾ ਸਹਾਰਾ ਬਣ ,ਉਹਨਾਂ ਦੀ ਬਹੁ -ਮੁਖੀ ਗੁਲਾਮੀ ਦੀਆ ਜੰਜੀਰਾਂ ਨੂੰ ਕੱਟਣ ਵਿੱਚ ਹੀ ਆਪਣਾ ਸਾਰਾ ਜੀਵਨ ਬਤੀਤ ਕਰ ਦਿੱਤਾ। ਜਿਸਨੂੰ ਮਹਾਨ ਕਵੀ "ਫੈਜ਼ ਅਹਿਮਦ ਫੈਜ਼" ਦੇ ਸ਼ਬਦਾਂ ਵਿੱਚ ਇਓਂ ਬਿਆਨ ਕੀਤਾ ਜਾ ਸਕਦਾ ਹੈ,

"ਹਮ ਨੇ ਉਨ ਪਰ ਕਿਆ ਹਰਫੇ ਹੱਕ ਸੰਗ ਜਨ,
ਜਿਨ ਕੀ ਹੈਬਤ ਸੇ ਦੁਨੀਆ ਲਰਜ਼ਤੀ ਰਹੀ,
ਜਿਨ ਪੇ ਆਂਸੂ ਬਹਾਨੇ ਕੋ ਕੋਈ ਨਾ ਥਾ,
ਆਪਨੀ ਆਂਖ ਉਨਕੇ ਗਮ ਮੇਂ ਬਰਸਤੀ ਰਹੀ"

ਡਾ. ਅੰਬੇਡਕਰ ਦੇ ਜੀਵਨ ਨੂੰ ਪੜਨਾ ਇੱਕ ਤਰ੍ਹਾਂ ਦੀ ਸੰਘਰਸ਼ ਦੀ ਕਹਾਣੀ ਪੜਨ ਦੇ ਸਮਾਨ ਹੈ। ਜੋ ਉਹਨਾਂ ਨੇ ਹਜਾਰਾ ਸਾਲਾਂ ਤੋਂ ਚਲੇ ਆ ਰਹੇ ਜਾਤ-ਪਾਤ, ਛੂਆ-ਛਾਤ ਦੇ ਢਾਂਚੇ ਨੂੰ ਤਹਿਸ ਨਹਿਸ ਕਰਨ ਲਈ ਕੀਤਾ ਤੇ ਇਨਸਾਨ ਨੂੰ ਇਨਸਾਨ ਸਮਝਦੇ ਹੋਏ ਸਾਰਿਆ ਨੂੰ ਬਰਾਬਰ ਅਧਿਕਾਰ ਦਿੱਤੇ।ਉਹਨਾ ਦੀਆਂ ਨਿਗਾਹਾਂ ਵਿੱਚ ਸਾਰੇ ਬਰਾਬਰ ਸਨ। ਉਹਨਾਂ ਨੂੰ ਆਪਣੀ ਜਿੰਦਗੀ ਵਿੱਚ ਬਹੁਤ ਮੋਕੇ ਮਿਲੇ ਜਿਨ੍ਹਾਂ ਨੂੰ ਉਹਨਾ ਨੇ ਸਿਰਫ ਤੇ ਸਿਰਫ ਲੋਕਾਂ ਦੀ ਭਲਾਈ ਕਰਨ ਲਈ ਠੁੱਕਰਾ ਦਿੱਤਾ, ਭਾਵ ਕਿ ਉਹ ਅੱਜ ਦੇ ਜਿਆਦਾਤਰ ਮਨੁੱਖਾਂ ਵਾਂਗ ਖੁਦਗਰਜ ਇਨਸਾਨ ਨਹੀਂ ਸਨ।

ਡਾ. ਅੰਬੇਡਕਰ ਔਰਤਾਂ ਲਈ ਵੀ ਰੱਬ ਬਣ ਕੇ ਆਏ। ਕਿਉਂਕਿ ਜੇਕਰ ਉਸ ਸਮੇਂ ਦੀ ਔਰਤ ਦੀ ਗੱਲ ਕਰੀਏ (ਚਾਹੇ ਉਹ ਕਿਸੇ ਵੀ ਜਾਤ ਦੀ ਹੋਵੇ) ਤਾਂ ਔਰਤ ਉਸ ਸਮੇਂ ਸਿਰਫ ਇੱਕ ਵਸਤੂ ਦੀ ਤਰਾਂ ਸੀ। ਉਸਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਸਿਮਰਤੀਆ ਆਦਿ ਵਿੱਚ ਉਸਨੂੰ ਪਸ਼ੂ ਦੇ ਸਮਾਨ ਆਖਿਆ ਗਿਆ ਸੀ। ਔਰਤ ਦੀ ਇਹ ਹਾਲਾਤ ਕੁੱਝ ਜਿਆਦਾ ਪੁਰਾਣੀ ਨਹੀ ਹੈ।ਔਰਤ ਦੇ ਇਸ ਤਰਸਯੋਗ ਤੇ ਦਰਦਨਾਕ ਵਤੀਰੇ ਤੋਂ ਪਰਭਾਵਿਤ ਹੋ ਕੇ "ਸਾਹਿਰ ਲੁਧਿਆਣਵੀ" ਨੇ ਇਓਂ ਲਿਖਿਆ ਸੀ,

"ਮਦਦ ਚਾਹਤੀ ਹੈ ਹੱਵਾ ਕੀ ਬੇਟੀ,
ਯਸ਼ੋਧਾ ਕੀ ਹਮਜਿਨਸ, ਰਾਧਾ ਕੀ ਬੇਟੀ,
ਪੰਯਬਰ ਕੀ ਉੱਮਤ, ਜੁਲੇਖਾ ਕੀ ਬੇਟੀ,
ਸਨਾਖਾਨੇ ਤਕਦੀਸੇ, ਮਸ਼ਰਕ ਕਹਾਂ ਹੈ?"

ਉਸ ਸਮੇਂ ਔਰਤ ਪੈਰਾਂ ਹੇਠ ਰੁੱਲਦੀ ਰਹੀ, ਉਸਦੀ ਇੱਜਤ ਵੀ ਇੱਕ ਖਿਡੋਣਾਂ ਬਣੀ ਰਹੀ, ਉਹ ਮੋਏ ਪਤੀ ਦੀ ਚਿਖਾ ਵਿੱਚ ਜਿਉਂਦੀ ਸੜਦੀ ਰਹੀ,ਉਸਦੀ ਆਵਾਜ਼ ਉਸ ਸਮੇਂ ਵੱਜਦੇ ਢੋਲ,ਨਗਾਰਿਆ ਤੇ ਡਾਗਾਂ ਦੀ ਗੂੰਜ ਵਿੱਚ ਗੁੰਮ ਰਹੀ, ਜਿਸਨੂੰ ਕਿਸੇ ਨੇ ਨਾ ਸੁਣਿ-ਆ।ਉਸਦੀ ਆਵਾਜ਼ ਕੰਧਾ, ਪੱਥਰਾਂ, ਚਟਾਨਾਂ ਵਿੱਚ ਵੱਜਦੀ ਰਹੀ ਪਰ ਉਸਦੀ ਫਰਿਆਦ ਕਿਸੇ ਨੇ ਨਾ ਸੁਣੀ, ਕੋਈ ਰੱਬ ਜਾਂ ਦੇਵਤਾ ਉਸਦੀ ਮਦਦ ਲਈ ਨਾ ਬੋੜਿਆ। ਜੇਕਰ ਉਹਨਾਂ ਲਈ ਕੋਈ ਰੱਬ ਬਣ ਬੋੜਿਆ ਤਾਂ ਉਹ ਸਨ ਡਾ.ਅੰਬੇਡਕਰ। ਉਹਨਾ ਔਰਤ ਦੀ ਜਿੰਦਗੀ ਨੂੰ ਨੇੜਿਓ ਤੱਕਿਆ, ਉਹਨਾ ਉੱਤੇ ਹੁੰਦੇ ਅਤਿਆਚਾਰਾ ਨੂੰ ਦੇਖਿਆ ਅਤੇ ਉਹਨਾ ਦੇ ਦਰਦ ਨੂੰ ਦੂਰ ਕਰਨ ਲਈ ਉਹਨਾ ਨੂੰ ਬਰਾਬਰਤਾ ਦਾ ਅਧਿਕਾਰ ਹੀ ਨਹੀ ਦਵਾਇਆ ਸਗੋਂ ਉਹਨਾ ਦੇ ਹੱਥਾ ਵਿੱਚ ਸਭ ਤੋਂ ਵੱਡਾ ਹਥਿਆਰ ਭਾਵ 'ਵੋਟ' ਵੀ ਫੜਾ ਦਿੱਤਾ ਜਿਸਦੀ ਅੱਜ ਉਹ ਵਰਤੋਂ ਕਰਕੇ ਸਮੁੱਚੇ ਭਾਰਤ ਦੀ ਤਕਦੀਰ ਨੂੰ ਬਦਲ ਸਕਦੀ ਹੈ। ਹੋਰ ਕਈ ਸਾਰੇ ਯਤਨਾਂ ਤੋਂ ਇਲਾਵਾ 'ਹਿੰਦੂ ਕੋਡ ਬਿੱਲ' ਨੂੰ ਤਿਆਰ ਕਰਨਾ ਵੀ ਇਸ ਦਿਸ਼ਾ ਵਿੱਚ ਇੱਕ ਅਤਿਅੰਤ ਮਹੱਤਵਪੂਰਨ ਕਦਮ ਸੀ।

ਜੇਕਰ ਉਸ ਸਮੇਂ ਦੇ ਮਜਦੂਰਾਂ ਅਤੇ ਉਹਨਾਂ ਦੇ ਹਲਾਤਾਂ ਉਪਰ ਨਜਰ ਮਾਰੀਏ ਤਾਂ ਉਸ ਸਮੇਂ ਮਜਦੂਰਾਂ ਦੀ ਹਾਲਤ ਵੀ ਬਹੁਤ ਤਰਸਯੋਗ ਸੀ।ਉਸ ਸਮੇਂ ਦੇ ਕੁੱਝ ਹਾਕਮ ਲੋਕਾਂ ਦੁਆਰਾ ਮਜਦੂਰਾਂ ਨੂੰ ਗੁਲਾਮ ਬਣਾਇਆ ਜਾਂਦਾ ਸੀ। ਇੱਕ ਮਜਦੂਰ ਦੀ ਸੰਤਾਨ ਵੀ ਉਸਦੇ ਮਾਤਾ ਪਿਤਾ ਦੀ ਤਰ੍ਹਾਂ ਗੁਲਾਮ ਸੀ।ਉਹਨਾ ਦਾ ਮਾਲਕ ਉਹਨਾਂ ਨੂੰ ਮਨ ਮਰਜੀ ਨਾਲ ਖਰੀਦਣ ਵੇਚਣ ਦਾ ਅਧਿਕਾਰ ਰੱਖਦਾ ਸੀ। ਜੇਕਰ ਇੱਕ ਮਜਦੂਰ ਦੇ ਮੁੱਲ ਦੀ ਗੱਲ ਕਰੀਏ ਤਾਂ ਉਸਦਾ ਮੁੱਲ ਸਿਰਫ ਤੀਹ ਰੁਪਏ ਤੇ ਇੱਕ ਸੋ ਸੇਰ ਚੋਲ ਹੁੰਦਾ ਸੀ, ਜੋ ਇੱਕ ਬਲਦ ਭਾਵ ਬੈਲ ਦੀ ਕੀਮਤ ਦੇ ਬਰਾਬਰ ਸੀ।ਕੁੱਝ ਇਸ ਤਰਾਂ ਦੇ ਹਾਲਾਤ ਸਨ ਮਜਦੂਰਾਂ ਦੇ। ਫਿਰ ਡਾਂ. ਅੰਬੇਡਕਰ ਆਏ ਉਹਨਾਂ ਲਈ ਇੱਕ ਰਹਿਬਰ ਬਣ ਕੇ। ਉਹ ਭਾਰਤ ਦੇ ਪਹਿਲੇ ਅਜਿਹੇ ਵਿਧਾਇਕ ਸਨ, ਜਿਨ੍ਹਾਂ ਨੇ 1928 ਵਿੱਚ ਬੰਬਈ ਵਿਧਾਨ ਸਭਾ ਅੰਦਰ ਇੱਕ ਬਿੱਲ ਪੇਸ਼ ਕੀਤਾ ਜਿਸਦਾ ਮਕਸਦ ਮਜਦੂਰਾਂ, ਖੇਤੀ ਕਾਮਿਆ ਦੀ ਗੁਲਾਮੀ ਨੂੰ ਖਤਮ ਕਰਨਾ ਸੀ।1936 ਵਿੱਚ ਉਹਨਾ ਨੇ 'ਇੰਡੀਪੈਂਡੇਂਟ ਲੇਬਰ ਪਾਰਟੀ' ਦੀ ਵੀ ਸਥਾਪਨਾ ਕੀਤੀ। ਜਿਸਦਾ ਦ੍ਰਿਸ਼ਟੀਕੋਣ ਸਿਰਫ ਅਛੂਤਾਂ ਤੱਕ ਹੀ ਸੀਮਿਤ ਨਹੀ ਸੀ ਬਲਕਿ ਕਿਸਾਨ ਮਜਦੂਰਾਂ ਆਦਿ ਤੱਕ ਵਿਆਪਕ ਸੀ। ਉਹਨਾ ਮਜਦੂਰਾਂ ਦੇ ਸਮੇਂ ਨੂੰ ਇੱਕ ਸੀਮਾਂ ਵਿੱਚ ਬੰਦ ਕਰ ਦਿੱਤਾ ਜਿਸ ਨਾਲ ਅੱਜ ਕੋਈ ਵੀ ਕਿਸੇ ਵੀ ਮਜਦੂਰ ਕੋਲੋ ਆਪਣੀ ਮਨ ਮਰਜੀ ਦੇ ਸਮੇਂ ਮੁਤਾਬਕ ਵੱਧ ਸਮਾਂ ਕੰਮ ਨਹੀ ਕਰਵਾ ਸਕਦਾ। ਮਜਦੂਰਾਂ ਦੀ ਭਲਾਈ ਲਈ ਜੋ ਕੋਈ ਨਾ ਕਰ ਸਕਿਆ ਉਹ ਡਾ. ਅੰਬੇਡਕਰ ਨੇ ਕੀਤਾ।

ਡਾ. ਅੰਬੇਡਕਰ ਨੇ ਆਪਣਾ ਸਾਰਾ ਜੀਵਨ ਕੇਵਲ ਅਛੂਤਾ ਜਾਂ ਦਲਿਤਾ ਦੀ ਭਲਾਈ ਵਿੱਚ ਹੀ ਨਹੀ ਲਗਾਇਆ ਸਗੋਂ ਉਹਨਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਸਮਰਪਿਤ ਕੀਤਾ। ਉਹਨਾ ਦਿਨ ਦੇ 21-21 ਘੰਟੇ ਅਭਿਆਸ ਕਰਕੇ ਭਾਰਤੀ ਸਵਿਧਾਨ ਦਾ ਮਸੌਦਾ ਤਿਆਰ ਕੀਤਾ। ਫਿਰ ਸਵਿਧਾਨ ਸਭਾ ਦੀ ਚਰਚਾ ਤੋਂ ਬਾਅਦ ਇਹ ਸਾਹਮਣੇ ਆਇਆ ਕਿ ਭਾਰਤੀ ਸਵਿਧਾਨ ਦੀ ਸ਼ੁਰੂਆਤ ਕਿਵੇ ਕੀਤੀ ਜਾਵੇ? ਫਿਰ ਸਾ-ਰਿਆ ਨੇ ਆਪਣੀ-ਆਪਣੀ ਰਾਏ ਦਿੱਤੀ ਅਤੇ ਕੁੱਝ ਲੋਕਾਂ ਨੇ ਭਾਰਤੀ ਸਵਿਧਾਨ ਦੀ ਸ਼ੁਰੂਆਤ 'ਭਗਵਾਨ' (ਵੱਖ-ਵੱਖ ਨਾਮਾਂ ਦੇ) ਦੇ ਨਾਮ ਤੋਂ ਕਰਨ ਲਈ ਕਿਹਾ, ਪਰ ਡਾ. ਅੰਬੇਡਕਰ ਬੋਲੇ ਨਹੀਂ ਭਾਰਤੀ ਸਵਿਧਾਨ ਦੀ ਸ਼ੁਰੂਆਤ 'ਲੋਕਾਂ' ਦੇ ਨਾਮ ਤੋਂ ਹੋਣੀ ਚਾਹੀਦੀ ਹੈ। ਫਿਰ ਇਸ ਪਿੱਛੇ ਮਤਦਾਨ ਵੀ ਹੋਇਆ ਸਭ ਤੋਂ ਵੱਧ ਵੋਟ 'ਲੋਕਾਂ' ਦੇ ਨਾਮ ਨੂੰ ਮਿਲੇ ਅਤੇ ਭਾਰਤੀ ਸਵਿਧਾਨ ਦੀ ਸ਼ੁਰੂਆਤ "ਅਸੀ ਭਾਰਤ ਦੇ ਲੋਕ" ਨਾਲ ਹੋਈ।

ਸਮਾਂ ਦੀ ਤੇਜ ਰਫਤਾਰ ਦੇ ਨਾਲ ਨਾਲ ਚੱਲਦੇ ਹੋਏ ਡਾ.ਅੰਬੇਡਕਰ ਦੀ ਸਿਹਤ ਵਿਗੜਨ ਲੱਗ ਪਈ ਅਤੇ, ਗੁਣਾਂ ਦੀ ਖਾਣ, ਭਾਰਤ ਰਤਨ, ਔਰਤ ਦੀ ਗੁਲਾਮੀ ਦੀਆ ਜੰਜੀਰਾਂ ਕੱਟਣ ਵਾਲੇ, ਮਜਦੂਰਾਂ ਦੇ ਰਹਿਬਰ, ਦਲਿਤਾਂ ਜਾਂ ਅਛੂਤਾਂ ਦੀ ਜਿੰਦਗੀ ਸਵਾਰਨ ਵਾਲੇ, ਮਹਾਨ ਸਮਾਜ ਸੁਧਾਰਕ, ਲੋਕਾ ਵਿੱਚ ਸਮਾਜਿਕ, ਆਰਥਿਕ ਤੇ ਰਾਜਨੀਤਿਕ ਚੇਤਨਾ ਜਗਾਉਣ ਵਾਲੇ, 6 ਦਸੰਬਰ 1956 ਨੂੰ 65 ਸਾਲ, 7 ਮਹੀਨੇ, 20 ਦਿਨਾਂ ਦੇ ਆਪਣੇ ਜੀਵਨ ਕਾਲ ਦੋਰਾਨ ਕਰੋੜਾਂ ਲੋਕਾਂ ਨੂੰ ਨਵਾ ਜੀਵਨ ਦਾਨ ਦੇਣ ਵਾਲੇ ਆਪਣੀ ਮਾਨਵੀ ਜਿੰਦਗੀ ਤੋਂ ਰੁਖਸਤ ਹੋ ਗਿਆ।

ਭਾਰਤ ਦਾ ਐਨਾ ਮਹਾਨ ਸਵਿਧਾਨ ਲਿਖਣ ਵਾਲੇ ਡਾ. ਅੰਬੇਡਕਰ ਨੂੰ ਕੋਲੰਬੀਆ ਯੂਨੀਵਰਸਿਟੀ ਵਲੋਂ ਸਭ ਤੋਂ ਹੁਸ਼ਿਆਰ ਵਿਦਿਆਰਥੀ ਕਿਹਾ ਗਿਆ। ਉਹਨਾ ਦੇ ਸਨਮਾਨ ਵਜੋਂ ਯੂਨੀਵਰਸਿਟੀ ਦੇ ਮੇਨ ਦਰਵਾਜੇ ਅੱਗੇ ਉਹਨਾਂ ਦੀ ਤਾਂਬੇ ਦੀ ਮੂਰਤੀ ਲਗਾਈ ਗਈ ਅਤੇ ਉਸਦੇ ਥੱਲੇ, "ਦ ਸਿੰਬਲ ਆੱਫ ਨਾੱਲਜ" ਲਿਖਿਆ ਗਿਆ। ਜਿਸਦਾ ਉਦਘਾਟਨ ਮਾਨਯੋਗ 'ਬਰਾਕ ਓਬਾਮਾ' ਜੀ ਦੁਆਰਾ ਕੀਤਾ ਗਿਆ। ਭਾਰਤ ਦੇ ਲੋਕ ਅਮਰੀਕਾ ਦੇ ਮਹਾਨ ਆਗੂ, 'ਅਬਰਾਹਿੰਮ ਲਿੰਕਨ' ਬਾਰੇ ਸਕੂਲਾਂ, ਕਾਲਜਾਂ ਦੇ ਸਿਲੇਬਸ ਵਿੱਚ ਪੜਦੇ ਹਨ ਅਤੇ ਦੂਸਰੇ ਪਾਸੇ 'ਅਬਰਾ-ਹੰਮ ਲਿੰਕਨ' ਦਾ ਦੇਸ਼ 'ਡਾ. ਅੰਬੇਡਕਰ' ਦੀ ਲਿਖਤ "ਵੇਟਿੰਗ ਫਾੱਰ ਵੀਜ਼ਾ" ਨੂੰ ਕੋਲੰਬੀਆ ਯੂਨੀਵਰਸਿਟੀ ਵਿੱਚ ਪੜਾਉਂਦਾ ਹੈ। ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿੱਚ ਉਹਨਾਂ ਦੀ ਜੀਵਨੀ, ਉਹਨਾਂ ਦੇ ਸੰਘਰਸ਼, ਅਤੇ ਉਹਨਾਂ ਦੀਆ ਲਿਖਤਾਂ ਨੂੰ ਭਾਰਤੀ ਸਿਲੇਬਸ ਵਿੱਚ ਕੁੱਝ ਖਾਸ ਸਥਾਨ ਨਹੀਂ ਦਿੱਤਾ ਗਿਆ। ਸੋ ਅੱਜ ਸਾਨੂੰ ਚਾਹੀਦਾ ਹੈ ਕਿ ਡਾ. ਅੰਬੇਡਕਰ ਦੇ ਨਾਮ ਤੇ ਰਾਜਨੀਤੀ ਨਾ ਕਰਦੇ ਹੋਏ, ਉਹਨਾ ਦੇ ਨਾਮ ਨੂੰ ਆਪਣਾ ਧੰਦਾ ਨਾ ਬਣਾਉਂਦੇ ਹੋਏ, ਆਪਣੇ ਸਵਾਰਥਪੁਣੇ ਤੋਂ ਉਪਰ ਉੱਠਦੇ ਹੋਏ, ਉਹਨਾਂ ਦੇ ਜੀਵਨ, ਸੰਘਰਸ਼ ਅਤੇ ਉਹਨਾਂ ਦੀਆ ਲਿਖਤਾਂ ਨੂੰ ਪੜਨ ਦੀ ਅਤੇ ਉਹਨਾਂ ਦੁਆਰਾ ਦਿੱਤੇ ਵਿਚਾਰਾ ਨੂੰ ਆਪਣੀ ਜਿੰਦਗੀ ਵਿੱਚ ਅਪਣਾਉਣ ਦੀ।

ਇੰਦਰਜੀਤ ਸਿੰਘ ਕਠਾਰ,
9779324972

# ਗੁੜ ਨਾਲੋਂ ਮਿੱਠੀਆਂ ਯਾਦਾਂ

-ਡਾ. ਅੰਮਿਤ ਅਦਲੱਖਾ

ਸਿਹਤ ਵਿਭਾਗ ਵਿੱਚ ਸਰਕਾਰੀ ਨੌਕਰੀ ਕਰਦਿਆਂ ਜੇ ਤੁਸੀਂ ਐਮ ਬੀ ਬੀ ਐਸ ਤੋਂ ਬਾਅਦ ਪੋਸਟ ਗ੍ਰੈਜੁਏਸ਼ਨ ਕਰਨਾ ਚਾਹੁੰਦੇ ਹੋ ਤਾਂ ਜ਼ਰੂਰੀ ਹੈ ਕਿ ਤੁਸਾਂ ਦੋ ਤਿਨ ਸਾਲ ਪਿੰਡਾਂ ਵਿੱਚ ਨੌਕਰੀ ਕੀਤੀ ਹੋਵੇ। ਇਸੇ ਨੂੰ ਮੁੱਖ ਰੱਖਦਿਆਂ ਕਈ ਸਾਲ ਪਹਿਲਾਂ ਮੇਰੀ ਪਹਿਲੀ ਨਿਯੁਕਤੀ ਕੇਨਾਲ ਡਿਸਪੈਂਸਰੀ ਤਾਜੇਵਾਲਾ ਹੈਂਡ ਵਰਕਸ 'ਤੇ ਹੋਈ। ਤਾਜੇਵਾਲਾ ਯਮੁਨਾ ਨਗਰ ਤੇ ਪਾਉਂਟਾ ਸਾਹਿਬ ਦੀ ਸੜਕ 'ਤੇ ਅੱਧ ਵਿਚਕਾਰ ਹੈ। ਡਿਸਪੈਂਸਰੀ ਦਰਿਆ ਕੰਢੇ ਸੀ ਤੇ ਆਸ ਪਾਸ ਦਰਿਆ, ਨਹਿਰਾਂ, ਪਹਾੜ ਦਿਸਦੇ ਸਨ। ਬਹੁਤ ਮਨਮੋਹਕ ਨਜ਼ਾਰਾ ਸੀ। ਜਦੋਂ ਵੀ ਛੁੱਟੀ ਹੁੰਦੀ, ਪਾਉਂਟਾ ਸਾਹਿਬ ਅਤੇ ਕਲੇਸਰ ਦੇ ਜੰਗਲਾਂ ਦੀ ਸੈਰ ਨੂੰ ਨਿਕਲ ਜਾਂਦਾ ਸੀ। ਕਲੇਸਰ ਜੰਗਲ ਅੱਜ ਕੱਲ੍ਹ ਜੰਗਲੀ ਜਾਨਵਰਾਂ ਦੀ ਰਾਖਵੀ ਥਾਂ ਬਣਿਆ ਹੋਇਆ ਹੈ।

ਇਕ ਦਿਨ ਮੈਂ ਮਰੀਜ਼ ਵੇਖ ਰਿਹਾ ਸੀ ਕਿ ਇਕ ਓਵਰਸੀਅਰ ਨਿੱਕੇ ਜਿਹੇ ਕੁੱਤੇ ਨੂੰ ਝੋਲੀ ਚੁੱਕੀ ਆਇਆ ਅਤੇ ਕਹਿਣ ਲੱਗਾ, 'ਇਹ ਕੁੱਤਾ ਸਾਡੇ ਐਕਸੀਅਨ ਸਾਹਿਬ ਦਾ ਹੈ। ਇਸ ਦਾ ਪੇਟ ਖਰਾਬ ਹੈ। ਇਸ ਦਾ ਇਲਾਜ ਕਰ ਦਿਉ।' ਮੈਨੂੰ ਅੰਦਾਜ਼ਾ ਸੀ ਕਿ ਜਾਨਵਰਾਂ ਤੇ ਬੰਦਿਆਂ ਦੀਆਂ ਦਵਾਈਆਂ ਲਗਭਗ ਇਕੋ ਜਿਹੀਆਂ ਹੁੰਦੀਆਂ ਹਨ। ਸਿਰਫ ਦਵਾਈ ਦੀ ਮਿਕਦਾਰ ਦਾ ਫਰਕ ਹੁੰਦਾ ਹੈ। ਮੈਂ ਕੁੱਤੇ ਵਾਸਤੇ ਦਵਾਈ ਦੇ ਦਿੱਤੀ ਅਤੇ ਸ਼ਾਮ ਤੱਕ ਉਹ ਠੀਕ ਹੋ ਗਿਆ। ਕੁਝ ਦਿਨ ਬੀਤੇ, ਇਕ ਹੋਰ ਬੰਦਾ ਇਲਾਜ ਵਾਸਤੇ ਕੁੱਤਾ ਲੈ ਕੇ ਆ ਗਿਆ। ਮੈਂ ਸ਼ਸ਼ੋਪੰਜ ਵਿੱਚ ਪੈ ਗਿਆ ਕਿ ਜੇ ਇਸ ਦਾ ਵੀ ਇਲਾਜ ਕਰ ਦਿੱਤਾ ਤਾਂ ਮੇਰੇ ਹਸਪਤਾਲ ਵਿੱਚ ਕੁੱਤੇ ਬਿੱਲੀਆਂ ਤੇ ਹੋਰ ਡੰਗਰ ਆਇਆ ਕਰਨਗੇ। ਮੈਂ ਬੰਦਿਆਂ ਦਾ ਡਾਕਟਰ ਘੱਟ ਤੇ ਜਾਨਵਰਾਂ ਦਾ ਡਾਕਟਰ ਵੱਧ ਬਣ ਜਾਵਾਂਗਾ। ਜਾਨ ਫਿਰ ਵੀ ਜਾਨ ਹੁੰਦੀ ਹੈ। ਬੰਦੇ ਦੀ ਹੋਵੇ ਜਾਂ ਜਾਨਵਰ ਦੀ। ਮੈਂ ਉਸ ਬੰਦੇ ਤੋਂ ਇਹ ਵਾਅਦਾ ਲਿਆ ਕਿ ਕਿਸੇ ਨੂੰ ਨਹੀਂ ਦੱਸੇਗਾ ਕਿ ਕੁੱਤੇ ਦਾ ਇਲਾਜ ਉਸ ਨੇ ਕੀਤਾ ਹੈ। ਨਾ ਹੀ ਕੋਈ ਜਾਨਵਰ ਇਲਾਜ ਵਾਸਤੇ ਘੱਲੇਗਾ। ਇਹ ਵਾਅਦਾ ਲੈ ਕੇ ਮੈਂ ਉਸ ਨੂੰ ਦਵਾਈ ਲਿਖ ਦਿੱਤੀ।

ਯਮੁਨਾ ਦਰਿਆ ਪਾਰ ਯੂ ਪੀ ਦੇ ਪਿੰਡ ਸਨ। ਦਰਿਆ ਵਿੱਚ ਪਾਣੀ ਘੱਟ ਹੋਣ 'ਤੇ ਪਿੰਡਾਂ ਦੇ ਲੋਕ ਮੇਰੀ ਡਿਸਪੈਂਸਰੀ ਵਿੱਚ ਦਵਾਈ ਲੈਣ ਆ ਜਾਂਦੇ ਸਨ, ਕਿਉਂਕਿ ਇਹ ਆਮ ਜਨਤਾ ਲਈ ਵੀ ਖੁੱਲ੍ਹੀ ਸੀ। ਇਕ ਦਿਨ ਇਕ ਮੁਸਲਮਾਨ ਔਰਤ ਦਵਾਈ ਲੈਣ ਆਈ ਅਤੇ ਉਰਦੂ ਵਿੱਚ ਆਖਣ ਲੱਗੀ, 'ਡਾਕਟਰ ਸਾਹਿਬ, ਹਮ ਨੇ ਆਪਕੀ ਰੁਸਵਾਈ (ਬਦਨਾਮੀ) ਬਹੁਤ ਸੁਨੀ ਹੈ। ਇਸ ਲੀਯੇ ਆਪਕੇ ਪਾਸ ਇਲਾਜ ਕੇ ਲਈ ਆਈ ਹੂੰ। ਕੋਈ ਅੱਛੀ ਦਵਾ ਦੇ ਕੇ ਰਾਜੀ ਕਰ ਦੋ।' ਮੇਰਾ ਰੰਗ ਉਡ ਗਿਆ ਕਿ ਮੈਂ ਇਹੋ ਜਿਹੀ ਕਿਹੜੀ ਹਰਕਤ ਕਰ ਬੈਠਾਂ, ਜਿਸ ਕਰਕੇ ਮੇਰੀ ਦੂਰ-ਦੂਰ ਤੱਕ ਰੁਸਵਾਈ ਹੋ ਗਈ। ਮੈਂ ਉਸ ਨੂੰ ਉਰਦੂ ਵਿੱਚ ਪੁੱਛਿਆ, 'ਮੋਹਤਰਮਾ ਯਹ ਬਤਾਓ ਕਿ ਮੈਨੇ ਕਯਾ ਕੀਆ ਹੈ।' ਉਹ ਕਹਿਣ ਲੱਗੀ, 'ਡਾਕਟਰ ਸਾਹਿਬ ਆਪਕੇ ਇਲਾਜ ਸੇ ਹਮਾਰੇ ਇਲਾਕੇ ਕੇ ਕਈ ਮਰੀਜ਼ ਠੀਕ ਹੋ ਗਏ ਹੈ ਇਸ ਲੀਯੇ ਆਪਕੀ ਰੁਸਵਾਈ ਫੈਲ ਗਈ ਹੈ।'

ਮੈਂ ਸਮਝ ਗਿਆ ਕਿ ਇਹ ਔਰਤ ਕਹਿਣਾ ਤਾਂ ਮਸ਼ਹੂਰੀ ਚਾਹੁੰਦੀ ਏ ਪਰ ਗਲਤੀ ਨਾਲ ਉਸ ਦਾ ਉਲਟ ਰੁਸਵਾਈ ਕਹਿ ਰਹੀ ਹੈ। ਮੈਂ ਉਸ ਨੂੰ ਦਵਾਈ ਦੇ ਕੇ ਤੋਰ ਦਿੱਤਾ।

ਤਾਜੇਵਾਲਾ ਤੋਂ ਇਕ ਸਾਲ ਬਾਅਦ 1965 ਵਿੱਚ ਮੇਰੀ ਬਦਲੀ ਕਰਨਾਲ ਨੇੜੇ ਮਸ਼ਹੂਰ ਕਸਬਾ ਤਰਾਵੜੀ ਵਿੱਚ ਹੋਈ, ਜੋ ਬਹੁਤ ਵੱਡੀ ਚੌਲਾਂ ਦੀ ਮੰਡੀ ਹੈ ਤੇ ਉਥੇ ਰੇਲਵੇ ਸਟੇਸ਼ਨ ਵੀ ਹੈ। ਇਹ ਇਕ ਪ੍ਰਾਚੀਨ ਕਸਬਾ ਹੈ ਅਤੇ ਇਤਿਹਾਸ ਵਿੱਚ ਇਸ ਦਾ ਨਾਂ ਰਾਜਾ ਪ੍ਰਿਥਵੀਰਾਜ ਚੌਹਾਨ ਨਾਲ ਜੁੜਿਆ ਹੋਇਆ ਹੈ। ਦੋ ਕਮਰਿਆਂ ਦੀ ਡਿਸਪੈਂਸਰੀ ਪਿੰਡ ਵਿੱਚ ਬਣੀ ਹੋਈ ਸੀ। ਵਿੱਚੇ ਹੀ ਡਾਕਟਰ ਤੇ ਕੰਪਾਊਡਰ ਦੇ ਕੁਆਰਟਰ ਸਨ। ਕੋਈ ਵਾਰਡ ਨਹੀਂ ਸੀ, ਇਸ ਕਰਕੇ ਮਰੀਜ਼ਾਂ ਨੂੰ ਦਾਖਲ ਕਰਕੇ ਇਲਾਜ ਨਹੀਂ ਕੀਤਾ ਜਾਂਦਾ ਸੀ। ਇਲਾਕੇ ਦੇ ਲੋਕ ਚੰਗੇ ਸਨ। ਡਿਸਪੈਂਸਰੀ ਵਿੱਚ ਵਾਰਡ ਦੀ ਘਾਟ ਬਾਰੇ ਮੈਂ ਉਥੋਂ ਦੇ ਇਕ ਵਪਾਰੀ ਨਾਲ ਗੱਲ ਕੀਤੀ। ਉਸ ਨੇ ਡਿਸਪੈਂਸਰੀ ਵਿੱਚ ਵਾਰਡ ਬਣਵਾ ਦਿੱਤਾ, ਨਾਲ ਹੀ ਮਰੀਜ਼ਾਂ ਦੀ ਵਰਤੋਂ ਵਾਸਤੇ ਬਾਥਰੂਮ ਵੀ। ਪਾਣੀ ਲਈ ਇਕ ਬੰਬੀ ਲੁਆ ਦਿੱਤੀ। ਇਸ ਤਰ੍ਹਾਂ ਕੁਆਰਟਰਾਂ ਦੇ ਬਾਥਰੂਮ ਵਿੱਚ ਵੀ ਪਾਣੀ ਦਾ ਬੰਦੋਬਸਤ ਹੋ ਗਿਆ। ਇਹ ਸਾਰਾ ਕੰਮ ਕੁਝ ਹੀ ਮਹੀਨਿਆਂ ਵਿੱਚ ਹੋ ਗਿਆ। ਨਾ ਕੋਈ ਨਕਸ਼ਾ, ਨਾ ਵਿਖਾਵਾ, ਨਾ ਹੀ ਫੀਤੇ ਕੱਟਣ ਦੀ ਰਸਮ ਤੇ ਮਰੀਜ਼ਾਂ ਦੇ ਦਾਖਲੇ ਸ਼ੁਰੂ ਹੋ ਗਏ। ਵਾਰਡ ਕਰੀਬ ਭਰਿਆ ਰਹਿੰਦਾ ਸੀ।

ਡਿਸਪੈਂਸਰੀ 'ਚੋਂ ਨਿਕਲਦਿਆਂ ਹੀ ਇਕ ਮੁਹੱਲਾ ਆਉਂਦਾ ਸੀ, ਜਿਸ ਵਿੱਚ ਤਰਖਾਣ ਰਹਿੰਦੇ ਸਨ। ਗਲੀ ਦੇ ਦੋਵੇਂ ਪਾਸੇ ਮਕਾਨ ਸਨ ਐਨ ਵਿਚਕਾਰ ਨਾਲੀ ਵੱਗਦੀ ਸੀ। ਲੋਕੀਂ ਸ਼ਾਮ ਨੂੰ ਘਰ ਦੇ ਬਾਹਰ ਗਲੀ ਵਿੱਚ ਮੰਜੇ ਡਾਹ ਕੇ ਇਕ ਦੂਜੇ ਨਾਲ ਗੱਪਸ਼ੱਪ ਮਾਰਦੇ ਸਨ, ਪਰ ਗਲੀ ਦੇ ਬੱਚੇ ਆਮ ਤੌਰ 'ਤੇ ਬਿਮਾਰ ਰਹਿੰਦੇ ਸਨ। ਉਹ ਨਾਲੀ ਵਗਣ ਨਾਲ ਬਿਮਾਰੀਆਂ ਪੈਦਾ ਕਰਦੀ ਸੀ ਅਤੇ ਮੀਂਹ ਨਾਲ ਹੋਰ ਵੀ ਬੁਰਾ ਹਾਲ ਹੋ ਜਾਂਦਾ ਸੀ। ਇਕ ਦਿਨ ਸ਼ਾਮ ਨੂੰ ਮੈਂ ਉਥੋਂ ਲੰਘਦਿਆਂ ਇਕ ਬੰਦੇ ਦੇ ਮੰਜੇ 'ਤੇ ਬਹਿ ਗਿਆ। ਉਹ ਬੜਾ ਖੁਸ਼ ਹੋਇਆ ਅਤੇ ਮੇਰਾ ਹਾਲ ਚਾਲ ਪੁੱਛਣ ਲੱਗਾ। ਕੁਝ ਹੋਰ ਲੋਕ ਆ ਕੇ ਬਹਿ ਗਏ। ਮੈਂ ਉਨ੍ਹਾਂ ਦਾ ਧਿਆਨ ਗਲੀ ਵਿਚਾਲੇ ਵਗਦੀ ਨਾਲੀ ਵੱਲ ਦਿਵਾਇਆ ਤੇ ਦੱਸਿਆ ਕਿ ਇਹ ਉਨ੍ਹਾਂ ਦੇ ਬੱਚਿਆਂ ਦੀ ਬਿਮਾਰੀ ਦੀ ਜੜ੍ਹ ਹੈ। ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਗਲੀ ਨੂੰ ਪੱਕਾ ਕਰ ਲਿਆ ਜਾਵੇ। ਉਨ੍ਹਾਂ ਇਕ ਵਾਰੀ ਵੀ ਨਹੀਂ ਕਿਹਾ ਕਿ ਇਹ ਕੰਮ ਸਰਕਾਰ ਜਾਂ ਪੰਚਾਇਤ ਦਾ ਹੈ ਅਤੇ ਥੋੜ੍ਹੇ ਦਿਨਾਂ ਵਿੱਚ ਰਲ ਮਿਲ ਕੇ ਪੱਕੀ ਕਰ ਲਈ। ਦੋਵਾਂ ਕਿਨਾਰਿਆਂ 'ਤੇ ਪੱਕੀਆਂ ਨਾਲੀਆਂ ਬਣਾ ਦਿੱਤੀਆਂ ਤੇ ਡਿਸਪੈਂਸਰੀ ਦਾ ਕੱਚਾ ਵਿਹੜਾ ਵੀ ਪੱਕਾ ਕਰ ਦਿੱਤਾ।

ਇਕ ਵਾਰੀ ਡਿਸਪੈਂਸਰੀ ਦੇ ਕੰਪਾਊਡਰ ਦੀ ਬਦਲੀ ਕਿਸੇ ਹੋਰ ਥਾਂ ਹੋ ਗਈ ਅਤੇ ਮੇਰੇ ਵਾਸਤੇ ਮੁਸ਼ਕਿਲ ਹੋ ਗਈ ਕਿਉਂ ਜੋ ਨਵੇਂ ਡਾਕਟਰ ਤੋਂ ਪੁਰਾਣੇ ਕੰਪਾਊਡਰ ਦਾ ਤਜਰਬਾ ਜ਼ਿਆਦਾ ਹੁੰਦਾ ਹੈ। ਮੈਂ ਉਥੋਂ ਦੇ ਸਰਪੰਚ ਨੂੰ ਮਿਲਿਆ ਅਤੇ ਕਿਹਾ ਕਿ ਕੰਪਾਊਡਰ ਦੀ ਬਦਲੀ ਰੁਕਵਾਈ ਜਾਵੇ। ਉਹ ਅਗਲੇ ਹੀ ਦਿਨ ਬੱਸ ਫੜ ਕੇ ਚੰਡੀਗੜ੍ਹ ਚਲਾ ਗਿਆ ਤੇ ਸ਼ਾਮ ਨੂੰ ਬਦਲੀ ਰੁਕਣ ਦੇ ਆਰਡਰ ਮੇਰੇ ਹੱਥ ਫੜਾ ਦਿੱਤੇ। ਉਨ੍ਹਾਂ ਨੇ ਆਉਣ ਜਾਣ ਦਾ ਖਰਚਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ।

ਸਮਾਂ ਲੰਘਦਿਆਂ ਦੇਰ ਨਹੀਂ ਲੱਗਦੀ। ਅਜੇ ਇਕ ਸਾਲ ਹੋਇਆ ਸੀ ਕਿ ਮੇਰੀ ਚੋਣ ਉਚ ਪੱਧਰੀ ਸਿੱਖਿਆ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਬਦਲੀ ਦੇ ਆਰਡਰ ਆ ਗਏ। ਉਥੋਂ ਤੁਰਦਿਆਂ ਜਦੋਂ ਮੈਂ ਤਰਾਵੜੀ ਸਟੇਸ਼ਨ ਪੁੱਜਾ ਤਾਂ ਵੇਖਿਆ ਕਿ ਲੋਕਾਂ ਦੀ ਭੀੜ ਸੀ, ਜੋ ਮੈਨੂੰ ਅੰਮ੍ਰਿਤਸਰ ਵਾਸਤੇ ਰਵਾਨਾ ਕਰਨ ਆਈ ਸੀ। ਸਟੇਸ਼ਨ ਮਾਸਟਰ ਨੇ ਕਿਸੇ ਹੋਰ ਗੱਡੀ ਨੂੰ ਪਾਸ ਦੇਣ ਦੇ ਬਹਾਨੇ 15 ਮਿੰਟ ਗੱਡੀ ਰੋਕੀ ਰੱਖੀ ਤਾਂ ਜੋ ਲੋਕ ਮੈਨੂੰ ਚੰਗੀ ਤਰ੍ਹਾਂ ਮਿਲ ਸਕਣ। ਸਾਰਾ ਸਮਾਂ ਮੈਂ ਇਸੇ ਸੋਚ ਵਿੱਚ ਰਿਹਾ ਕਿ ਮੈਂ ਇਸ ਮਾਣ ਦੇ ਯੋਗ ਨਹੀਂ, ਜੋ ਲੋਕ ਮੈਨੂੰ ਦੇ ਰਹੇ ਹਨ। ਇਹ ਉਨ੍ਹਾਂ ਦੀ ਵਡਿਆਈ ਸੀ ਕਿ ਮੇਰੇ ਵਰਗੇ ਨਿੱਕੇ ਡਾਕਟਰ ਨੂੰ, ਜਿਸ ਨੂੰ ਦੋ ਸਾਲ ਡਾਕਟਰ ਬਣੇ ਨੂੰ ਹੋਏ ਸਨ, ਇੰਨਾ ਪਿਆਰ ਦਿੱਤਾ। ਅੰਮ੍ਰਿਤਸਰ ਪਹੁੰਚ ਕੇ ਇਕ ਦੋ ਦਿਨ ਬਾਅਦ ਤਰਾਵੜੀ ਦੇ ਇਕ ਪੱਤਰਕਾਰ ਵੱਲੋਂ ਭੇਜੀ ਖਬਰ ਇਕ ਅੰਗਰੇਜ਼ੀ ਅਖਬਾਰ ਦੇ ਤੀਜੇ ਸਫੇ ਉੱਤੇ ਛਪੀ ਕਿ ਉਥੋਂ ਦਾ ਮੈਡੀਕਲ ਅਫਸਰ ਡਾ. ਅਦਲੱਖਾ ਉਚ ਪੱਧਰੀ ਸਿੱਖਿਆ ਲਈ ਅੰਮ੍ਰਿਤਸਰ ਘੱਲਿਆ ਗਿਆ ਹੈ। ਅੱਜ ਇਹ ਗੱਲਾਂ ਸੁਪਨੇ ਵਰਗੀਆਂ ਲੱਗਦੀਆਂ ਹਨ।

ਮਿੰਨੀ ਕਹਾਣੀ

# ਗਰਮੀ ਦਾ ਅਹਿਸਾਸ

-ਰਮੇਸ਼ ਬੱਗਾ ਚੋਹਲਾ

ਸਕੂਲ ਵਿੱਚ ਗਰਮੀ ਦੀਆਂ ਛੁੱਟੀਆਂ ਹੋਣ ਕਰ ਕੇ ਕਿਸੇ ਬਹੁਤ ਜ਼ਰੂਰੀ ਕੰਮ ਦੇ ਸਿਲਸਿਲੇ ਵਿੱਚ ਪ੍ਰਿੰਸੀਪਲ ਚੋਪੜਾ ਦੇ ਘਰ ਜਾਣਾ ਪੈ ਗਿਆ। ਸ਼ਹਿਰ ਦੀ ਆਲੀਸ਼ਾਨ ਕਲੋਨੀ ਵਿੱਚ ਚੋਪੜਾ ਜੀ ਨੇ ਢਾਈ ਸੌ ਗਜ਼ ਦੇ ਪਲਾਟ ਵਿੱਚ ਦੋ ਮੰਜ਼ਿਲੀ ਆਲੀਸ਼ਾਨ ਕੋਠੀ ਉਸਾਰੀ ਹੋਈ ਸੀ। ਜੂਨ ਦਾ ਮਹੀਨਾ, ਸਿਖਰ ਦੁਪਹਿਰ ਦੀ ਗਰਮੀ ਹੋਣ ਕਰ ਕੇ ਵਾਰ ਵਾਰ ਮੂੰਹ ਸੁੱਕ ਰਿਹਾ ਸੀ। ਰਸਤੇ ਵਿੱਚ ਇੱਕ-ਦੋ ਵਾਰ ਪਾਣੀ ਪੀਣ ਦੇ ਬਾਵਜੂਦ ਪਿਆਸ ਜਿਉਂ ਦੀ ਤਿਉਂ ਬਣੀ ਹੋਈ ਸੀ। ਸੋਚਿਆ ਕਿ ਚੋਪੜਾ ਜੀ ਦਾ ਘਰ ਬਹੁਤਾ ਦੂਰ ਨਹੀਂ ਹੈ, ਪਾਣੀ ਉਨ੍ਹਾਂ ਦੇ ਘਰ ਜਾ ਕੇ ਪੀਵਾਂਗਾ। ਇਸ ਸੋਚ ਨਾਲ ਫਰਿੱਜ ਦੇ ਠੰਢੇ-ਠਾਰ ਪਾਣੀ ਦੇ ਅਹਿਸਾਸ ਨੇ ਗਰਮੀ ਦਾ ਅਸਰ ਕੁਝ ਘੱਟ ਕਰ ਦਿੱਤਾ। ਇਸ ਅਸਰ ਦੇ ਤਹਿਤ ਹੀ ਮੈਂ ਚੋਪੜਾ ਜੀ ਦੇ ਦਰਵਾਜ਼ੇ ਅੱਗੇ ਜਾ ਪਹੁੰਚਿਆ। ਜਦੋਂ ਮੈਂ ਉਨ੍ਹਾਂ ਦੇ ਦਰਵਾਜ਼ੇ ਦੀ ਘੰਟੀ ਵਜਾਈ ਤਾਂ ਅੰਦਰੋਂ ਪੰਦਰਾਂ ਕੁ ਸਾਲ ਦੀ ਲੜਕੀ (ਚੋਪੜਾ ਜੀ ਦੀ ਬੇਟੀ) ਨੇ ਦਰਵਾਜ਼ਾ ਖੋਲ੍ਹਿਆ, ''ਹਾਂ ਜੀ ਅੰਕਲ! ਕਿਸ ਨੂੰ ਮਿਲਣੈ?''

''ਬੇਟਾ, ਮੈਂ ਪੀ ਟੀ ਮਾਸਟਰ ਹਰਚੰਦ ਸਿੰਘ ਆਂ, ਕਿਸੇ ਜ਼ਰੂਰੀ ਕੰਮ ਲਈ ਪ੍ਰਿੰਸੀਪਲ ਜੀ ਨੂੰ ਮਿਲਣ ਆਇਆ ਸੀ।'' ਮੈਂ ਆਪਣੇ ਆਉਣ ਦਾ ਮਕਸਦ ਅਤੇ ਸ਼ਨਾਖਤ ਦੱਸਦਿਆਂ ਕਿਹਾ।

''...ਪਰ ਅੰਕਲ, ਪਾਪਾ ਤਾਂ ਘਰ ਹੈ ਨਹੀਂ।''

''ਬੇਟਾ! ਕਿਤੇ ਦੂਰ ਗਏ ਹਨ? ਕਦ ਕੁ ਆ ਜਾਣਗੇ?'' ਮੈਂ ਦੋ ਸਵਾਲ ਇਕੱਠੇ ਹੀ ਕਰ ਦਿੱਤੇ।

''ਪਤਾ ਨਹੀਂ ਅੰਕਲ, ਕੁਝ ਦੱਸ ਕੇ ਨਹੀਂ ਗਏ।'' ਕੁੜੀ ਨੇ ਆਖਰੀ ਜਵਾਬ ਖਹਿੜਾ ਛੁਡਾਉਣ ਦੇ ਮਕਸਦ ਨਾਲ ਦਿੰਦਿਆਂ ਦਰਵਾਜ਼ਾ ਬੰਦ ਕਰ ਲਿਆ।

ਉਸ ਦੇ ਦਰਵਾਜ਼ਾ ਬੰਦ ਕਰਨ ਨਾਲ ਰਸਤੇ ਵਿੱਚ ਕੀਤੇ ਠੰਢੇ-ਠਾਰ ਪਾਣੀ ਦੇ ਅਹਿਸਾਸ ਦੀ ਵੀ ਮੌਤ ਹੋ ਗਈ। ਘਰ ਨੂੰ ਮੁੜਦਿਆਂ ਦੁਪਹਿਰ ਭਾਵੇਂ ਕੁਝ ਘੱਟ ਗਈ ਸੀ, ਪਰ ਗਰਮੀ ਦਾ ਅਹਿਸਾਸ ਪਹਿਲਾਂ ਨਾਲੋਂ ਕਿਤੇ ਵੱਧ ਗਿਆ ਸੀ।

ਲੇਡੀਜ਼ ਇੰਸਟ੍ਰਕਟਰ
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

647-998-7500 ਬਲਵਿੰਦਰ



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada


For more Information Contact
Rajdeep: 647.707.4167
Office: 905.678.2424


Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana Sales Rep


SOLD
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।


FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।


FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


FOR SALE
$1,129,900
Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੇਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।

# ਦਿਵਾਲੀ ਮੌਕੇ ਸ਼੍ਰੋਮਣੀ ਕਮੇਟੀ ਦੇ ਬਹੁ ਗਿਣਤੀ ਕਾਲਜਾਂ ਦਾ ਸਟਾਫ ਤਨਖਾਹਾਂ ਤੋਂ ਵਾਂਝਾ

ਪਟਿਆਲਾ, 6 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਚੱਲਦੇ ਬਹੁ ਗਿਣਤੀ ਕਾਲਜਾਂ ਦਾ ਸਟਾਫ ਇਸ ਵਾਰ ਤਨਖਾਹਾਂ ਤੋਂ ਬਿਨਾਂ ਦੀਵਾਲੀ ਮਨਾਉਣ ਲਈ ਮਜਬੂਰ ਹੋ ਗਿਆ ਹੈ। ਇਨ੍ਹਾਂ ਕਾਲਜਾਂ ਵਿੱਚ ਸੇਵਾ ਨਿਭਾ ਰਹੇ ਪ੍ਰੋਫੈਸਰਾਂ ਅਤੇ ਹੋਰ ਸਟਾਫ ਨੂੰ ਦੋ-ਦੋ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ।

ਜਾਣਕਾਰ ਸੂਤਰਾਂ ਅਨੁਸਾਰ ਕੁਝ ਕਾਲਜ ਅਜਿਹੇ ਹਨ, ਜਿਨ੍ਹਾਂ ਦੀ ਅਗਸਤ ਮਹੀਨੇ ਦੀ ਤਨਖਾਹ ਪਾਈ ਗਈ ਸੀ, ਜਦੋਂ ਕਿ ਉਸ ਤੋਂ ਬਾਅਦ ਅੱਜ ਤੱਕ ਸਟਾਫ ਤਨਖਾਹਾਂ ਨੂੰ ਤਰਸ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ 'ਚ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾ ਰਹੇ ਮੁਲਾਜ਼ਮਾਂ ਦੇ



ਵਿੱਤੀ ਹਾਲਾਤ ਤਿਉਹਾਰਾਂ ਦੇ ਦਿਨਾਂ 'ਚ ਨਾਜ਼ੁਕ ਹਨ, ਪਰ ਉਨ੍ਹਾਂ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਗਰਲਜ਼ ਆਕੜ 'ਚ ਫਰਵਰੀ ਮਹੀਨੇ 'ਚ ਤਨਖਾਹ ਮਿਲੀ ਸੀ ਅਤੇ ਦੀਵਾਲੀ ਦੇ ਤਿਉਹਾਰ ਮੌਕੇ ਵੀ ਉਨ੍ਹਾਂ ਨੂੰ ਲਾਰੇ ਹੀ ਮਿਲੇ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗਰਲਜ਼ ਕਾਲਜ ਸਰਹਾਲੀ ਸਾਹਿਬ ਦੇ ਕਾਲਜ ਦੇ ਸਟਾਫ ਦੀ ਦੋ ਮਹੀਨਿਆਂ ਦੀ ਤਨਖਾਹ ਬਕਾਇਆ ਹੈ। ਇਸ ਬਾਰੇ ਡਾਇਰੈਕਟਰ ਐਜੂਕੇਸ਼ਨ ਐਸ ਜੀ ਪੀ ਸੀ, ਜਤਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਜ਼ਿਆਦਾਤਰ ਕਾਲਜਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਵਿੱਤ ਸਬੰਧੀ ਉਨ੍ਹਾਂ ਕੋਲ ਅਖਤਿਆਰ ਨਹੀਂ ਹਨ, ਇਸ ਲਈ ਉਹ ਇਸ ਸਬੰਧੀ ਬਹੁਤਾ ਕੁਝ ਨਹੀਂ ਕਹਿ ਸਕਦੇ।

## ਅਰੋੜਾ ਸਕੈਨਿੰਗ ਸੈਂਟਰ ਦਾ ਨੱਬੇ ਦਿਨ ਦਾ ਰਿਕਾਰਡ ਅਤੇ ਡਾਟਾ ਜ਼ਬਤ

ਕਰਤਾਰਪੁਰ, 6 ਨਵੰਬਰ (ਪੋਸਟ ਬਿਊਰੋ)- ਭਰੂਣ ਲਿੰਗ ਦੀ ਜਾਂਚ ਦੇ ਦੋਸ਼ਾਂ ਵਿੱਚ ਘਿਰੇ ਹੋਏ ਕਰਤਾਰਪੁਰ ਦੇ ਸਕੈਨਿੰਗ ਸੈਂਟਰ ਵਿੱਚ ਸਿਵਲ ਸਰਜਨ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀ ਟੀਮ ਨੇ ਕੱਲ੍ਹ ਰਿਕਾਰਡ ਦੀ ਜਾਂਚ ਕੀਤੀ ਤੇ ਨੱਬੇ ਦਿਨਾਂ ਦਾ ਰਿਕਾਰਡ ਜ਼ਬਤ ਕਰ ਲਿਆ। ਪਤਾ ਲੱਗਾ ਹੈ ਕਿ ਅਦਾਲਤੀ ਹੁਕਮਾਂ ਪਿੱਛੋਂ ਸਿਹਤ ਵਿਭਾਗ ਨੇ ਚੌਕਸੀ ਦਿਖਾਈ ਹੈ। ਸਿਹਤ ਵਿਭਾਗ ਨੇ ਰਿਕਾਰਡ ਦੀ ਜਾਂਚ ਦੇ ਲਈ ਚਾਰ ਮੈਂਬਰੀ ਟੀਮ ਬਣਾਈ ਹੈ।

ਸਿਵਲ ਸਰਜਨ ਜਲੰਧਰ ਡਾਕਟਰ ਰਾਜੇਸ਼ ਬੱਗਾ ਨੇ ਦੱਸਿਆ ਕਿ ਕੱਲ੍ਹ ਉਨ੍ਹਾਂ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾਕਟਰ ਸੁਰਿੰਦਰ ਕੁਮਾਰ, ਏ ਡੀ ਏ ਲੀਗਲ ਐਡਵੋਕੇਟ ਨਾਗਰਾ, ਆਈ ਐੱਮ ਏ ਦੇ ਪ੍ਰਧਾਨ ਡਾਕਟਰ ਮੁਕੇਸ਼ ਗੁਪਤਾ, ਐੱਸ ਐੱਮ ਓ ਡਾਕਟਰ ਹਰਦੇਵ ਸਿੰਘ, ਡਾਕਟਰ ਕੁਲਵਿੰਦਰ ਕੌਰ, ਪੰਕਜ ਮਹਿਤਾ, ਡਾਕਟਰ ਐੱਮ ਪੀ ਸਿੰਘ, ਦੀਪਕ ਕੁਮਾਰ ਅਤੇ ਪੁਲਸ ਦੀ ਟੀਮ ਨਾਲ ਅਰੋੜਾ ਸਕੈਨਿੰਗ ਸੈਂਟਰ ਕਰਤਾਰਪੁਰ ਦਾ ਦੌਰਾ ਕੀਤਾ ਅਤੇ ਮੌਕੇ 'ਤੇ ਸੈਂਟਰ ਅਤੇ ਸਕੈਨਿੰਗ ਮਸ਼ੀਨ ਦੀ ਸੀਲ ਖੋਲ੍ਹ ਕੇ ਡੂੰਘਾਈ ਨਾਲ ਜਾਂਚ ਕੀਤੀ। ਮਸ਼ੀਨ ਦੇ ਸਾਫਟਵੇਅਰ ਵਿੱਚੋਂ ਨੱਬੇ ਦਿਨ ਦਾ ਰਿਕਾਰਡ (ਡਾਟਾ) ਲੈ ਲਿਆ ਗਿਆ ਹੈ। ਇਸ ਦੇ ਨਾਲ ਨੱਬੇ ਦਿਨਾਂ ਦੇ ਰਿਕਾਰਡ ਵਾਲੇ ਰਜਿਸਟਰ ਵੀ ਸੀਲ ਕਰ ਦਿੱਤੇ ਹਨ। ਸੈਂਟਰ ਦੇ ਮਾਲਕ ਡਾਕਟਰ ਟੀ ਪੀ ਐੱਸ ਮੁਲਤਾਨੀ ਨੇ ਵਿਭਾਗ ਨੂੰ ਰਿਕਾਰਡ ਦਿੱਤਾ ਹੈ।

## ਸਹੁਰਾ ਪਰਵਾਰ ਤੋਂ ਦੁਖੀ ਨੌਜਵਾਨ ਨੇ ਖੁਦਕੁਸ਼ੀ ਕਰ ਲਈ

ਲਾਂਬੜਾ, 6 ਨਵੰਬਰ (ਪੋਸਟ ਬਿਊਰੋ)- ਥਾਣਾ ਲਾਂਬੜਾ ਹੇਠਲੇ ਪਿੰਡ ਕਲਿਆਣਪੁਰ ਦੇ ਇੱਕ ਨੌਜਵਾਨ ਨੇ ਆਪਣੀ ਪਤਨੀ ਅਤੇ ਸਹੁਰੇ ਪਰਵਾਰ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਲਈ ਹੈ। ਪੁਲਸ ਵੱਲੋਂ ਕੇਸ ਦਰਜ ਕਰ ਕੇ ਮ੍ਰਿਤਕ ਦੀ ਪਤਨੀ, ਸੱਸ, ਸਹੁਰਾ ਤੇ ਸਾਲੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਥਾਣਾ ਮੁਖੀ ਪੁਸ਼ਪ ਬਾਲੀ ਨੇ ਦੱਸਿਆ ਕਿ ਮ੍ਰਿਤਕ ਧਰਮਪਾਲ (35) ਵਾਸੀ ਕਲਿਆਣਪੁਰ ਦੇ ਪਿਤਾ ਨਿਰੰਜਨ ਦਾਸ ਨੇ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਉਸ ਦੇ ਲੜਕੇ ਧਰਮਪਾਲ ਦਾ ਲਗਭਗ ਸੱਤ ਸਾਲ ਪਹਿਲਾਂ ਵਿਆਹ ਵੰਦਨਾ ਪੁੱਤਰੀ ਧਰਮਪਾਲ ਵਾਸੀ ਏਕਤਾ ਨਗਰ ਜਲੰਧਰ ਨਾਲ ਹੋਇਆ ਸੀ, ਪਰ ਉਦੋਂ ਤੋਂ ਉਨ੍ਹਾਂ ਦਾ ਝਗੜਾ ਹੁੰਦਾ ਰਹਿੰਦਾ ਸੀ। ਪਤੀ-ਪਤਨੀ ਵਿਚਾਲੇ ਹੁੰਦੇ ਝਗੜਿਆਂ ਦਾ ਅਨੇਕਾਂ ਵਾਰ ਪੰਚਾਇਤੀ ਤੌਰ 'ਤੇ ਰਾਜ਼ੀਨਾਮਾ ਵੀ ਹੋਇਆ ਸੀ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਪੰਜ-ਛੇ ਦਿਨ ਪਹਿਲਾਂ ਉਸ ਦੇ ਲੜਕੇ ਦੀ ਸਹੁਰੇ ਧਰਮਪਾਲ, ਸੱਸ ਸੁਰਿੰਦਰ ਕੌਰ, ਸਾਲਾ ਰੋਹਿਤ ਤੇ ਪਤਨੀ ਵੰਦਨਾ ਨੇ ਰਲ ਕੇ ਕੁੱਟਮਾਰ ਕੀਤੀ, ਜਿਸ ਤੋਂ ਬਾਅਦ ਉਸ ਦਾ ਲੜਕਾ ਕਾਫੀ ਦੁਖੀ ਰਹਿਣ ਲੱਗ ਪਿਆ ਸੀ। ਇਸੇ ਪ੍ਰੇਸ਼ਾਨੀ ਕਾਰਨ ਧਰਮਪਾਲ ਨੇ ਬੀਤੀ ਰਾਤ ਪੱਖੇ ਨਾਲ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਮ੍ਰਿਤਕ ਆਪਣੇ ਪਿੱਛੇ ਦੋ ਲੜਕੀਆਂ (ਇੱਕ ਤਿੰਨ ਸਾਲ ਅਤੇ ਇੱਕ ਛੇ ਸਾਲ ਦੀ) ਛੱਡ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਪਰਚੇ 'ਚ ਨਾਮਜ਼ਦ ਪਤਨੀ ਵੰਦਨਾ, ਸਹੁਰਾ ਧਰਮਪਾਲ, ਸੱਸ ਸੁਰਿੰਦਰ ਕੌਰ ਤੇ ਸਾਲੇ ਰੋਹਿਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਟਰਾਲਾ ਖੋਹਣ ਪਿੱਛੋਂ ਡਰਾਈਵਰ ਦਾ ਕਤਲ ਕਰਨ ਵਾਲੇ ਗ੍ਰਿਫਤਾਰ

ਖਨੌਰੀ, 6 ਨਵੰਬਰ (ਪੋਸਟ ਬਿਊਰੋ)- ਕਰੀਬ ਇੱਕ ਮਹੀਨਾ ਪਹਿਲਾਂ ਘੱਗਰ ਦਰਿਆ ਦੇ ਨੈਸ਼ਨਲ ਹਾਈਵੇ ਪੁਲ ਦੇ ਨੇੜੇ ਹੱਥ ਪੈਰ ਬੰਨ੍ਹ ਕੇ ਕਤਲ ਕਰ ਕੇ ਸੁੱਟੀ ਗਈ ਲਾਸ਼ ਦੀ ਗੁੱਥੀ ਨੂੰ ਪੁਲਸ ਨੇ ਸੁਲਝਾ ਲਿਆ ਹੈ ਅਤੇ ਇਸ ਕੇਸ ਵਿੱਚ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਵਰਨਣ ਯੋਗ ਹੈ ਕਿ ਦੋ ਅਕਤੂਬਰ ਨੂੰ ਹਾਈਵੇ ਪੁਲ ਦੇ ਨੇੜੇ ਘੱਗਰ ਦੇ ਕਿਨਾਰੇ ਪਏ ਪੱਥਰਾਂ 'ਤੇ ਇੱਕ ਵਿਅਕਤੀ ਦੀ ਲਾਸ਼ ਮਿਲੀ ਸੀ, ਜਿਸ ਦੇ ਹੱਥ ਪੈਰ ਬੰਨ੍ਹੇ ਹੋਏ ਸਨ। ਸ਼ੱਕ ਕੀਤਾ ਜਾ ਰਿਹਾ ਸੀ ਕਿ ਕਿਸੇ ਨੇ ਕਤਲ ਕਰ ਕੇ ਲਾਸ਼ ਨੂੰ ਘੱਗਰ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਜਲਦਬਾਜ਼ੀ ਵਿੱਚ ਲਾਸ਼ ਪੱਥਰਾਂ ਉੱਤੇ



ਜਾ ਡਿੱਗੀ। ਡੀ ਐੱਸ ਪੀ ਅਜੈਪਾਲ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਮ੍ਰਿਤਕ ਦੀ ਜੇਬ 'ਚੋਂ ਇੱਕ ਪਰਚੀ ਮਿਲੀ ਸੀ, ਜਿਸ ਤੋਂ ਪਤਾ ਲੱਗਾ ਸੀ ਕਿ ਮ੍ਰਿਤਕ ਦੇ ਲਮੀਰਪੁਰ ਖੀਰੀ (ਯੂ ਪੀ) ਵਿੱਚ ਪੈਟਰੋਲ ਪੰਪ ਵਿੱਚੋਂ ਛੇ ਹਜ਼ਾਰ ਰੁਪਏ ਦਾ ਤੇਲ ਪਵਾਇਆ ਸੀ। ਇਸ ਜਾਂਚ 'ਤੇ ਮ੍ਰਿਤਕ ਦੀ ਪਛਾਣ ਪਰਮਜੀਤ ਸਿੰਘ ਵਾਸੀ ਤਲਵੰਡੀ ਭਾਈ ਵਜੋਂ ਹੋਈ ਸੀ। ਪਰਮਜੀਤ ਦੇ ਪਰਵਾਰ ਨੇ ਦੱਸਿਆ ਕਿ ਉਹ ਟਰਾਲੇ 'ਤੇ ਡਰਾਈਵਰੀ ਕਰਦਾ ਸੀ। ਟਰਾਲਾ ਉਸ ਦੇ ਸਹੁਰੇ ਨਛੱਤਰ ਸਿੰਘ ਦਾ ਸੀ, ਪ੍ਰੰਤੂ ਕੁਝ ਵਿਅਕਤੀ ਪਰਮਜੀਤ ਸਿੰਘ ਦਾ ਕਤਲ ਕਰ ਕੇ ਉਸ ਦਾ ਟਰਾਲਾ ਖੋਹ ਕੇ ਲੈ ਗਏ ਸਨ। ਇਸ ਦੇ ਬਾਅਦ ਪੁਲਸ ਨੇ ਅਗਲੀ ਜਾਂਚ ਕੀਤੀ ਅਤੇ ਮੋਬਾਈਲ ਨੰਬਰਾਂ ਨੂੰ ਟਰੇਸ ਕੀਤਾ। ਜਾਂਚ ਵਿੱਚ ਪੁਲਸ ਨੇ ਹਰਪਿੰਦਰ ਸਿੰਘ ਉਰਫ ਭਿੰਦੂ ਵਾਸੀ ਜੰਡੋਕੇ ਸਰਹਾਲੀ, ਸਰਬਜੀਤ ਸਿੰਘ ਉਰਫ ਸਾਹਿਬ ਵਾਸੀ ਖਾਰਾ ਨੂੰ ਗ੍ਰਿਫਤਾਰ ਕਰ ਕੇ ਇੱਕ ਮੋਟਰ ਸਾਈਕਲ ਵੀ ਬਰਾਮਦ ਕੀਤਾ।

## ਤਕਨੀਕੀ ਨੁਕਸ ਕਾਰਨ ਮੁਲਾਜ਼ਮਾਂ ਦੇ ਖਾਤੇ ਵਿੱਚ 1200 ਕਰੋੜ ਰੁਪਏ ਜਮ੍ਹਾਂ ਹੋਏ

ਲੁਧਿਆਣਾ, 6 ਨਵੰਬਰ (ਪੋਸਟ ਬਿਊਰੋ)- ਬੀਤੀ ਤਿੰਨ ਨਵੰਬਰ ਨੂੰ ਜਿਥੇ ਮੁਲਾਜ਼ਮਾਂ ਨੂੰ ਆਪਣੀ ਦੂਹਰੀ ਤਨਖਾਹ ਆਪਣੇ ਖਾਤੇ ਵਿੱਚ ਦੇਖ ਕੇ ਖੁਸ਼ੀਆਂ ਚੜ੍ਹ ਗਈਆਂ, ਪਰ ਇਸ ਨਾਲ ਪੰਜਾਬ ਸਰਕਾਰ ਦੀ ਆਰਥਿਕ ਦਸ਼ਾ ਵੀ ਲੜਖੜਾ ਗਈ ਕਿਉਂਕਿ ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੋਣ ਕਾਰਨ ਵਿਕਾਸ ਕਾਰਜਾਂ ਦੇ ਖਰਚ ਦੂਰ ਦੀ ਗੱਲ ਹੈ, ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਹੋਰ ਦੇਣਦਾਰੀਆਂ ਭਰਨੀਆਂ ਵੀ ਸਰਕਾਰ ਲਈ ਪਹਾੜ ਬਣਿਆ ਹੋਇਆ ਹੈ।

ਇਸ ਕੇਸ ਬਾਰੇ ਪੰਜਾਬ ਸਰਕਾਰ ਦੇ ਖਜ਼ਾਨਾ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਅਕਤੂਬਰ 2018 ਮਹੀਨੇ ਦੀ ਤਨਖਾਹ ਇਕ ਨਵੰਬਰ ਨੂੰ ਮਿਲਣੀ ਸੀ, ਖਜ਼ਾਨਾ ਵਿਭਾਗ ਦੇ ਸਾਫਟਵੇਅਰ 'ਚ ਅਚਾਨਕ ਤਕਨੀਕੀ ਨੁਕਸ ਪੈ ਗਿਆ, ਜਿਸ ਬਾਰੇ ਖਜ਼ਾਨਾ ਵਿਭਾਗ ਬੇਖਬਰ ਸੀ ਅਤੇ ਜਦੋਂ ਖਜ਼ਾਨਾ ਅਧਿਕਾਰੀਆਂ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਲਈ ਇਕ ਨਵੰਬਰ ਨੂੰ ਸਾਫਟਵੇਅਰ ਦਾ ਬਟਨ ਕਲਿਕ ਕੀਤਾ ਤਾਂ ਤਨਖਾਹਾਂ ਅਦਾ ਨਹੀਂ ਹੋ ਸਕੀਆਂ। ਇਸ ਪਿੱਛੋਂ ਕੁਝ




ਸਮੇਂ ਬਾਅਦ ਸਾਫਟਵੇਅਰ ਬਟਨ ਕਲਿੱਕ ਕੀਤਾ ਤਾਂ ਤਿੰਨ ਨਵੰਬਰ ਨੂੰ ਦੋ ਵਾਰੀ ਕਲਿੱਕ ਕੀਤੇ ਬਟਨ ਕਾਰਨ ਮੁਲਾਜ਼ਮਾਂ ਦੀਆਂ ਦੂਹਰੀਆਂ ਤਨਖਾਹਾਂ ਉਨ੍ਹਾਂ ਦੇ ਖਾਤਿਆਂ ਵਿੱਚ ਚਲੀਆਂ ਗਈਆਂ। ਜਦੋਂ ਵਿਭਾਗ ਨੇ ਆਪਣਾ ਖਾਤਾ ਖਾਲੀ ਹੁੰਦਾ ਵੇਖਿਆ ਤਾਂ ਚਾਰ ਨਵੰਬਰ ਨੂੰ ਪੰਜਾਬ ਦੇ ਸਮੂਹ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਜਿਹੜੇ ਬੈਂਕਾਂ ਵਿੱਚ ਜਾਂਦੀਆਂ ਹਨ, ਖਜ਼ਾਨਾ ਵਿਭਾਗ ਨੇ ਓਥੇ ਤਨਖਾਹਾਂ ਕਢਵਾਉਣ 'ਤੇ ਰੋਕ ਲਾ ਦਿੱਤੀ ਤੇ ਪੰਜਾਬ ਸਰਕਾਰ ਵੱਲੋਂ ਆਪਣੇ ਸਾਰੇ ਵਿਭਾਗਾਂ ਨਾਲ ਸਬੰਧਤ ਸਮੂਹ ਮੁਲਾਜ਼ਮਾਂ ਦੇ ਤਨਖਾਹ ਖਾਤੇ ਸੀਲ ਕਰ ਦਿੱਤੇ ਗਏ। ਇਸ ਕਾਰਨ ਮੁਲਾਜ਼ਮਾਂ ਨੂੰ ਰੋਜ਼ਾਨਾ ਲੈਣ ਦੇਣ ਦਾ ਭੁਗਤਾਨ ਕਰਨ ਲਈ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਮਹਾਰਾਜਾ ਰਣਜੀਤ ਸਿੰਘ ਐਵਾਰਡ ਲਈ 60 ਤੋਂ ਵੱਧ ਖਿਡਾਰੀਆਂ ਦੇ ਨਾਂਅ ਦੀ ਸਿਫਾਰਸ਼

ਚੰਡੀਗੜ੍ਹ, 6 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਖੇਡ ਵਿਭਾਗ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੇਣ ਸੰਬੰਧੀ ਸਾਲ 2011-2016 ਦਾ ਬੈਕਲਾਗ ਜਲਦੀ ਪੂਰਾ ਕਰਨ ਲਈ 60 ਤੋਂ ਵੱਧ ਖਿਡਾਰੀਆ ਦੀ ਚੋਣ ਕਰ ਲਈ ਅਤੇ ਇਸ ਸੰਬੰਧੀ ਮੁੱਖ ਮੰਤਰੀ ਨੂੰ ਸਿਫਾਰਸ਼ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਕੱਲ੍ਹ ਇਥੇ ਹੋਈ ਮੀਟਿੰਗ ਤੋਂ ਬਾਅਦ ਦੱਸਿਆ ਗਿਆ ਕਿ ਇਸ ਬਾਰੇ ਅੰਤਿਮ ਫੈਸਲਾ ਛੇਤੀ ਹੀ ਮੁੱਖ ਮੰਤਰੀ ਦੀ ਅਗਵਾਈ ਵਾਲੀ ਕਮੇਟੀ ਵੱਲੋਂ ਲਿਆ ਜਾਵੇਗਾ। ਸਰਕਾਰੀ ਬੁਲਾਰੇ ਅਨੁਸਾਰ ਪੰਜਾਬ ਨਾਲ ਸੰਬੰਧਤ ਜਿਨ੍ਹਾਂ ਖਿਡਾਰੀਆਂ ਨੂੰ ਸਾਲ 2011, 2012, 2013, 2014 ਅਤੇ 2015 ਵਿੱਚ ਪਦਮਸ੍ਰੀ, ਅਰਜੁਨ ਐਵਾਰਡ ਅਤੇ ਰਾਜੀਵ ਗਾਂਧੀ ਖੇਡ ਰਤਨ ਐਵਾਰਡ



ਮਿਲਿਆ ਹੈ, ਉਹ ਮਹਾਰਾਜਾ ਰਣਜੀਤ ਸਿੰਘ ਐਵਾਰਡ ਪ੍ਰਾਪਤ ਕਰਨ ਲਈ ਸਿੱਧੇ ਤੌਰ 'ਤੇ ਯੋਗ ਹੋਣਗੇ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੂੰ ਸੂਬਾ ਪੱਧਰੀ ਸਮਾਰੋਹ ਵਿੱਚ ਸਨਮਾਨਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਕੌਮੀ ਅਤੇ ਕੌਮਾਂਤਰੀ ਮੁਕਾਬਲਿਆਂ ਵਿੱਚ ਪੰਜਾਬ ਦੇ 800 ਤਗਮਾ ਜੇਤੂਆਂ ਨੂੰ ਵੀ ਮੋਹਾਲੀ ਵਿੱਚ ਕਰਵਾਏ ਜਾਣ ਵਾਲੇ ਸਮਾਗਮ ਵਿੱਚ 15 ਨਵੰਬਰ ਨੂੰ ਨਕਦ ਇਨਾਮਾਂ ਨਾਲ ਸਨਮਾਨਤ ਕੀਤਾ ਜਾਵੇਗਾ।

## ਵਿਆਹ ਵਾਲੀ ਕੁੜੀ ਬੈਠੀ ਉਡੀਕਦੀ ਰਹੀ, ਲਾੜਾ ਭਰਜਾਈ ਨਾਲ ਉਡਾਰੀ ਲਾ ਗਿਆ



ਹੁਸ਼ਿਆਰਪੁਰ, 6 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਇੱਕ ਕੁੜੀ ਵਿਆਹ ਲਈ ਹੱਥਾਂ ਉੱਤੇ ਮਹਿੰਦੀ ਲਾ ਕੇ ਬੈਠੀ ਆਪਣੇ ਲਾੜੇ ਦਾ ਇੰਤਜ਼ਾਰ ਕਰਦੀ ਰਹੀ ਤੇ ਉਹ ਧੋਖਾ ਦੇ ਕੇ ਆਪਣੀ ਭਰਜਾਈ ਨਾਲ ਖਿਸਕ ਗਿਆ।

ਮਿਲੀ ਜਾਣਕਾਰੀ ਅਨੁਸਾਰ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਬਾਹੋਵਾਲ ਦੇ ਪਰਿਵਾਰ ਵਿੱਚ ਸ਼ਹਿਨਾਈ ਵੱਜਦੀ ਹੋਣੀ ਸੀ, ਪਰ ਇਸ ਵੇਲੇ ਇਸ ਘਰ 'ਚ ਸਨਾਟਾ ਛਾਇਆ ਪਿਆ ਹੈ। ਇਸ ਪਿੰਡ ਵਿੱਚ ਅਵਤਾਰ ਸਿੰਘ ਨੇ ਆਪਣੀ ਧੀ ਰੇਸ਼ਮਾ (ਕਾਲਪਨਿਕ ਨਾਂ) ਦਾ ਰਿਸ਼ਤਾ ਇਸੇ ਜ਼ਿਲੇ ਪਿੰਡ ਥੀਂਡਾ ਦੇ ਐੱਨ ਆਰ ਆਈ ਗੁਰਪ੍ਰੀਤ ਸਿੰਘ ਨਾਲ ਕੀਤਾ ਸੀ। ਲੜਕੀ ਦੀ ਮੁਲਾਕਾਤ ਫੇਸਬੁੱਕ ਰਾਹੀਂ ਪੰਜ ਸਾਲ ਪਹਿਲਾਂ ਇਟਲੀ ਵਿੱਚ ਰਹਿੰਦੇ ਗੁਰਪ੍ਰੀਤ ਸਿੰਘ ਨਾਲ ਹੋਈ ਸੀ। ਕਰੀਬ ਇਕ ਸਾਲ ਪਹਿਲਾਂ ਦੋਵਾਂ ਦੀ ਮੰਗਣੀ ਵੀ ਹੋਈ ਸੀ। ਇਸ ਤੋਂ ਬਾਅਦ ਲੜਕਾ ਵਿਦੇਸ਼ ਚਲਾ ਗਿਆ। ਸਾਲ ਤੱਕ ਦੋਵਾਂ ਵਿੱਚ ਗੱਲਬਾਤ ਦਾ ਸਿਲਸਿਲਾ ਚੱਲਦਾ ਰਿਹਾ। ਇਸ ਦੌਰਾਨ ਪਰਿਵਾਰ ਨੇ ਦੋਵਾਂ ਦਾ 5 ਨਵੰਬਰ ਨੂੰ ਵਿਆਹ ਤੈਅ ਕਰ ਲਿਆ। ਵਿਆਹ ਦੇ ਇਕ ਦਿਨ ਪਹਿਲਾਂ ਗੁਰਪ੍ਰੀਤ ਏਥੇ ਰੇਸ਼ਮਾ ਦੇ ਪਿੰਡ ਆਇਆ ਅਤੇ ਘਰ ਦਾ ਪਤਾ ਪੁੱਛਣ ਲੱਗਾ। ਇਸੇ ਦੌਰਾਨ ਗੁਰਪ੍ਰੀਤ ਨਾਲ ਇਕ ਔਰਤ ਵੀ ਸੀ, ਜਿਸ ਨੂੰ ਉਹ ਆਪਣੀ ਭਾਬੀ ਦੱਸ ਰਿਹਾ ਸੀ। ਔਰਤ ਦੇ ਨਾਲ ਕੁਝ ਨੌਜਵਾਨ ਵੀ ਆਏ ਹੋਏ ਸਨ, ਜਿਨ੍ਹਾਂ ਨਾਲ ਗੁਰਪ੍ਰੀਤ ਫਰਾਰ ਹੋ ਗਿਆ। ਵਿਆਹ ਵਾਲੀ ਲੜਕੀ ਦੇ ਪਿਤਾ ਅਵਤਾਰ ਸਿੰਘ ਨੇ ਕਿਹਾ ਕਿ ਜਦੋਂ ਇਸ ਬਾਰੇ ਉਨ੍ਹਾਂ ਪਤਾ ਲੱਗਾ ਤਾਂ ਉਨ੍ਹਾਂ ਨੂੰ ਜਾਂਚ ਕੀਤੀ ਤਾਂ ਜਾਣਕਾਰੀ ਮਿਲੀ ਕਿ ਗੁਰਪ੍ਰੀਤ ਵਿਆਹੁਤਾ ਹੈ ਅਤੇ ਜਿਸ ਔਰਤ ਨੂੰ ਉਹ ਭਾਬੀ ਦੱਸ ਰਿਹਾ ਹੈ, ਅਸਲ 'ਚ ਉਸ ਨਾਲ ਉਸ ਨੇ ਕੋਰਟ ਮੈਰਿਜ ਕੀਤੀ ਹੋਈ ਹੈ। ਇਸ ਤੋਂ ਬਾਅਦ ਗੜ੍ਹਸ਼ੰਕਰ ਦੇ ਪਿੰਡ ਥੀਂਡਾ ਜਾ ਕੇ ਛਾਣਬੀਣ ਕੀਤੀ ਤਾਂ ਪੂਰਾ ਮਾਮਲਾ ਸਾਹਮਣੇ ਆਇਆ। ਦੋਵੇਂ ਫਰਾਰ ਦੱਸੇ ਜਾ ਰਹੇ ਹਨ। ਆਪਣੇ ਨਾਲ ਵਾਪਰੀ ਇਸ ਘਟਨਾ ਦੀ ਸ਼ਿਕਾਇਤ ਲੜਕੀ ਦੇ ਪਰਿਵਾਰ ਨੇ ਸਥਾਨਕ ਪੁਲਸ ਨੂੰ ਦਿੱਤੀ ਹੈ ਤੇ ਜਾਂਚ ਅਧਿਕਾਰੀ ਪਰਮਜੀਤ ਸਿੰਘ ਦੇ ਮੁਤਾਬਕ ਪੁਲਸ ਵੱਲੋਂ ਪੂਰੇ ਮਾਮਲੇ ਦੀ ਜਾਂਚ ਚੱਲ ਰਹੀ ਹੈ। ਜਾਂਚ ਪਿੱਛੋਂ ਲੜਕੇ ਵਾਲਿਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਉਂਜ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਕਿ ਕੋਈ ਲੜਕੀ ਐੱਨ ਆਰ ਆਈ ਦੇ ਧੋਖੇ ਦਾ ਸ਼ਿਕਾਰ ਹੋਈ ਹੋਵੇ, ਇਸ ਤੋਂ ਪਹਿਲਾਂ ਵੀ ਕਈ ਲੜਕੀਆਂ ਧੋਖਾ ਖਾ ਚੁੱਕੀਆਂ ਹਨ।

## ਸਿੱਖ ਸੰਸਥਾਵਾਂ ਦੇ ਪ੍ਰਬੰਧ ਵਿੱਚ ਸੁਧਾਰ ਦੀ ਮੰਗ ਵੀ ਉੱਠ ਪਈ

ਅੰਮ੍ਰਿਤਸਰ, 6 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਗੁਰਦੁਆਰਾ ਪ੍ਰਬੰਧਾਂ ਵਿੱਚ ਸੁਧਾਰ ਲਿਆਉਣ ਅਤੇ ਅਕਾਲ ਤਖਤ ਦੀ ਮਰਿਆਦਾ ਬਹਾਲ ਕਰਨ ਦੇ ਲਈ ਕੱਲ੍ਹ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਅਜਿਹਾ ਨਾ ਹੋਇਆ ਤਾਂ ਉਹ ਆਪਣੀ ਜਾਨ ਕੁਰਬਾਨ ਕਰ ਦੇਣਗੇ।

ਇਸ ਸੰਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ, ਪ੍ਰਧਾਨ, ਮੁੱਖ ਸਕੱਤਰ ਅਤੇ ਮੁੱਖ ਮੰਤਰੀ ਦੇ ਨਾਂ ਇਕ ਖੁੱਲ੍ਹਾ ਪੱਤਰ ਜਾਰੀ ਕਰਦਿਆਂ ਕੁਲਵੰਤ ਸਿੰਘ (84) ਨੇ ਕਿਹਾ ਕਿ ਉਨ੍ਹਾਂ 43 ਵਰ੍ਹੇ ਸ਼੍ਰੋਮਣੀ ਕਮੇਟੀ ਵਿੱਚ ਵੱਖ-ਵੱਖ



ਅਹੁਦਿਆਂ ਉੱਤੇ ਸੇਵਾ ਨਿਭਾਈ ਅਤੇ ਸ਼੍ਰੋਮਣੀ ਕਮੇਟੀ ਦੇ ਪੁਰਾਣੇ ਤੇ ਨਵੇਂ ਪ੍ਰਬੰਧਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਇਸ ਸਬੰਧੀ ਕਿਤਾਬ ਵੀ ਲਿਖੀ ਹੈ। ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ ਦੇ ਨਾਂ ਲਿਖੇ ਪੰਜ ਸਫਿਆਂ ਦੇ ਪੱਤਰ ਵਿੱਚ ਉਨ੍ਹਾਂ ਨੇ ਕਿਹਾ ਕਿ ਕਮੇਟੀ ਦਾ ਪ੍ਰਬੰਧ ਸਿੱਖ ਗੁਰਦੁਆਰਾ ਐਕਟ 1925 ਅਨੁਸਾਰ ਨਹੀਂ ਚੱਲ ਰਿਹਾ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਵੀ ਗੁਰਦੁਆਰਾ ਗਜ਼ਟ 1948 ਮੁਤਾਬਕ ਨਹੀਂ ਚੱਲ ਰਿਹਾ। ਸਾਬਕਾ ਸਕੱਤਰ ਨੇ ਕਿਹਾ ਕਿ ਇਸ ਕਾਰਨ ਇਨ੍ਹਾਂ ਸ਼੍ਰੋਮਣੀ ਸੰਸਥਾਵਾਂ ਦੀ ਕਾਰਜਸ਼ੈਲੀ ਵਿੱਚ ਨਿਘਾਰ ਆਇਆ ਤੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਨਾਨਕਸ਼ਾਹੀ ਕੈਲੰਡਰ ਨੂੰ ਬਦਲਣ ਦੇ ਫੈਸਲਾ ਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਦਾ ਵੀ ਜ਼ਿਕਰ ਕੀਤਾ। ਕੁਲਵੰਤ ਸਿੰਘ ਨੇ ਕਿਹਾ ਕਿ ਮਾਣ ਮਰਿਆਦਾ ਦੀ ਬਹਾਲੀ ਲਈ ਪ੍ਰਬੰਧਾਂ ਵਿੱਚ ਸੁਧਾਰ ਦੀ ਲੋੜ ਹੈ ਤੇ ਗੁਰਦੁਆਰਾ ਗਜ਼ਟ 1948 ਮੁਤਾਬਕ ਜਥੇਦਾਰ ਦੀ ਨਿਯੁਕਤੀ ਅਤੇ ਉਸ ਨੂੰ ਹਟਾਉਣ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਕੋਲ ਹੈ, ਪਰ ਅਸਤੀਫਾ ਪ੍ਰਵਾਨ ਕਰਨ ਅਤੇ ਉਸ ਦੀ ਥਾਂ ਆਰਜ਼ੀ ਪ੍ਰਬੰਧ ਕਰਨ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਕੋਲ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਜਥੇਦਾਰਾਂ ਵੱਲੋਂ ਸਿਆਸੀ ਦਖਲ ਨਾਲ ਨਿਯਮਾਂ ਦੀ ਉਲੰਘਣਾ ਕਰਕੇ ਹੁਕਮਨਾਮੇ ਜਾਰੀ ਕੀਤੇ ਜਾ ਰਹੇ ਹਨ। ਸਾਬਕਾ ਸਕੱਤਰ ਨੇ ਇਹ ਚਿਤਾਵਨੀ ਵੀ ਦਿੱਤੀ ਕਿ ਜੇ ਸੁਧਾਰ ਨਾ ਹੋਇਆ ਤਾਂ ਉਹ ਪੰਜ ਪਿਆਰਿਆਂ ਤੋਂ ਗੁਰ ਮਰਿਆਦਾ ਅਨੁਸਾਰ ਹੁਕਮ ਲੈ ਕੇ ਆਪਾ ਵਾਰ ਦੇਣਗੇ।

## ਖੱਡ ਵਿੱਚ ਇਨੋਵਾ ਡਿੱਗਣ ਨਾਲ ਇੱਕ ਦੀ ਮੌਤ

ਚੰਡੀਗੜ੍ਹ, 6 ਨਵੰਬਰ (ਪੋਸਟ ਬਿਊਰੋ)- ਨਵਾਂਗਰਾਉਂ ਤੋਂ ਪੰਜਾਬ ਮੁੜਦੇ ਪੰਜ ਦੋਸਤਾਂ ਦੀ ਇਨੋਵਾ ਗੱਡੀ ਅੱਗੇ ਅਚਾਨਕ ਨੀਲ ਗਾਂ ਆ ਗਈ ਅਤੇ ਸੰਤੁਲਨ ਵਿਗੜਨ ਕਾਰਨ ਗੱਡੀ ਜੰਗਲੀ ਏਰੀਆ ਦੀ ਲੋਹੇ ਦੀਆਂ ਗਰਿੱਲਾਂ ਨੂੰ ਤੋੜਦੇ ਹੋਏ 15 ਫੁੱਟ ਡੂੰਘੀ ਖੱਟ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ ਇਨੋਵਾ ਗੱਡੀ ਦੀ ਸਭ ਤੋਂ ਪਿੱਛੇ ਵਾਲੀ ਸੀਟ 'ਤੇ ਬੈਠੇ ਨੌਜਵਾਨ ਦੀ ਮੌਤ ਹੋ ਗਈ। ਉਸ ਦੀ ਪਛਾਣ ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਢੀਮਵਾਲੀ ਵਾਸੀ 19 ਸਾਲਾ ਦਿਲਜੋਸ਼ ਬਰਾੜ ਦੇ ਵਜੋਂ ਹੋਈ ਹੈ, ਜ਼ਖਮੀਆਂ ਦੀ ਪਛਾਣ ਬਲਾਚੌਰ ਦੇ ਮਾਡਲ ਟਾਊਨ ਵਾਸੀ ਗੁਰਸੇਵਕ ਸਿੰਘ, ਹਰਦੀਪ ਸਿੰਘ, ਦਿਲਸ਼ਾਦ ਅਤੇ ਨਵਾਂ ਸ਼ਹਿਰ ਵਾਸੀ ਮੁਕੁਲ ਵਜੋਂ ਹੋਈ ਹੈ। ਜ਼ਖਮੀਆਂ ਦੀ ਉਮਰ 19 ਤੋਂ 22 ਸਾਲ ਦੱਸੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਉਕਤ ਪੰਜ ਦੋਸਤਾਂ ਨੇ ਸੈਕਟਰ 36 ਦੇ ਗੁਰੂ ਨਾਨਕ ਪਬਲਿਕ ਸਕੂਲ ਵਿੱਚੋਂ 12ਵੀਂ ਪਾਸ ਕੀਤੀ ਹੈ। ਐਤਵਾਰ ਉਨ੍ਹਾਂ ਦੇ ਸਕੂਲ ਵਿੱਚ ਫੰਕਸ਼ਨ ਹੋਣ ਕਾਰਨ ਸਾਰੇ ਪੰਜਾਬ ਤੋਂ ਗੁਰਸੇਵਕ ਦੀ ਇਨੋਵਾ ਗੱਡੀ ਵਿੱਚ ਆਪਣੇ ਪੁਰਾਣੇ ਸਕੂਲ ਆਏ ਸਨ।

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS


202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed


Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

www.AREA REALTOR.com



CENTURY 21
PRESIDENT
KAMAL SANDHU
Sales Representative
647.891.0143
905.488.2100 ext. 407



# ਕਰਨਾਟਕ ਉੱਪ ਚੋਣਾਂ ਵਿੱਚ ਕਾਂਗਰਸ ਗੱਠਜੋੜ ਦੀ ਜਿੱਤ, ਭਾਜਪਾ ਨੂੰ ਕਰਾਰੀ ਹਾਰ ਮਿਲੀ

ਬੈਂਗਲੁਰੂ, 6 ਨਵੰਬਰ (ਪੋਸਟ ਬਿਊਰੋ)- ਕਰਨਾਟਕ ਵਿੱਚ 3 ਲੋਕ ਸਭਾ ਅਤੇ 2 ਵਿਧਾਨ ਸਭਾ ਸੀਟਾਂ ਲਈ ਹੋਈਆਂ ਉੱਪ ਚੋਣਾਂ ’ਚ ਕਾਂਗਰਸ-ਜਨਤਾ ਦਲ ਐੱਸ ਦੇ ਗਠਜੋੜ ਨੇ ਭਾਜਪਾ ਦੇ ਮੁਕਾਬਲੇ ਸ਼ਾਨਦਾਰ 4:1 ਜਿੱਤ ਦਰਜ ਕੀਤੀ ਹੈ। ਇਸ ਚੋਣ ਵਿੱਚ ਗਠਜੋੜ ਨੇ ਭਾਜਪਾ ਨੂੰ ਵੱਡਾ ਝਟਕਾ ਦਿੰਦੇ ਹੋਏ ਕਰੀਬ ਡੇਢ ਦਹਾਕੇ ਤਕ ਉਸ ਦਾ ਗੜ੍ਹ ਰਹੀ ਬੇਲਾਰੀ ਸੀਟ ਨੂੰ ਉਸ ਕੋਲੋਂ ਖੋਹ ਕੇ ਬੁਰੀ ਤਰ੍ਹਾਂ ਝੰਜੋੜ ਛੱਡਿਆ ਹੈ।



ਕਾਂਗਰਸ ਪਾਰਟੀ ਨੇ ਇਨ੍ਹਾਂ ਉੱਪ ਚੋਣਾਂ ਨੂੰ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣ ਤੋਂ ਪਹਿਲਾਂ ਵਾਲਾ ਟੀਜ਼ਰ ਕਰਾਰ ਦਿੱਤਾ ਹੈ। ਇਸ ਗਠਜੋੜ ਦੇ ਉਮੀਦਵਾਰ ਜਮਖੰਡੀ, ਰਾਮਨਗਰ ਵਿਧਾਨ ਸਭਾ ਤੇ ਬੇਲਾਰੀ, ਮਾਂਡਿਆ ਪਾਰਲੀਮੈਂਟ ਹਲਕੇ ਵਿੱਚ ਜਿੱਤ ਗਏ ਹਨ। ਬੇਲਾਰੀ ਲੋਕ ਸਭਾ ਸੀਟ ਉੱਤੇ ਕਾਂਗਰਸ ਦੇ ਵੀ ਐੱਸ ਉਗਰੱਪਾ ਨੇ ਭਾਜਪਾ ਉਮੀਦਵਾਰ ਜੇ. ਸ਼ਾਂਤਾ ਨੂੰ ਕਰੀਬ ਇਕ ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਜਮਖੰਡੀ ’ਚ ਕਾਂਗਰਸ ਦੇ ਏ ਐੱਸ ਨਿਆਮਗੌੜਾ ਨੇ ਭਾਜਪਾ ਦੇ ਸੁਬਾਰਾਓ ਨੂੰ 39,480 ਵੋਟਾਂ ਦੇ ਫਰਕ ਨਾਲ ਹਰਾਇਆ। ਇਸ ਸਾਲ ਮਈ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ’ਚ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਭਾਜਪਾ ਨੂੰ ਸੱਤਾ ਤੋਂ ਬਾਹਰ ਦਾ ਰਾਹ ਦਿਖਾਉਣ ਪਿੱਛੋਂ ਕਾਂਗਰਸ-ਜਨਤਾ ਦਲ ਐੱਸ ਗਠਜੋੜ ਲਈ ਇਹ ਕਾਫੀ ਅਹਿਮ ਟੈਸਟ ਮੰਨਿਆ ਜਾ ਰਿਹਾ ਸੀ।

ਵਰਨਣ ਯੋਗ ਹੈ ਕਿ ਸ਼ਨੀਵਾਰ ਹੋਏ ਮਤਦਾਨ ’ਚ ਔਸਤਨ 67 ਫੀਸਦੀ ਵੋਟ ਪਏ ਸਨ। ਸ਼ਿਵਮੋਗਾ, ਬੇਲਾਰੀ ਤੇ ਮਾਂਡਿਆ ਲੋਕ ਸਭਾ ਸੀਟ ਉੱਤੇ ਕਰਮਵਾਰ 61.05, 63.85 ਤੇ 53.93 ਫੀਸਦੀ ਵੋਟ ਪਏ ਸਨ। ਰਾਮਨਗਰ ਅਤੇ ਜਮਖੰਡੀ ਵਿਧਾਨ ਸਭਾ ਸੀਟਾਂ ’ਤੇ ਕਰਮਵਾਰ 73.71 ਤੇ 81.58 ਫੀਸਦੀ ਵੋਟਾਂ ਪਈਆਂ ਸਨ।

ਉੱਪ ਚੋਣਾਂ ’ਚ ਜਿੱਤ ਤੋਂ ਖੁਸ਼ ਕਰਨਾਟਕ ਦੇ ਮੁੱਖ ਮੰਤਰੀ ਐੱਚ ਡੀ. ਕੁਮਾਰਸਵਾਮੀ ਤੇ ਕਾਂਗਰਸ ਪ੍ਰਧਾਨ ਦਿਨੇਸ਼ ਗੁੰਡੂ ਰਾਓ ਨੇ ਮੰਗਲਵਾਰ ਕਿਹਾ ਕਿ ਉਹ ਭਾਜਪਾ ਖਿਲਾਫ 2019 ਲੋਕ ਸਭਾ ਚੋਣਾਂ ਵੀ ਇਕੱਠੇ ਮਿਲ ਕੇ ਲੜਨਗੇ। ਮੁੱਖ ਮੰਤਰੀ ਕੁਮਾਰਸਵਾਮੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਨਤਾ ਦਲ ਐੱਸ ਅਤੇ ਕਾਂਗਰਸ ਦੀ ਗਠਜੋੜ ਸਰਕਾਰ ਨੂੰ ਸਮਰਥਨ ਦੇਣ ’ਤੇ ਜਨਤਾ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਦੋਵੇਂ ਪਾਰਟੀਆਂ ਅਗਲੀਆਂ ਲੋਕ ਸਭਾ ਚੋਣਾਂ ਵੀ ਸਾਰੀਆਂ 28 ਸੀਟਾਂ ’ਤੇ ਮਿਲ ਕੇ ਲੜਨਗੀਆਂ। ਮੁੱਖ ਮੰਤਰੀ ਨੇ ਕਿਹਾ, ‘ਅਸੀਂ ਜਨਤਾ ਦੀ ਭਲਾਈ ਦੇ ਕਈ ਕਦਮ ਚੁੱਕੇ ਸਨ ਤੇ ਲਾਗੂ ਹੋਣ ਦੇ ਪੜਾਅ ’ਚ ਹਨ, ਹਾਲੇ ਉਨ੍ਹਾਂ ਨੂੰ ਲਾਭ ਨਹੀਂ ਮਿਲਿਆ।’ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਾਡੀਆਂ ਨੀਤੀਆਂ ਪਸੰਦ ਹਨ, ਭਾਵੇ ਉਹ ਫਸਲ ਕਰਜ਼ਾ ਮੁਆਫੀ ਹੋਵੇ ਜਾਂ ਸੜਕ ’ਤੇ ਰੇਹੜੀ ਲਗਾਉਣ ਵਾਲਿਆਂ ਨੂੰ ਵਿੱਤੀ ਮਦਦ ਹੋਵੇ।

ਦਿਨੇਸ਼ ਗੁੰਡੂ ਰਾਵ ਨੇ ਕਿਹਾ, ‘ਸੱਤਾ ਦੀ ਭੁੱਖੀ ਭਾਜਪਾ ਨੇ ਵਿਰੋਧੀ ਦਲ ਦੇ ਰੂਪ ਵਿੱਚ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਉਨ੍ਹਾਂ ਨੇ ਨੈਤਿਕਤਾ ਤੇ ਨੀਤੀ ਸ਼ਾਸਤਰ ਨੂੰ ਨਜ਼ਰ ਅੰਦਾਜ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਚਾਰ ਥਾਈਂ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਸ਼ਿਮੋਗਾ ’ਚ ਉਨ੍ਹਾਂ ਦੀ ਜਿੱਤ ਦਾ ਅੰਤਰ ਘੱਟ ਹੋ ਗਿਆ।’ ਰਾਮਨਗਰ ਵਿਧਾਨ ਸਭਾ ਸੀਟ ਤੋਂ ਚੋਣ ਜਿੱਤਣ ਵਾਲੀ ਅਨਿਤਾ ਕੁਮਾਰਸਵਾਮੀ ਨੇ ਜਿੱਤ ਦਾ ਸਿਹਰਾ ਆਪਣੇ ਮੁੱਖ ਮੰਤਰੀ ਪਤੀ ਕੁਮਾਰਸਵਾਮੀ ਅਤੇ ਆਪਣੇ ਸਹੁਰੇ ਤੇ ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵਗੌੜਾ ਤੇ ਕਾਂਗਰਸੀ ਨੇਤਾਵਾਂ ਦੀ ਲਗਾਤਾਰ ਕੋਸ਼ਿਸ਼ ਨੂੰ ਦਿੱਤਾ ਹੈ।’

# ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਸਬਰੀਮਾਲਾ ਮੰਦਰ ਵਿੱਚ ਝੜਪ, ਇਕ ਔਰਤ ਜ਼ਖਮੀ

ਤਿਰੁੰਵਤਪੁਰਮ, 6 ਨਵੰਬਰ (ਪੋਸਟ ਬਿਊਰੋ)- ਸਬਰੀਮਾਲਾ ਮੰਦਰ ਵਿਖੇ ਅੱਜ ਸਵੇਰੇ ਦਰਵਾਜ਼ੇ ਖੁੱਲ੍ਹਣ ਤੋਂ ਬਾਅਦ ਝੜਪ ਵਿੱਚ ਇਕ ਔਰਤ ਜ਼ਖਮੀ ਹੋ ਗਈ ਅਤੇ ਕੁਝ ਮੀਡੀਆ ਕਰਮਚਾਰੀਆਂ ਦੇ ਵੀ ਜ਼ਖਮੀ ਹੋਣ ਦੀ ਖ਼ਬਰ ਹੈ।



ਵਰਨਣ ਯੋਗ ਹੈ ਕਿ ਇਹ ਮੰਦਰ ਕੱਲ੍ਹ ਸ਼ਾਮ ਪੰਜ ਵਜੇ ਖੋਲ੍ਹਿਆ ਗਿਆ ਸੀ। ਸਖਤ ਸੁਰੱਖਿਆ ਹੇਠ ਇਥੇ 2300 ਜਵਾਨਾਂ ਨੂੰ ਤੈਨਾਤ ਕੀਤਾ ਗਿਆ ਹੈ। ਇਸ ਦੇ ਬਾਵਜੂਦ ਥ੍ਰਿਸੁਰ ਦੀ ਰਹਿਣ ਵਾਲੀ 52 ਸਾਲਾ ਲਲਿਥਾ ਦਾ ਲੋਕਾਂ ਨੇ ਵਿਰੋਧ ਕੀਤਾ ਤੇ ਔਰਤ ਜ਼ਖਮੀ ਹੋ ਗਈ। ਦੋ ਰੋਜ਼ਾ ਵਿਸ਼ੇਸ਼ ਪੂਜਾ ਲਈ ਹਫਤੇ ਵਿਚ ਦੂਜੀ ਵਾਰ ਭਗਵਾਨ ਅਯੱਪਾ ਮੰਦਰ ਦੇ ਦਰਵਾਜ਼ੇ ਖੁੱਲ੍ਹਣ ਤੇ ਅੰਦਾਜ਼ਾ ਲਾਇਆ ਜਾ ਰਿਹਾ ਸੀ ਕਿ ਮੰਦਰ ਵਿਚ ਹਰ ਉਮਰ ਵਰਗ ਦੀਆਂ ਔਰਤਾਂ ਦੇ ਦਾਖਲੇ ਸਬੰਧੀ ਸੁਪਰੀਮ ਕੋਰਟ ਦੇ ਹੁਕਮ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨ ਕਰ ਸਕਦੇ ਹਨ। ਪੁਲਿਸ ਨੇ ਕਿਹਾ ਕਿ ਮੰਦਰ ਵਿਚ 10 ਤੋਂ 50 ਸਾਲ ਦੀ ਕੋਈ ਲੜਕੀ ਜਾਂ ਔਰਤ ਦਰਸ਼ਨਾਂ ਲਈ ਨਹੀਂ ਆਈ, ਪਰ 30 ਸਾਲ ਦੀ ਇਕ ਔਰਤ ਅਪਣੇ ਪਤੀ ਅਤੇ ਦੋ ਬੱਚਿਆਂ ਨਾਲ ਪੰਬਾ ਸਥਿਤ ਆਧਾਰ ਕੈਂਪ ਵਿਖੇ ਪੁੱਜੀ ਹੈ। ਅਲਪੁੱਝਾ ਜ਼ਿਲ੍ਹੇ ਦੇ ਚੇਰਥਲਾ ਵਿਚ ਰਹਿਣ ਵਾਲੀ ਅੰਜੂ ਨਾਮ ਦੀ ਔਰਤ ਨੇ ਪੁਲਿਸ ਨੂੰ ਦੱਸਿਆ ਕਿ ਉਹ ਮੰਦਰ ਨਹੀਂ ਆਉਣਾ ਚਾਹੁੰਦੀ ਸੀ, ਪਰ ਉਹ ਅਪਣੇ ਪਤੀ ਅਭਿਲਾਸ਼ ਦੇ ਕਹੇ ਉੱਤੇ ਆਈ ਹੈ। ਪੁਲਿਸ ਦਾ ਦਾਅਵਾ ਹੈ ਕਿ ਔਰਤ ਦੇ ਪਤੀ ਦੀ ਜ਼ਿੱਦ ਹੈ ਕਿ ਉਸ ਨੂੰ ਪੂਰੇ ਪਰਵਾਰ ਨਾਲ ਪੂਜਾ ਕਰਨ ਦਿਤੀ ਜਾਵੇ। ਇਸ ਬਾਰੇ ਕੇਰਲ ਪੁਲਿਸ ਵਿਵਾਦ ਦੇ ਬਿਆਨ ਦੇ ਰਹੀ ਹੈ। ਇੱਕ ਸਥਾਨਕ ਪੁਲਿਸ ਅਧਿਕਾਰੀ ਨੇ ਦਾਅਵਾ ਕੀਤਾ ਕਿ ਔਰਤ ਨੇ ਪੁਲਿਸ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ, ਪਰ ਪੁਲਿਸ ਮੁਖੀ ਰਾਹੁਲ ਆਰ ਨਾਇਰ ਦਾ ਕਹਿਣਾ ਹੈ ਕਿ ਔਰਤ ਨੇ ਸੁਰੱਖਿਆ ਨਹੀਂ ਮੰਗੀ। ਔਰਤ ਦੇ ਪਤੀ ਵੱਲੋਂ ਫੈਸਲਾ ਨਾ ਬਦਲੇ ਜਾਣ ਕਾਰਨ ਪੁਲਿਸ ਨੇ ਆਖਰੀ ਫੈਸਲੇ ਲਈ ਉਸ ਦੇ ਪਰਵਾਰ ਨੂੰ ਪੰਬਾ ਆਉਣ ਨੂੰ ਕਿਹਾ। ਰਾਤ 10 ਵਜੇ ਮੰਦਰ ਦੇ ਦਰਵਾਜ਼ੇ ਬੰਦ ਹੋਣ ਵੇਲੇ ਅੰਜੂ ਅਤੇ ਉਸ ਦਾ ਪਰਵਾਰ ਕੰਟਰੋਲ ਰੂਮ ਵਿਚ ਇੰਤਜ਼ਾਰ ਕਰ ਰਿਹਾ ਸੀ।

ਪੰਬਾ ਉਹ ਸਥਾਨ ਹੈ ਜਿਥੋਂ ਭਗਤ ਪਹਾੜ ਦੇ ਸਿਖਰ ਉੱਤੇ ਸਥਿਤ ਸਬਰੀਮਾਲਾ ਮੰਦਰ ਤੱਕ ਪੰਜ ਕਿਲੋਮੀਟਰ ਦੀ ਦੂਰੀ ਪੈਦਲ ਪੂਰੀ ਕਰਦੇ ਹਨ। ਕੇਰਲ ਹਾਈ ਕੋਰਟ ਨੇ ਕਿਹਾ ਹੈ ਕਿ ਸੁਪਰੀਮ ਅਦਾਲਤ ਦੇ ਫੈਸਲੇ ਨੂੰ ਲਾਗੂ ਕਰਨ ਦੇ ਨਾਮ ਉੱਤੇ ਭਗਤਾਂ ਨੂੰ ਪਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।

## ਕਾਰ ਵਿੱਚ ਭਰੂਣ ਲਿੰਗ ਦੀ ਜਾਂਚ ਕਰਨ ਵਾਲੇ ਗਰੋਹ ਦਾ ਪਰਦਾ ਫਾਸ਼

ਫਤਿਹਾਬਾਦ, 6 ਨਵੰਬਰ (ਪੋਸਟ ਬਿਊਰੋ)- ਜ਼ਿਲਾ ਸਿਹਤ ਵਿਭਾਗ ਅਤੇ ਪੁਲਸ ਟੀਮ ਨੇ ਚੱਲਦੀ ਕਾਰ ਵਿੱਚ ਲਿੰਗ ਜਾਂਚ ਕਰਨ ਵਾਲੇ ਅੰਤਰਰਾਜੀ ਗਰੋਹ ਦਾ ਪਰਦਾ ਫਾਸ਼ ਕੀਤਾ ਹੈ। ਰਤੀਆ ਪੁਲਸ ਨੇ ਇਸ ਸਬੰਧ ਵਿੱਚ 10 ਲੋਕਾਂ ਨੂੰ ਨਾਮਜ਼ਦ ਕਰ ਕੇ ਦੋ ਔਰਤਾਂ ਸਮੇਤ ਸੱਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਸੰਬੰਧ ਵਿੱਚ ਜਾਂਚ ਟੀਮ ਨੇ ਦੱਸਿਆ ਕਿ ਗਰੋਹ ਨੇ ਲਿੰਗ ਜਾਂਚ ਕਰਨ ਲਈ ਅਲਟਰਾ ਸਾਊਂਡ ਮਸ਼ੀਨ ਹੌਂਡਾ ਸਿਟੀ ਕਾਰ 'ਚ ਸੈਟ ਕੀਤੀ ਹੋਈ ਸੀ ਤੇ ਚੱਲਦੀ ਗੱਡੀ ਵਿੱਚ ਗਰਭਵਤੀ ਔਰਤਾਂ ਦੀ ਕੁੱਖ 'ਚ ਪਲ ਰਹੇ ਬੱਚਿਆਂ ਦੀ ਲਿੰਗ ਦੀ ਜਾਂਚ ਕੀਤੀ ਜਾਂਦੀ ਸੀ। ਪ੍ਰਸ਼ਾਸਨਿਕ ਸੂਤਰਾਂ ਮੁਤਾਬਕ ਇਸ ਗਰੋਹ ਦੇ ਤਾਰ ਹਰਿਆਣਾ, ਪੰਜਾਬ ਅਤੇ ਰਾਜਸਥਾਨ 'ਚ ਵੀ ਜੁੜੇ ਹਨ। ਇਸ ਜ਼ਿਲੇ ਦੇ ਸਿਵਲ ਸਰਜਨ ਡਾ. ਮੁਨੀਸ਼ ਬੰਸਲ ਨੇ ਦੱਸਿਆ ਕਿ ਵਿਭਾਗ ਕੋਲ ਇਕ ਚਲਦੀ ਕਾਰ ਵਿੱਚ ਲਿੰਗ ਜਾਂਚ ਕਰਨ ਵਾਲੇ ਗਰੋਹ ਦੀ ਗੁਪਤ ਸੂਚਨਾ ਆਈ ਸੀ, ਜਿਸ ਪਿੱਛੋਂ ਪੁਲਸ ਦੇ ਸਹਿਯੋਗ ਨਾਲ ਇਕ ਟੀਮ ਬਣਾਈ ਗਈ ਅਤੇ ਗਰੋਹ ਨੂੰ ਫੜਿਆ ਹੈ।

# ਡੀ ਐੱਸ ਪੀ ਵੱਲੋਂ ਚੱਲਦੀ ਕਾਰ ਅੱਗੇ ਸੁੱਟਿਆ ਨੌਜਵਾਨ ਮਾਰਿਆ ਗਿਆ

ਤਿਰੂਵਨੰਤਪੁਰਮ, 6 ਨਵੰਬਰ (ਪੋਸਟ ਬਿਊਰੋ)- ਕੇਰਲ ਦੇ ਤਿਰੂਵਨੰਤਪੁਰਮ ਜ਼ਿਲ੍ਹੇ ਦੇ ਨੇਯਤਿੰਕਾਰਾ ਵਿਚ ਇਕ ਡੀ ਐੱਸ ਪੀ ਨੇ ਮਾਮੂਲੀ ਝਗੜੇ ਦੌਰਾਨ ਇਕ ਨੌਜਵਾਨ ਨੂੰ ਚੱਲਦੀ ਕਾਰ ਦੇ ਅੱਗੇ ਸੁੱਟ ਦਿੱਤਾ। ਇਲਾਜ ਦੌਰਾਨ ਨੌਜਵਾਨ ਦੀ ਮੌਤ ਹੋ ਗਈ। ਡੀ ਐੱਸ ਪੀ ਖ਼ਿਲਾਫ਼ ਹੱਤਿਆ ਦਾ ਮੁਕੱਦਮਾ ਦਰਜ ਹੋਇਆ ਹੈ।

ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਕਿਹਾ ਕਿ ਘਟਨਾ ਦੀ ਗੰਭੀਰਤਾ ਵੇਖਦੇ ਹੋਏ ਡੀ ਐੱਸ ਪੀ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਇਕ ਸਹਾਇਕ ਪੁਲਿਸ ਸੁਪਰਡੈਂਟ ਨੂੰ ਇਸ ਮਾਮਲੇ ਦੀ ਜਾਂਚ ਸੌਂਪੀ ਗਈ ਹੈ। ਇਹ ਘਟਨਾ ਸੋਮਵਾਰ ਰਾਤ ਦੀ ਹੈ। ਸਥਾਨਕ ਲੋਕਾਂ ਅਨੁਸਾਰ ਨੌਜਵਾਨ ਸਨਲ (32) ਨੇ ਸੜਕ ਵੱਲ ਕਾਰ ਪਾਰਕ ਕਰ ਰੱਖੀ ਸੀ। ਡੀ ਐੱਸ ਪੀ ਹਰੀ ਕੁਮਾਰ ਨੇ ਉਨ੍ਹਾਂ ਨੂੰ ਕਾਰ ਹਟਾਉਣ ਲਈ ਕਿਹਾ। ਇਸ ਗੱਲੋਂ ਸਨਲ ਤੇ ਹਰੀਕੁਮਾਰ ਹੱਥੋਪਾਈ ਹੋ ਗਏ। ਇਸ ਦੌਰਾਨ ਹਰੀ ਕੁਮਾਰ ਨੇ ਸਨਲ ਨੂੰ ਸੜਕ ਤੋਂ ਲੰਘਦੀ ਇਕ ਕਾਰ ਅੱਗੇ ਸੁੱਟ ਦਿੱਤਾ। ਸਨਲ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਦੱਸਿਆ ਗਿਆ ਕਿ ਹਰੀਕੁਮਾਰ ਵਰਦੀ ’ਚ ਨਹੀਂ ਸਨ। ਉਹ ਉਸ ਇਲਾਕੇ ’ਚ ਇਕ ਘਰ ’ਚ ਆਏ ਸਨ। ਘਟਨਾ ਦੇ ਵਿਰੋਧ ਵਿਚ ਇਕੱਠੇ ਹੋਏ ਲੋਕਾਂ ਨੇ ਸੜਕ ਜਾਮ ਕਰਦੇ ਹੋਏ ਡੀ ਐੱਸ ਪੀ ਹਰੀਕੁਮਾਰ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ।

## ਸਿੱਖ ਨੌਜਵਾਨ ਨੂੰ ਅਗਵਾ ਕਰਨ ਤੋਂ ਬਾਅਦ ਕੇਸ ਕਤਲ ਕੀਤੇ

ਸ਼ਾਹਬਾਦ ਮਾਰਕੰਡ, 6 ਨਵੰਬਰ (ਪੋਸਟ ਬਿਊਰੋ)- ਪਿੰਡ ਬਕਾਨਾ ਵਿੱਚ ਇੱਕ ਸਿੱਖ ਨੌਜਵਾਨ ਨੂੰ ਅਗਵਾ ਕਰਨ ਮਗਰੋਂ ਕੇਸ ਕਤਲ ਕਰਨ ਦੀ ਖਬਰ ਆਈ ਹੈ। ਪੁਲਸ ਨੇ ਸ਼ਿਕਾਇਤ ਦਰਜ ਕਰ ਕੇ ਕਾਰਵਈ ਸ਼ੁਰੂ ਕਰ ਦਿੱਤੀ ਹੈ। ਇਸ ਸੰਬੰਧ ਵਿੱਚ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਹਰਭਜਨ ਸਿੰਘ ਵਾਸੀ ਬਕਾਨਾ ਨੇ ਦੱਸਿਆ ਕਿ ਬੀਤੀ 31 ਅਕਤੂਬਰ ਨੂੰ ਉਹ ਬੈਂਕ ਤੋਂ ਪੈਸੇ ਕਢਵਾਉਣ ਸ਼ਾਹਬਾਦ ਗਿਆ ਸੀ। ਜੀ ਟੀ ਰੋਡ 'ਤੇ ਇੱਕ ਵਿਅਕਤੀ ਨੇ ਉਸ ਤੋਂ ਲਿਫਟ ਮੰਗੀ ਤੇ ਅੱਗੇ ਜਾ ਕੇ ਉਸ ਨੂੰ ਕੁਝ ਸੁੰਘਾ ਦਿੱਤਾ, ਜਿਸ ਨਾਲ ਉਹ ਬੇਹੋਸ਼ ਹੋ ਗਿਆ। ਕਾਫੀ ਦੇਰ ਬਾਅਦ ਉਸ ਨੂੰ ਹੋਸ਼ ਆਈ ਤਾਂ ਉਹ ਇੱਕ ਅਣਪਛਾਤੀ ਜਗ੍ਹਾ ਸੀ ਅਤੇ ਉਸ ਦੇ ਕੇਸ ਕਤਲ ਕੀਤੇ ਹੋਏ ਸਨ। ਦੋ ਨਵੰਬਰ ਸ਼ਾਮ ਨੂੰ ਉਹ ਕਿਸੇ ਤਰੀਕੇ ਅਗਵਾਕਾਰਾਂ ਤੋਂ ਬਚ ਕੇ ਨਿਕਲਿਆ ਤੇ ਰਾਤ ਘਰ ਪਹੁੰਚ ਕੇ ਇਸ ਦੀ ਜਾਣਕਾਰੀ ਪਰਵਾਰ ਨੂੰ ਦਿੱਤੀ। ਪਰਵਾਰ ਨੇ ਪੁਲਸ ਨੂੰ ਫੋਨ ਕਰ ਕੇ ਹਰਭਜਨ ਦੇ ਪਿੰਡ ਪਹੁੰਚਣ ਬਾਰੇ ਦੱਸਿਆ। ਵਰਨਣ ਯੋਗ ਹੈ ਕਿ ਹਰਭਜਨ ਦੇ ਗਾਇਬ ਹੋਣ ਦੀ ਸੂਚਨਾ ਪਰਵਾਰ ਨੇ ਪੁਲਸ ਨੂੰ ਦੇ ਦਿੱਤੀ ਸੀ। ਪਰਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਪੁਲਸ ਦੀ ਕਾਰਵਾਈ ਤੋਂ ਨਾਖੁਸ਼ ਹਨ। ਦੋ ਨਵੰਬਰ ਦੀ ਰਾਤ ਹਰਭਜਨ ਵਾਪਸ ਆਇਆ ਤਾਂ ਸੂਚਨਾ ਤੋਂ ਬਾਅਦ ਵੀ ਪੁਲਸ ਦੇਰ ਨਾਲ ਪਹੁੰਚੀ। ਉਨ੍ਹਾਂ ਕਿਹਾ ਕਿ ਅਜੇ ਤੱਕ ਉਨ੍ਹਾਂ ਦੀ ਸ਼ਿਕਾਇਤ 'ਤੇ ਕਾਰਵਾਈ ਨਹੀਂ ਕੀਤੀ ਜਾ ਰਹੀ। ਹਰਭਜਨ ਦਾ ਵਿਆਹ ਪੰਜ ਨਵੰਬਰ ਨੂੰ ਹੋਣਾ ਸੀ। ਉਸ ਦਾ ਰਿਸ਼ਤਾ ਪਿੰਡ ਮਛਰੌਲੀ ਵਿੱਚ ਹੋਇਆ ਸੀ, ਇਸ ਘਟਨਾ ਪਿੱਛੋਂ ਵਿਆਹ ਦੀ ਤਰੀਕ ਅੱਗੇ ਪਾ ਦਿੱਤੀ ਗਈ ਹੈ।

## ਲੰਮੇ ਸਮੇਂ ਤੋਂ ਗ਼ੈਰ ਹਾਜ਼ਰ ਰੇਲ ਕਰਮਚਾਰੀ ਬਰਖ਼ਾਸਤ ਹੋਣਗੇ

ਜੈਪੁਰ, 6 ਨਵੰਬਰ (ਪੋਸਟ ਬਿਊਰੋ)- ਉਤਰ-ਪੱਛਮ ਰੇਲਵੇ ਦੇ ਚਾਰ ਡਵੀਜ਼ਨਾਂ ਅਤੇ ਵਰਕਸ਼ਾਪਾਂ ਸਮੇਤ ਭਾਰਤੀ ਰੇਲਵੇ ਵਿਚ ਦੋ ਸਾਲ ਤੋਂ ਗ਼ੈਰ ਹਾਜ਼ਰ ਚੱਲ ਰਹੇ 13521 ਰੇਲ ਕਰਮਚਾਰੀਆਂ ਨੂੰ ਬਰਖ਼ਾਸਤ ਕਰਨ ਦੀ ਯੋਜਨਾ ਹੈ। ਇਸ ਵਿਚ ਉਤਰ ਪੱਛਮ ਰੇਲਵੇ ਦੇ ਜੈਪੁਰ, ਅਜਮੇਰ, ਜੋਧਪੁਰ ਅਤੇ ਬੀਕਾਨੇਰ ਡਵੀਜ਼ਨ ਸਮੇਤ ਤਿੰਨੋ ਵਰਕਸ਼ਾਪਾਂ ਦੇ ਲਗਭਗ 400 ਕਰਮਚਾਰੀਆਂ ਨੂੰ ਨੌਕਰੀ ਤੋਂ ਬਰਖ਼ਾਸਤ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਰੇਲਵੇ ਬੋਰਡ ਵੱਲੋਂ ਇਨ੍ਹਾਂ ਦੀ ਥਾਂ ਉਤੇ ਨਵੀਆਂ ਭਰਤੀਆਂ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਰੇਲਵੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੁਝ ਕਰਮਚਾਰੀ ਅਜਿਹੇ ਹਨ, ਜੋ ਟਰੇਨਿੰਗ ਵੇਲੇ ਤੋਂ ਹੀ ਗਾਇਬ ਹੋ ਗਏ ਸਨ। ਸਿਖਲਾਈ ਵੇਲੇ ਗਾਇਬ ਹੋਏ ਕਰਮਚਾਰੀਆਂ ਨੂੰ ਰੇਲਵੇ ਨੇ ਕਈ ਵਾਰ ਨੋਟਿਸ ਵੀ ਦਿਤੇ ਸਨ, ਪਰ ਕੋਈ ਪ੍ਰਤਿਕਿਰਿਆ ਨਾ ਆਉਣ ਪਿੱਛੋਂ ਰੇਲਵੇ ਇਨ੍ਹਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਲੱਗਾ ਹੈ।

## ਹਿਰਾਸਤ ਵਿੱਚ ਰਾਮਪਾਲ ਹਮਲਾਵਰਾਂ ਦੇ ਸੰਪਰਕ ਵਿੱਚ ਹੋਣ ਬਾਰੇ ਸਬੂਤ ਪੁਲਸ ਕੋਲ ਨਹੀਂ: ਹਾਈ ਕੋਰਟ

ਚੰਡੀਗੜ੍ਹ, 6 ਨਵੰਬਰ (ਪੋਸਟ ਬਿਊਰੋ)- ਹਰਿਆਣੇ ਵਾਲੇ ਸੰਤ ਰਾਮਪਾਲ ਵੱਲੋਂ ਆਪਣੀ ਰਿਹਾਈ ਦੇ ਲਈ ਭੀੜ ਨੂੰ ਦੰਗੇ ਕਰਨ ਲਈ ਭੜਕਾਉਣ ਅਤੇ ਸ਼ਾਂਤੀ ਭੰਗ ਕਰਨ ਦੇ ਲਈ ਉਕਸਾਉਣ ਦੇ ਕੇਸ ਵਿੱਚ ਰਿਵੀਜ਼ਨ ਕੋਰਟ ਵੱਲੋਂ ਜਾਰੀ ਹੁਕਮਾਂ ਦੇ ਖਿਲਾਫ ਹਰਿਆਣਾ ਸਰਕਾਰ ਦੀ ਪਟੀਸ਼ਨ ਹਾਈ ਕੋਰਟ ਨੇ ਰੱਦ ਕਰ ਦਿੱਤੀ।



ਜਸਟਿਸ ਰਾਮੇਂਦਰ ਜੈਨ ਨੇ ਫੈਸਲੇ ਵਿੱਚ ਕਿਹਾ ਕਿ ਜਾਂਚ ਏਜੰਸੀ ਦੇ ਕੋਲ ਅਜਿਹਾ ਕੋਈ ਸਬੂਤ ਨਹੀਂ ਹੈ ਜਿਸ ਤੋਂ ਪਤਾ ਲੱਗੇ ਕਿ ਰਾਮਪਾਲ ਪੁਲਸ ਹਿਰਾਸਤ ਦੌਰਾਨ ਹਮਲਾਵਰਾਂ ਦੇ ਸੰਪਰਕ ਵਿੱਚ ਸੀ ਅਤੇ ਉਸ ਨੇ ਸ਼ਾਂਤੀ ਭੰਗ ਕਰਾਈ ਹੈ ਜਿਸ ਤੋਂ ਸਰਕਾਰ 'ਤੇ ਉਸ ਨੂੰ ਛੱਡਣ ਦਾ ਦਬਾਅ ਪਾਇਆ ਜਾ ਸਕੇ। ਰਾਮਪਾਲ ਦੀ ਕਨਫੈਸ਼ਨਲ ਸਟੇਟਮੈਂਟ ਵਿੱਚ ਉਸ ਦੇ ਦਸਤਖਤ ਨਹੀਂ ਹਨ, ਜੋ ਐਵੀਡੈਂਸ ਐਕਟ ਦੀ ਧਾਰਾ 25 ਅਤੇ 26 ਨੂੰ ਪ੍ਰਭਾਵਤ ਕਰਦੀ ਹੈ। ਜਾਂਚ ਅਫਸਰ ਅਜਿਹਾ ਕੋਈ ਸਬੂਤ ਪੇਸ਼ ਕਰਨ ਵਿੱਚ ਨਾਕਾਮ ਰਿਹਾ, ਜਿਸ ਤੋਂ ਸਾਬਤ ਹੋ ਸਕੇ ਕਿ ਜੇਲ੍ਹ ਵਿੱਚ ਰਾਮਪਾਲ ਤੋਂ ਪੁੱਛਗਿੱਛ ਹੋਈ ਸੀ। ਜੇਲ੍ਹ ਅਥਾਰਟੀ ਦਾ ਕੋਈ ਅਟੈਂਡੈਂਸ ਰਿਕਾਰਡ ਨਹੀਂ ਹੈ। ਕਤਲ ਦੇ ਇੱਕ ਕੇਸ ਵਿੱਚ ਰਾਮਪਾਲ ਨੂੰ ਟਰਾਇਲ ਕੋਰਟ ਨੇ ਪਿੱਛੇ ਜਿਹੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਰਕਾਰ ਨੇ ਮੰਗ ਕੀਤੀ ਸੀ ਕਿ 26 ਮਾਰਚ 2018 ਦੇ ਉਹ ਹੁਕਮ ਰੱਦ ਕੀਤੇ ਜਾਣ, ਜਿਸ ਵਿੱਚ ਰਾਮਪਾਲ ਵੱਲੋਂ ਦਾਇਰ ਪਟੀਸ਼ਨ ਨੂੰ ਮਨਜ਼ੂਰ ਕੀਤਾ ਸੀ ਅਤੇ 23 ਅਗਸਤ 2017 ਨੂੰ ਟਰਾਇਲ ਕੋਰਟ ਵੱਲੋਂ ਰਾਮਪਾਲ ਦੇ ਖਿਲਾਫ ਦੇਸ਼ਧ੍ਰੋਹ ਤੇ ਅਪਰਾਧਕ ਸਾਜ਼ਿਸ਼ ਰਚਣ ਦੀਆਂ ਧਾਰਾਵਾਂ ਦਾ ਦੋਸ਼ ਤੈਅ ਕਰਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਗਿਆ ਸੀ। ਰਾਮਪਾਲ 'ਤੇ ਦੇਸ਼ਧ੍ਰੋਹ ਅਤੇ ਸਾਜ਼ਿਸ਼ ਦੀਆਂ ਧਾਰਾਵਾਂ ਵਿੱਚ ਟਰਾਇਲ ਕੋਰਟ ਨੇ 23 ਅਗਸਤ 2017 ਨੂੰ ਦੋਸ਼ ਤੈਅ ਕੀਤੇ ਸਨ।

# ਅਜੈ ਚੌਟਾਲਾ ਭਰਾ ਉਤੇ ਹੀ ਨਹੀਂ, ਪਿਤਾ ਉਤੇ ਵੀ ਵਰ੍ਹ ਪਿਆ

ਨਵੀਂ ਦਿੱਲੀ, 6 ਨਵੰਬਰ (ਪੋਸਟ ਬਿਊਰੋ)- ਇੰਡੀਅਨ ਨੈਸ਼ਨਲ ਲੋਕਦਲ ਦੇ ਜਨਰਲ ਸੈਕਟਰੀ ਅਜੈ ਚੌਟਾਲਾ ਨੇ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਆਉਣ ਪਿੱਛੋਂ ਆਪਣੇ ਛੋਟੇ ਭਰਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਭੈ ਚੌਟਾਲਾ 'ਤੇ ਹੱਲਾ ਬੋਲਿਆ ਤਾਂ ਉਸ ਨੇ ਆਪਣੇ ਪਿਤਾ ਓਮ ਪ੍ਰਕਾਸ਼ ਚੌਟਾਲਾ ਨੂੰ ਵੀ ਨਹੀਂ ਬਖਸ਼ਿਆ।



ਗੁੱਸੇ ਵਿੱਚ ਭਰੇ ਹੋਏ ਅਜੈ ਚੌਟਾਲਾ ਨੇ ਕਿਹਾ ਕਿ ਉਨ੍ਹਾਂ ਦੇ ਜੇਲ੍ਹ ਵਿੱਚ ਹੁੰਦੇ ਹੋਏ ਉਨ੍ਹਾਂ ਦੇ ਪੁੱਤਰਾਂ ਨੂੰ ਪਾਰਟੀ 'ਚੋਂ ਕੱਢਣ ਤੋਂ ਉਹ ਕਾਫੀ ਦੁਖੀ ਹਨ। ਉਨ੍ਹਾਂ ਕਿਹਾ ਕਿ ‘ਇਨੈਲੋ ਕਿਸੇ ਦੀ ਮਾਲਕੀ ਨਹੀਂ, ਮੇਰੇ ਪਿਓ ਦੀ ਵੀ ਨਹੀਂ। ਇਨੈਲੋ ਲੋਕਾਂ (ਵਰਕਰਾਂ ਵੱਲ ਇਸ਼ਾਰਾ ਕਰਦੇ) ਦਾ ਹੈ, ਜਦ ਤੱਕ ਇਨ੍ਹਾਂ ਵਰਕਰਾਂ ਦਾ ਰਹੇਗਾ, ਤਦ ਤੱਕ ਇਸ ਦੀ ਹੋਂਦ ਹੈ।’ ਉਨ੍ਹਾਂ ਨੇ ਅਭੈ ਦੇ ਉਸ ਬਿਆਨ ਉੱਤੇ ਤਿੱਖਾ ਹਮਲਾ ਕੀਤਾ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਪਾਰਟੀ ਛੱਡ ਕੇ ਜਾਣ ਵਾਲੇ ਲੋਕ ਕਾਂਗਰਸੀ ਹਨ। ਅਜੈ ਚੌਟਾਲਾ ਨੇ ਇਨੈਲੋ ਤੋਂ ਅਸਤੀਫਾ ਦੇ ਕੇ ਦੁਸ਼ਿਅੰਤ ਦੇ ਸਮਰਥਨ ਵਿੱਚ ਆਏ ਸਾਰੇ ਨੇਤਾਵਾਂ ਦੇ ਨਾਂਅ ਗਿਣਾਉਂਦੇ ਹੋਏ ਕਿਹਾ ਕਿ ਇਹ ਤੀਹ-ਚਾਲੀ ਸਾਲਾਂ ਤੋਂ ਉਨ੍ਹਾਂ ਦੇ ਸਾਥੀ ਰਹੇ ਹਨ ਤੇ ਇਨੈਲੋ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ ਹੈ, ਇਨ੍ਹਾਂ ਨੂੰ ਜੇ ਕੋਈ ਕਾਂਗਰਸੀ ਕਹਿੰਦਾ ਹੈ ਤਾਂ ਇਹ ਸੋਚ ਉਸ ਨੂੰ ਮੁਬਾਰਕ ਹੋਵੇ। ਅਜੈ ਚੌਟਾਲਾ ਤਿਹਾੜ ਜੇਲ੍ਹ ਵਿੱਚੋਂ 14 ਦਿਨ ਦੀ ਪੈਰੋਲ ਉੱਤੇ ਬਾਹਰ ਆਏ। ਗੱਡੀ ਚਲਾ ਰਹੇ ਉਨ੍ਹਾਂ ਦੇ ਪਾਰਲੀਮੈਂਟ ਮੈਂਬਰ ਪੁਤਰ ਦੁਸ਼ਿਅੰਤ ਦੇ ਨਾਲ ਉਹ ਅਗਲੀ ਸੀਟ 'ਤੇ ਬੈਠ ਗਏ। ਅਜੈ ਦੀ ਗੱਡੀ ਤਿਹਾੜ ਦੇ ਮੁੱਖ ਦੁਆਰ ਤੋਂ ਰਾਜਘਾਟ ਦੇ ਨੇੜੇ ਬਣੀ ਤਾਊ ਦੇਵੀਲਾਲ ਦੀ ਸਮਾਧੀ ਸੰਘਰਸ਼ ਸਥਾਨ 'ਤੇ ਰੁਕੀ। ਇਥੇ ਅਜੈ ਨੇ ਤਾਊ ਦੇਵੀਲਾਲ ਨੂੰ ਸ਼ਰਧਾਂਜਲੀ ਦਿੱਤੀ।

• Insurance •
Punjab Insurance Inc
• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates, Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9


## ਯੂ ਏ ਈ ਦੀ ਕੰਪਨੀ ਨੂੰ ਨਵਾਂ ਤੇਲ ਤੇ ਗੈਸ ਖੇਤਰ ਮਿਲਿਆ

ਦੁਬਈ, 6 ਨਵੰਬਰ (ਪੋਸਟ ਬਿਊਰੋ)- ਯੂ ਏ ਈ ਦੀ ਕੰਪਨੀ ਏ ਡੀ ਐੱਸ ਓ ਸੀ ਵੱਲੋਂ ਨਵੇਂ ਤੇਲ ਤੇ ਗੈਸ ਸਾਧਨ ਦੀ ਖੋਜ ਦਾ ਐਲਾਨ ਕੀਤਾ ਗਿਆ ਹੈ। ਈਰਾਨ 'ਤੇ ਅਮਰੀਕੀ ਰੋਕ ਤੋਂ ਬਾਅਦ ਤੇਲ ਦੇ ਮਾਮਲੇ ਵਿੱਚ ਕੰਪਨੀ ਦੀ ਨਜ਼ਰ ਪੂਰਨ ਰੂਪ ਨਾਲ ਆਤਮ ਨਿਰਭਰ ਹੋਣ 'ਤੇ ਹੈ। ਆਬੂ ਧਾਬੀ ਦੀ ਜਨਤਕ ਖੇਤਰ ਦੀ ਕੰਪਨੀ ਏ ਡੀ ਐਨ ਓ ਸੀ ਨੇ ਕਿਹਾ ਕਿ ਉਸ ਨੇ ਨਵੇਂ ਗੈਸ ਫੀਲਡ ਦੀ ਖੋਜ ਕੀਤੀ ਹੈ, ਜਿਸ ਵਿੱਚ 15000 ਅਰਬ ਕਿਊਬਕ ਫੁੱਟ ਤੇ ਇੱਕ ਅਰਬ ਤੇਲ ਭੰਡਾਰ ਹੋਣ ਦਾ ਅੰਦਾਜ਼ਾ ਹੈ। ਕੰਪਨੀ ਨੇ 2020 ਤੱਕ ਉਤਪਾਦਨ ਵਧਾ ਕੇ ਚਾਲੀ ਲੱਖ ਬੈਰੇਲ ਰੋਜ਼ਾਨਾ ਅਤੇ 2030 ਤੱਕ ਇਸ ਨੂੰ 50 ਲੱਖ ਬੈਰਲ ਰੋਜ਼ਾਨਾ ਕੀਤੇ ਜਾਣ ਦਾ ਵੀ ਐਲਾਨ ਕੀਤਾ ਹੈ। ਯੂ ਏ ਈ ਦੇ ਅਧਿਕਾਰੀਆਂ ਅਨੁਸਾਰ ਇਸ ਕਦਮ ਦਾ ਮਕਸਦ ਦੇਸ਼ ਨੂੰ ਪੂਰਨ ਰੂਪ ਨਾਲ ਆਤਮਨਿਰਭਰ ਬਣਾਉਣਾ ਹੈ। ਆਬੂ ਧਾਬੀ ਦੇ ਸ਼ਹਿਜ਼ਾਦਾ ਮੁਹੰਮਦ ਬਿਨ ਜਾਇਦ ਨੇ ਇਹ ਐਲਾਨ ਕੀਤਾ ਕਿ ਸੁਪਰੀਮ ਪੈਟਰੋਲੀਅਮ ਕਾਊਂਸਲ ਨੇ ਪੰਜ ਸਾਲਾ ਵਾਧਾ ਯੋਜਨਾ ਦੀ ਮਦਦ ਲਈ 486 ਅਰਬ ਦੀਰਹਮ (132 ਅਰਬ ਡਾਲਰ) ਦੇ ਬਜਟ ਨੂੰ ਵੀ ਮਨਜ਼ੂਰੀ ਦਿੱਤੀ।

## ਖਸ਼ੋਗੀ ਦੀ ਲਾਸ਼ ਕੱਟ ਕੇ ਪੰਜ ਸੂਟਕੇਸਾਂ ਵਿੱਚ ਰੱਖੀ ਗਈ ਸੀ

ਅੰਕਾਰਾ, 6 ਨਵੰਬਰ (ਪੋਸਟ ਬਿਊਰੋ)- ਸਾਊਦੀ ਅਰਬ ਦੇ ਯੁਵਰਾਜ ਮੁਹੰਮਦ ਬਿਨ ਸਲਮਾਨ ਦੇ ਆਲੋਚਕ ਪੱਤਰਕਾਰ ਜਮਾਲ ਖਸ਼ੋਗੀ ਦੀ ਬੀਤੇ ਮਹੀਨੇ ਹੱਤਿਆ ਕਰਨ ਪਿੱਛੋਂ ਉਨ੍ਹਾਂ ਦਾ ਸਰੀਰ ਕੱਟ ਕੇ ਪੰਜ ਸੂਟਕੇਸਾਂ 'ਚ ਰੱਖਿਆ ਗਿਆ ਸੀ। ਪਛਾਣ ਗੁਪਤ ਰੱਖਣ ਦੀ ਸ਼ਰਤ ਉੱਤੇ ਅਧਿਕਾਰੀਆਂ ਦੇ ਹਵਾਲੇ ਨਾਲ ਤੁਰਕੀ ਦੇ ਰੋਜ਼ਾਨਾ ਅਖਬਾਰ 'ਸਬਹ' ਨੇ ਆਪਣੀ ਰਿਪੋਰਟ 'ਚ ਦੱਸਿਆ ਕਿ ਉਨ੍ਹਾਂ ਸੂਟਕੇਸਾਂ ਨੂੰ ਦੋ ਅਕਤੂਬਰ (ਖਸ਼ੋਗੀ ਦੀ ਹੱਤਿਆ ਦੇ ਦਿਨ) ਨੂੰ ਸਾਊਦੀ ਅਰਬ ਦੂਤਘਰ ਦੇ ਕੋਲ ਸਥਿਤ ਕੰਸੁਲ-ਜਨਰਲ ਦੀ ਰਿਹਾਇਸ਼ 'ਚ ਲਿਜਾਇਆ ਗਿਆ ਸੀ।

## ਬ੍ਰਿਟਿਸ਼ ਮੀਡੀਆ ਵਿੱਚ 'ਸਟੈਚੂ ਆਫ ਯੂਨਿਟੀ' ਕਾਰਨ ਭਾਰਤ ਦੀ ਖਿੱਲੀ ਉੱਡ ਗਈ



ਲੰਦਨ, 6 ਨਵੰਬਰ (ਪੋਸਟ ਬਿਊਰੋ)- ਭਾਰਤ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੂਬੇ ਵਿਚ ਬਣੀ ਸਰਦਾਰ ਵੱਲਭ ਭਾਈ ਪਟੇਲ ਦੀ ਮੂਰਤੀ ਦੁਨੀਆ ਦੀ ਸਭ ਤੋਂ ਉੱਚੀ ਮੂਰਤੀ 'ਸਟੈਚੂ ਆਫ ਯੂਨਿਟੀ' ਦੀ ਜਿੱਥੇ ਦੁਨੀਆ ਵਿਚ ਚਰਚਾ ਹੋ ਰਹੀ ਹੈ, ਉਥੇ ਬ੍ਰਿਟੇਨ ਦੇ ਮੀਡੀਆ ਨੇ ਇਸ ਮੂਰਤੀ ਨੂੰ ਲੈ ਕੇ ਭਾਰਤ ਦੀ ਖਿੱਲੀ ਉਡਾਈ ਹੈ।
ਬ੍ਰਿਟਿਸ਼ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਜਿਹੜੀ ਮੂਰਤੀ ਭਾਰਤ ਬਣਾ ਰਿਹਾ ਸੀ, ਉਸ ਵਿਚ ਬ੍ਰਿਟੇਨ ਨੇ ਭਾਰਤ ਨੂੰ ਕਰੀਬ ਇਕ ਅਰਬ ਪੌਂਡ ਦੀ ਆਰਥਕ ਮਦਦ ਦਿੱਤੀ ਹੈ। ਵਰਨਣ ਯੋਗ ਹੈ ਕਿ ਬ੍ਰਿਟੇਨ ਵੱਲੋਂ ਦੱਸੀ ਜਾਂਦੀ ਇਹ ਰਕਮ ਪਟੇਲ ਦੀ ਮੂਰਤੀ ਉੱਤੇ ਆਏ ਖਰਚ ਤੋਂ ਕਿਤੇ ਵੱਧ ਹੈ। ਖਬਰ ਵਿਚ ਇਕ ਪਾਰਲੀਮੈਂਟ ਮੈਂਬਰ ਇਹ ਵੀ ਕਿਹਾ ਹੈ ਕਿ ਬ੍ਰਿਟੇਨ ਨੂੰ ਅੱਗੇ ਤੋਂ ਭਾਰਤ ਦੀ ਮਦਦ ਨਹੀਂ ਕਰਨੀ ਚਾਹੀਦੀ। ਬ੍ਰਿਟੇਨ ਦੀ ਵੈਬਸਾਈਟ ਡੇਲੀ ਮੇਲ ਵਿਚ ਇਸ ਦਾ ਜਿਕਰ ਕਰਦੇ ਹੋਏ ਲਿਖਿਆ ਹੈ ਕਿ ਬ੍ਰਿਟੇਨ ਦੇ ਟੈਕਸ ਦਾਤਾਵਾਂ ਦਾ ਪੈਸਾ ਪ੍ਰਤੱਖ ਰੂਪ ਨਾਲ ਮੂਰਤੀ ਬਣਾਉਣ ਵਿਚ ਨਹੀਂ ਲਗਿਆ ਸਗੋਂ ਭਾਰਤ ਵਿਚ ਹੋਏ ਵੱਖਰੇ ਵਿਕਾਸ ਕੰਮਾਂ ਵਿਚ ਲਗਿਆ ਹੈ, ਪਰ ਜੇ ਭਾਰਤ ਆਪਣਾ ਪੈਸਾ ਮੂਰਤੀ ਬਣਾਉਣ ਵਿਚ ਖਰਚ ਨਾ ਕਰਦਾ ਤਾਂ ਉਨ੍ਹਾਂ ਪ੍ਰਾਜੈਕਟਸ ਦਾ ਖਰਚ ਆਪਣੇ ਆਪ ਉਠਾ ਸਕਦਾ ਸੀ।
ਇਸ ਖਬਰ ਵਿਚ ਭਾਰਤ ਨੂੰ ਤੇਜੀ ਨਾਲ ਵੱਧਦੀ ਮਾਲੀ ਹਾਲਤ ਦੱਸਿਆ ਗਿਆ ਹੈ ਜੋ ਮੰਗਲ ਤੱਕ ਪਹੁੰਚ ਗਈ ਹੈ। ਨਾਲ ਲਿਖਿਆ ਗਿਆ ਹੈ ਕਿ ਭਾਰਤ ਨੂੰ ਜਿੰਨੀ ਆਰਥਕ ਮਦਦ ਮਿਲਦੀ ਹੈ, ਉਸ ਤੋਂ ਕਈ ਗੁਣਾ ਵੱਧ ਦੀ ਮਦਦ ਉਹ ਆਪਣੇ ਆਪ ਦੂਜੇ ਦੇਸ਼ਾਂ ਦੀ ਕਰਦਾ ਹੈ। ਇਹ ਲਿਖ ਕੇ ਬ੍ਰਿਟੇਨ ਵੱਲੋਂ ਭਾਰਤ ਨੂੰ ਮਦਦ ਦੇਣ ਦਾ ਵਿਰੋਧ ਕੀਤਾ ਗਿਆ ਤੇ ਦਾਅਵਾ ਕੀਤਾ ਗਿਆ ਹੈ ਕਿ ਯੂ ਕੇ ਨੇ ਭਾਰਤ ਨੂੰ 2012 ਵਿਚ 300 ਮਿਲੀਅਨ, 2013 ਵਿਚ 268 ਮਿਲੀਅਨ, 2014 ਵਿਚ 278 ਮਿਲੀਅਨ ਅਤੇ 2015 ਵਿਚ ਕਰੀਬ 185 ਮਿਲੀਅਨ ਦੀ ਆਰਥਕ ਮਦਦ ਦਿਤੀ ਸੀ।

## ਬ੍ਰਿਟੇਨ ਦੀ ਪਾਰਲੀਮੈਂਟਰੀ ਬੌਡੀ ਨੇ ਭਾਰਤੀ ਨੌਜਵਾਨਾਂ ਦੇ ਪੋਸਟ-ਸਟੱਡੀ ਵੀਜ਼ਾ ਦਾ ਪੱਖ ਲਿਆ




ਲੰਡਨ, 6 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਇਕ ਪਾਰਲੀਮੈਂਟਰੀ ਗਰੁੱਪ ਨੇ ਅੱਜ ਆਕਰਸ਼ਕ ਉੱਚ ਸਿੱਖਿਆ ਕੇਂਦਰ ਦੇ ਤੌਰ 'ਤੇ ਦੇਸ਼ ਦੀ ਸਥਿਤੀ ਉਤੇ ਰਿਪੋਰਟ ਜਾਰੀ ਕੀਤੀ। ਇਸ ਰਿਪੋਰਟ ਮੁਤਾਬਕ ਗਰੁੱਪ ਨੂੰ ਬੀਤੇ 8 ਸਾਲਾਂ ਤੋਂ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਵਿਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ ਵਿਚ ਆਈ ਕਮੀ ਲਈ ਪੜ੍ਹਾਈ ਦੇ ਬਾਅਦ ਉਨ੍ਹਾਂ ਨੂੰ ਵੀਜ਼ਾ ਜਾਰੀ ਕਰਨ ਦੀਆਂ ਕਈ ਸਿਫਾਰਿਸ਼ਾਂ ਪ੍ਰਾਪਤ ਹੋਈਆਂ ਹਨ। ਕੌਮਾਂਤਰੀ ਵਿਦਿਆਰਥੀਆਂ ਲਈ ਆਲ ਪਾਰਟੀ ਪਾਰਲੀਆਮੈਂਟ ਗਰੁੱਪ (ਏ ਪੀ ਪੀ ਜੀ) ਨੇ ਆਪਣੀ ਰਿਪੋਰਟ 'ਏ ਸਸਟੇਨੇਬੇਲ ਫਿਊਚਰ ਫਾਰ ਇੰਟਰਨੈਸ਼ਨਲ ਸਟੂਡੈਂਟਸ ਇਨ ਦੀ ਯੂ ਕੇ' ਵਿਚ ਦੱਸਿਆ ਕਿ ਬ੍ਰਿਟੇਨ ਦੇ 7ਵੇਂ ਸਭ ਤੋਂ ਵੱਡੇ ਇੰਪੋਰਟ ਬਾਜ਼ਾਰ ਲਈ 'ਇੱਛਾਵਾਨ ਅਤੇ ਸਕਰਾਤਮਕ ਯੋਜਨਾ' ਦੀ ਲੋੜ ਹੈ। ਇਸ ਦੇ ਨਾਲ ਭਾਰਤ ਜਿਹੇ ਵੱਡੇ ਦੇਸ਼ਾਂ ਤੋਂ ਵਿਦਿਆਰਥੀਆਂ ਦੀ ਨਾਮਜ਼ਦਗੀ ਵਿਚ ਆਈ ਕਮੀ ਨੂੰ ਦੂਰ ਕਰਨਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ, 'ਪੀ ਐੱਸ ਡਬਲਊ (ਪੜ੍ਹਾਈ ਦੇ ਬਾਅਦ ਕੰਮ) ਵੀਜ਼ਾ ਨੂੰ ਵਾਪਸ ਲੈਣ ਕਾਰਨ ਕੌਮਾਂਤਰੀ ਵਿਦਿਆਰਥੀਆਂ ਅਤੇ ਖਾਸ ਕਰ ਕੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਆਈ ਹੈ। ਸਾਲ 2010-2011 ਅਤੇ 2016-17 ਦੇ ਵਿਚ ਭਾਰਤ ਤੋਂ ਉੱਚ ਸਿੱਖਿਆ ਲਈ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅੱਧੀ ਰਹਿ ਗਈ ਹੈ।' ਰਿਪੋਰਟ ਦੇਸ਼ ਦੀ ਉੱਚ ਸਿੱਖਿਆ ਦੀ ਅੰਕੜਾ ਏਜੰਸੀ (ਐੱਚ ਈ ਐੱਸ ਏ) ਦੇ ਅੰਕੜਿਆਂ ਦਾ ਹਵਾਲਾ ਦਿੱਤਾ ਗਿਆ ਹੈ।

## ਆਸਟਰੇਲੀਆ 'ਚ ਭਾਰਤੀ ਟੈਕਸੀ ਡਰਾਈਵਰ ਨੂੰ ਛੇ ਸਾਲ ਕੈਦ



ਮੈਲਬਰਨ, 6 ਨਵੰਬਰ (ਪੋਸਟ ਬਿਊਰੋ)- ਭਾਰਤੀ ਟੈਕਸੀ ਡਰਾਈਵਰ ਨੂੰ ਅਦਾਲਤ ਨੇ ਡਰਾਈਵਿੰਗ ਕਰਦੇ ਸਮੇਂ ਮਿੰਨੀ ਬੱਸ 'ਚ ਕਾਰ ਮਾਰ ਕੇ 9 ਆਦਮੀਆਂ ਨੂੰ ਜ਼ਖਮੀ ਕਰਨ ਤੇ ਤਿੰਨ ਔਰਤਾਂ ਦੀ ਮੌਤ ਦੇ ਦੋਸ਼ ਵਿੱਚ ਛੇ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਇਹ ਹੁਕਮ ਸਾਰੀ ਸੁਣਵਾਈ ਤੋਂ ਬਾਅਦ ਕੀਤਾ ਗਿਆ ਹੈ। ਜਤਿੰਦਰ ਪਨੇਸਰ (39) ਪਿਛਲੇ ਸਾਲ 2017 ਵਿੱਚ ਸ਼ੈਪਟਰਨ 'ਚ ਟੈਕਸੀ ਚਲਾ ਰਿਹਾ ਸੀ ਤਾਂ ਉਸ ਦੀ ਅਚਾਨਕ ਅੱਖ ਲੱਗ ਗਈ ਅਤੇ ਉਸ ਦੀ ਕਾਰ ਦੂਸਰੇ ਪਾਸੇ ਤੋਂ ਆਉਂਦੀ ਮਿੰਨੀ ਬੱਸ ਨਾਲ ਜਾ ਟਕਰਾਈ, ਜਿਸ 'ਚ 12 ਬਜ਼ੁਰਗ ਯਾਤਰੀ ਸਫਰ ਕਰ ਰਹੇ ਸੀ। ਅਦਾਲਤੀ ਕਾਰਵਾਈ 'ਚ ਦੱਸਿਆ ਗਿਆ ਕਿ ਪਨੇਸਰ ਨੇ ਕਿਸੇ ਤਰ੍ਹਾਂ ਦਾ ਕੋਈ ਨਸ਼ਾ ਨਹੀਂ ਸੀ ਕੀਤਾ ਅਤੇ ਉਹ ਚਰਿੱਤਰ ਦਾ ਵਧੀਆ ਇਨਸਾਨ ਹੈ ਪਰ ਇਹ ਹਾਦਸਾ ਸਿਰਫ ਉਸ ਦੀ ਥਕਾਵਟ ਕਾਰਨ ਵਾਪਰਿਆ। ਜੱਜ ਨੇ ਕਿਹਾ ਕਿ ਮੈਂ ਮੰਨਦਾ ਹਾਂ ਕਿ ਸੁੱਤੇ ਹੋਣ ਨਾਲ ਇਹ ਸਭ ਹੋਇਆ, ਪਰ ਇਸ ਨਾਲ ਕਿਸੇ ਦੀ ਜਾਨ ਗਈ ਹੈ। ਇਸ ਮੌਕੇ ਪੀੜਤਾਂ ਦੇ ਪਰਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਪਨੇਸਰ 'ਤੇ ਗੁੱਸੇ ਨਹੀਂ ਹਨ, ਉਸ ਨੇ ਕੁਝ ਵੀ ਜਾਣਬੁੱਝ ਕੇ ਨਹੀਂ ਕੀਤਾ, ਇਹ ਸਿਰਫ ਹਾਦਸਾ ਸੀ। ਇਸ ਕੇਸ ਦੀ ਦੋ ਹਫਤੇ ਸ਼ੈਪਟਰਨ ਅਦਾਲਤ 'ਚ ਸੁਣਵਾਈ ਚੱਲਦੀ ਰਹੀ ਸੀ, ਜਿਸ 'ਚ ਡਰਾਈਵਰ ਨੂੰ ਤਜਰਬੇਕਾਰ ਦੱਸਿਆ, ਪਰ ਇਹ ਅਣਗਹਿਲੀ ਜਾਂ ਥਕਾਵਟ ਕਿਹਾ ਜਾ ਸਕਦਾ ਹੈ। ਉਸ ਦੀ ਰਿਹਾਈ ਤਿੰਨ ਸਾਲ ਚੇ ਮਹੀਨੇ ਬਾਅਦ ਹੋ ਸਕੇਗੀ।

## ਬੈਂਕਾਕ ਵਿੱਚ ਸਹਿਮ ਹੇਠ ਦਿਨ ਕੱਟ ਰਹੇ ਨੇ ਪਾਕਿਸਤਾਨੀ ਈਸਾਈ



ਬੈਂਕਾਕ, 6 ਨਵੰਬਰ (ਪੋਸਟ ਬਿਊਰੋ)- ਬੈਂਕਾਕ ਵਿੱਚ ਦੋ ਛੋਟੇ ਜਿਹੇ ਕਮਰਿਆਂ ਵਿੱਚ ਫਾਰੂਜ਼ ਦੇ ਪਰਵਾਰ ਦੇ ਸੱਤ ਜੀਅ ਰਹਿੰਦੇ ਹਨ। ਇਸ ਇਲਾਕੇ ਵਿੱਚ ਹਰ ਥਾਂ ਗੰਦਗੀ ਤੇ ਗੁਰਬਤ ਹੈ, ਪਰ ਫਾਰੂਜ਼ ਨੂੰ ਫਿਕਰ ਆਪਣੀ ਗਰੀਬੀ ਦੀ ਨਹੀਂ, ਸਗੋਂ ਇਹ ਹੈ ਕਿ ਕਿਤੇ ਉਨ੍ਹਾਂ ਨੂੰ ਗ੍ਰਿਫਤਾਰ ਨਾ ਕਰ ਲਿਆ ਜਾਵੇ। ਜੇ ਗ੍ਰਿਫਤਾਰ ਕਰਕੇ ਵਤਨ ਵਾਪਸ ਭੇਜ ਦਿੱਤਾ ਜਾਵੇ ਤਾਂ ਉਥੇ ਕੱਟੜਪੰਥੀਆਂ ਦੇ ਕਹਿਰ ਦਾ ਡਰ ਹੈ, ਜਿਨ੍ਹਾਂ ਤੋਂ ਬਚ ਕੇ ਉਹ ਪਾਕਿਸਤਾਨ ਤੋਂ ਭੱਜੇ ਸਨ।
ਪਿਛਲੇ ਦਿਨੀਂ ਈਸਾਈ ਮਹਿਲਾ ਆਸੀਆ ਬੀਬੀ ਦੀ ਰਿਹਾਈ ਪਿੱਛੋਂ ਇਹ ਕੱਟੜਪੰਥੀ ਮੁੜ ਸੁਰਖੀਆਂ ਵਿੱਚ ਛਾਏ ਹੋਏ ਹਨ ਤੇ ਪਾਕਿਸਤਾਨ ਦੀਆਂ ਘੱਟ-ਗਿਣਤੀਆਂ ਡਰੀਆਂ ਸਹਿਮੀਆਂ ਬੈਠੀਆਂ ਹਨ। ਕੁਫਰ ਦੇ ਦੋਸ਼ ਨਾਲ ਕਿਸੇ ਨੂੰ ਫੜ ਕੇ ਜੇਲ੍ਹ ਵਿੱਚ ਸੁੱਟਿਆ ਜਾ ਸਕਦਾ ਹੈ ਤੇ ਲੋਕ ਆਪਣੀਆਂ ਜ਼ਾਤੀ ਕਿੜਾਂ ਕੱਢਣ ਲਈ ਕੁਫਰ ਦੇ ਕਾਨੂੰਨ ਦਾ ਸਹਾਰਾ ਲੈਣ ਲੱਗੇ ਹਨ। ਈਸਾਈ ਚਰਚਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਾਕਿਸਤਾਨ ਦੇ ਹਜ਼ਾਰਾਂ ਈਸਾਈ ਬੈਂਕਾਕ ਵਿੱਚ ਰਹਿ ਕੇ ਇੰਤਜ਼ਾਰ ਕਰ ਰਹੇ ਹਨ ਕਿ ਕਦੋਂ ਉਨ੍ਹਾਂ ਨੂੰ ਸ਼ਾਂਤੀ ਤੇ ਸੁਰੱਖਿਆ ਦੇ ਮਾਹੌਲ ਵਿੱਚ ਵਤਨ ਪਰਤਣ ਦਾ ਮੌਕਾ ਮਿਲੇਗਾ। ਫਾਰੂਜ਼ ਦੀ ਉਮਰ 15 ਸਾਲ ਹੈ ਤੇ ਉਹ ਉਰਦੂ, ਪੰਜਾਬੀ, ਅੰਗਰੇਜ਼ੀ ਤੇ ਥਾਈ ਭਾਸ਼ਾਵਾਂ ਬੋਲ ਲੈਂਦਾ ਹੈ ਹਾਲਾਂਕਿ ਪਿਛਲੇ ਪੰਜ ਸਾਲਾਂ ਤੋਂ ਉਹ ਤੇ ਉਸ ਦੇ ਬਾਕੀ ਭੈਣ ਭਰਾ ਸਕੂਲ ਨਹੀਂ ਜਾ ਸਕੇ। ਥਾਈਲੈਂਡ ਨੇ ਸ਼ਰਨਾਰਥੀਆਂ ਦੀ ਰਾਖੀ ਲਈ ਯੂ ਐਨ ਦੇ ਐਲਾਨ 'ਤੇ ਸਹੀ ਨਹੀਂ ਪਾਈ। ਫਾਰੂਜ਼ ਨੇ ਕਿਹਾ, 'ਅਸੀਂ ਵਾਪਸ ਨਹੀਂ ਜਾ ਸਕਦੇ, ਸਾਡਾ ਮੁਲਕ ਸਾਨੂੰ ਵਾਪਸ ਨਹੀਂ ਲੈਂਦਾ ਤੇ ਕੋਈ ਹੋਰ ਮੁਲਕ ਸਾਨੂੰ ਨਹੀਂ ਅਪਣਾਉਂਦਾ..ਹੁਣ ਅਸੀਂ ਇਥੇ ਥਾਈਲੈਂਡ ਵਿੱਚ ਫਸੇ ਹੋਏ ਹਾਂ।'

## ਆਰਜ਼ੀ ਵੀਜ਼ੇ ਲਈ ਵਰਤੇ ਜਾਂਦੇ ਜੁਗਾੜਾਂ ਦੀ ਜਾਂਚ ਹੋਵੇਗੀ



ਆਕਲੈਂਡ, 6 ਨਵੰਬਰ (ਪੋਸਟ ਬਿਊਰੋ)- ਨਿਊਜ਼ੀਲੈਂਡ 'ਚ ਪ੍ਰਵਾਸੀਆਂ ਦੀ ਆਮਦ ਦੌਰਾਨ ਕੱਚਿਆਂ ਪ੍ਰਵਾਸੀਆਂ ਦੀਆਂ ਮੁਸੀਬਤਾਂ ਅਤੇ ਮੁਸ਼ਕਲਾਂ ਦੀ ਸੂਚੀ ਵਿਚ ਕੰਮ ਵਾਲੀਆਂ ਥਾਵਾਂ 'ਤੇ ਸ਼ੋਸ਼ਣ ਮੁੱਖ ਹੈ। ਜਦੋਂ ਦੇ ਏਸ਼ਿਆਈ ਦੇਸ਼ਾਂ ਦੇ ਲੋਕ ਏਥੇ ਵਧੇ ਹਨ, ਉਨ੍ਹਾਂ ਦੇ ਜੁਗਾੜ ਸਰਕਾਰ ਨੂੰ ਸ਼ਸ਼ੋਪੰਜ ਵਿਚ ਪਾਈ ਰੱਖਦੇ ਹਨ ਕਿ ਗ਼ਲਤੀ ਕਿੱਥੇ ਹੋ ਰਹੀ ਹੈ ਅਤੇ ਕਿਵੇਂ ਕਾਬੂ ਪਾਇਆ ਜਾਵੇ? ਫਿਰ ਕੋਈ ਨਾ ਕੋਈ ਹੋਰ ਰਸਤਾ ਲੱਭ ਲਿਆ ਜਾਂਦਾ ਹੈ।
ਇਸ ਸੰਬੰਧ ਵਿੱਚ ਸਰਕਾਰ ਨੇ ਐਲਾਨ ਕੀਤਾ ਹੈ ਕਿ ਆਕਲੈਂਡ ਯੂਨੀਵਰਸਿਟੀ ਤੇ ਮਨਿਸਟਰੀ ਆਫ ਬਿਜ਼ਨਸ, ਇਨੋਵੇਸ਼ਨ ਅਤੇ ਇੰਪਲਾਇਮੈਂਟ ਕੋਲੋਂ ਸ਼ੋਸ਼ਣ ਕਰਨ ਵਾਲੇ ਜੁਗਾੜਾਂ ਦੀ ਡੂੰਘੀ ਖੋਜ ਕਰਵਾਈ ਜਾਵੇਗੀ ਤਾਂ ਕਿ ਪਤਾ ਲੱਗ ਸਕੇ ਕਿ ਕਹਾਣੀ ਕਿੱਥੇ ਤੇ ਕਿਵੇਂ ਵਿਗੜੀ ਹੈ। ਇਕ ਯੂਨੀਅਨ ਦੇ ਨਾਲ ਮੀਟਿੰਗ ਦੌਰਾਨ ਇਮੀਗ੍ਰੇਸ਼ਨ ਮੰਤਰੀ ਨੇ ਇਹ ਗੱਲ ਕਹੀ ਹੈ ਅਤੇ ਵਰਕ ਪਾਸਪੋਰਟ, ਜੋ ਪ੍ਰਵਾਸੀ ਕਾਮਿਆਂ ਲਈ ਗਾਈਡ ਹੈ, ਬਾਰੇ ਵੀ ਐਲਾਨ ਕੀਤਾ ਗਿਆ। ਖੋਜ ਕਾਰਜਾਂ ਵਿਚ ਪ੍ਰਵਾਸੀ ਕਾਮਿਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਿਚਾਰ ਲਏ ਜਾਣਗੇ ਤੇ ਘੁੰਢੀਆ ਪੁੱਛੀਆਂ ਜਾਣਗੀਆਂ।

## ਜ਼ਿੰਕ ਭਰਪੂਰ ਚਾਕਲੇਟ ਤੇ ਚਾਹ ਨਾਲ ਬੁਢਾਪਾ ਛੇਤੀ ਨਹੀਂ ਆਵੇਗਾ

ਬਰਲਿਨ, 6 ਨਵੰਬਰ (ਪੋਸਟ ਬਿਊਰੋ)- ਜ਼ਿੰਕ ਨੂੰ ਵਾਈਨ, ਕੌਫੀ ਅਤੇ ਚਾਕਲੇਟ ਵਰਗੀਆਂ ਖਾਣ-ਪੀਣ ਦੀਆਂ ਚੀਜ਼ਾਂ 'ਚ ਪਾਏ ਜਾਂਦੇ ਪਦਾਰਥਾਂ ਦਾ ਸੇਵਨ ਕੀਤਾ ਜਾਵੇ ਤਾਂ ਉਹ ਆਕਸੀਡੇਵਿਟ ਸਟਰੈੱਸ ਤੋਂ ਬਚਣ 'ਚ ਮਦਦਗਾਰ ਹੋ ਸਕਦਾ ਹੈ। ਇੱਕ ਅਧਿਐਨ 'ਚ ਅਜਿਹਾ ਦਾਅਵਾ ਕੀਤਾ ਗਿਆ ਹੈ।
ਜਰਮਨੀ ਦੀ ਇਨਲਾਨਜਨ-ਨਿਊਰਮਬਰਗ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਕਿਹਾ ਕਿ ਬੁਢਾਪੇ ਤੇ ਜੀਵਨ ਜਿਊਣ ਦੀ ਆਸ ਘਟਣ ਪਿੱਛੇ ਕੁਝ ਹੱਦ ਤੱਕ ਆਕਸੀਡੇਟਿਵ ਤਣਾਅ ਜ਼ਿੰਮੇਵਾਰ ਹੁੰਦਾ ਹੈ। ਇਸ ਅਧਿਐਨ 'ਚ ਦੇਖਿਆ ਗਿਆ ਕਿ ਜ਼ਿੰਕ ਇੱਕ ਜੈਵਿਕ ਅਣੂ ਨੂੰ ਸਰਗਰਮ ਕਰਦਾ ਹੈ, ਜੋ ਆਕਸੀਡੇਟਿਵ ਤਣਾਅ ਤੋਂ ਬਚਾਉਣ ਵਿੱਚ ਮਦਦਗਾਰ ਹੈ। ਐਰਨਾਨਜਨ-ਨਿਊਰਮਬਰਗ ਯੂਨੀਵਰਸਿਟੀ ਦੇ ਇਵਾਨੋਵੀ ਬਰਮਾਜੋਵ ਨੇ ਕਿਹਾ ਕਿ ਇਹ ਨਿਸ਼ਚਿਤ ਤੌਰ 'ਤੇ ਸੰਭਵ ਹੈ ਕਿ ਵਾਈਨ, ਕੌਫੀ, ਚਾਹ ਜਾਂ ਚਾਕਲੇਟ ਭਵਿੱਖ 'ਚ ਜ਼ਿੰਕ ਨਾਲ ਮੁਹੱਈਆ ਹੋਵੇ। ਜ਼ਿੰਕ ਇੱਕ ਅਜਿਹਾ ਖਣਿਜ ਹੈ ਜਿਸ ਦੀ ਥੋੜ੍ਹੀ ਜਿਹੀ ਮਾਤਰਾ ਦੀ ਮਨੁੱਖ ਨੂੰ ਤੰਦਰੁਸਤ ਰਹਿਣ ਲਈ ਲੋੜ ਪੈਂਦੀ ਹੈ। ਇਹ ਅਧਿਐਨ ਨੇਚਰ ਕੈਮਿਸਟਰੀ ਰਸਾਲੇ 'ਚ ਪ੍ਰਕਾਸ਼ਤ ਹੋਇਆ ਹੈ।

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

Honesty, Reliability, Commitment
HomeLife SilverCity
"Open House Until Sold"
- 1yr Home Warranty
- 40% Discount on Brand Name
- Appliances & Furniture
- Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$739,900 Morning Star/Airport: Great Opportunity For 1st Time Buyers. Newly Renovated W/Granite Counter Top, S/S Appliances, Range Hood, No Carpet In The House, Close To School, 421/401, Westwood Mall, 2 Basement Apartment. Potential Income Of $1800/Month From Bsmnt.
$619,000 Wanless & Mclaughlin: Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$615,000 Hwy 10/ Sandalwood: A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 Chinguacousy/Queen: Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...
Supervisa, Travel Insurance Call: 416.319.0551

MICHELIN HANKOOK Continental ROADLUX BFGoodrich AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum - On Special Sale! -Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

## ਅਦਾਲਤ ਨੇ ਕਿਹਾ:

# ਮੁਰਗੀਆਂ ਨੂੰ ਵੀ ਚੱਲਣ-ਫਿਰਨ ਦਾ ਹੱਕ, ਵੱਡੇ ਪਿੰਜਰਿਆਂ ਵਿਚ ਰੱਖਿਆ ਕਰੋ




ਨਵੀਂ ਦਿੱਲੀ, 6 ਨਵੰਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਸੁਝਾਅ ਦਿੱਤਾ ਹੈ ਕਿ ਮੁਰਗੀਆਂ ਦੇ ਪਿੰਜਰੇ ਇੰਨੇ ਵੱਡੇ ਹੋਣੇ ਚਾਹੀਦੇ ਹਨ ਕਿ ਉਹ ਆਰਾਮ ਨਾਲ ਚੱਲ ਫਿਰ ਸਕਣ।

ਚੀਫ ਜਸਟਿਸ ਰਜਿੰਦਰ ਮੈਨਨ ਅਤੇ ਜਸਟਿਸ ਵੀ ਕੇ ਰਾਓ ਦੀ ਬੈਂਚ ਨੇ ਵਾਤਾਵਰਣ ਮੰਤਰਾਲੇ ਦੇ ਸਕੱਤਰ ਨੂੰ ਮੁਰਗੀਆਂ ਦੇ ਸਕੱਤਰ ਨੂੰ ਮੁਰਗੀਆਂ ਦੇ ਜਣੇਪੇ ਅਤੇ ਆਵਾਜਾਈ ਬਾਰੇ ਹਦਾਇਤਾਂ ਤੈਅ ਕਰਨ ਲਈ ਕਮੇਟੀ ਬਣਾਉਣ ਤੇ ਉਸ ਦੀ ਪ੍ਰਧਾਨਗੀ ਕਰਨ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਕਮੇਟੀ ਨੂੰ ਇਸ ਮੁੱਦੇ 'ਤੇ ਕਾਨੂੰਨ ਕਮਿਸ਼ਨ ਦੀਆਂ ਸਿਫਾਰਸ਼ਾਂ, ਹੋਰ ਰਾਜਾਂ ਦੇ ਸੁਝਾਵਾਂ ਅਤੇ ਭਾਰਤੀ ਜੀਵ ਜੰਤੂ ਭਲਾਈ ਬੋਰਡ ਦੇ ਪੱਖ ਦੇ ਨਾਲ ਪੋਲਟਰੀ ਕਿਸਾਨਾਂ ਸਮੇਤ ਹੋਰ ਧਿਰਾਂ ਨਾਲ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਪੰਜ ਫਰਵਰੀ 2019 ਨੂੰ ਸੁਣਵਾਈ ਦੀ ਅਗਲੀ ਮਿਤੀ ਉੱਤੇ ਰਿਪੋਰਟ ਸੌਂਪੇ। ਅਦਾਲਤ ਨੇ ਕਿਹਾ ਕਿ ਕੋਈ ਫੈਸਲਾ ਕਰਨ ਤੱਕ ਤਾਰਾਂ ਵਾਲੇ ਛੋਟੇ ਪਿੰਜਰਿਆਂ ਨੂੰ ਵਰਤਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜੱਜ ਨੇ ਕਿਹਾ ਕਿ ਵੱਡੇ ਪਿੰਜਰਿਆਂ ਦੀ ਵਰਤੋਂ ਕੀਤੀ ਜਾਵੇ ਜਿੱਥੇ ਮੁਰਗੀਆਂ ਆਰਾਮ ਨਾਲ ਚੱਲ-ਫਿਰ ਸਕਣ। ਅਦਾਲਤ ਨੇ ਕਿਹਾ ਕਿ ਹਾਲੇ ਮੁਰਗੀਆਂ ਦਾ ਕੋਈ ਪਿੰਜਰਾ ਪਸ਼ੂ ਭਲਾਈ ਕਾਨੂੰਨ ਹੇਠ ਬਣਾਈਆਂ ਯੂਨਿਟਾਂ ਦੀਆਂ ਲੋੜਾ ਨੂੰ ਪੂਰਾ ਨਹੀਂ ਕਰਦਾ। ਅਦਾਲਤ ਉਨ੍ਹਾਂ ਅਪੀਲਾਂ 'ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਆਂਡੇ ਦੇਣ ਵਾਲੀਆਂ ਮੁਰਗੀਆਂ ਨੂੰ ਛੋਟੇ ਪਿੰਜਰਿਆਂ ਵਿੱਚ ਰੱਖਣਾ 'ਅੱਤ ਨਿਰਦਈਪੁਣੇ' ਵਰਗਾ ਹੈ।

# ਓਡੀਸ਼ਾ ਦੇ ਮਲਕਾਨਗਿਰੀ ਵਿੱਚ ਮੁਕਾਬਲੇ ਦੌਰਾਨ ਪੰਜ ਮਾਓਵਾਦੀ ਮਾਰੇ ਗਏ



ਭੁਵਨੇਸ਼ਵਰ, 6 ਨਵੰਬਰ (ਪੋਸਟ ਬਿਊਰੋ)- ਓਡੀਸ਼ਾ ਦੇ ਮਲਕਾਨਗਿਰੀ ਜ਼ਿਲੇ ਦੇ ਪਪੁਲਰੂ ਦੇ ਵੇਂਜੀਗਵਾੜਾ ਜੰਗਲ 'ਚ ਕੱਲ੍ਹ ਸਰਚ ਆਪਰੇਸ਼ਨ ਦੌਰਾਨ ਹੋਏ ਮੁਕਾਬਲੇ 'ਚ ਪੰਜ ਮਾਓਵਾਦੀ ਮਾਰੇ ਗਏ। ਇਨ੍ਹਾਂ ਵਿੱਚ ਦੋ ਔਰਤਾਂ ਵੀ ਹਨ। ਸਾਰਿਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਤੇ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਸਾਰੇ ਕਲੀਮੇਲਾਦਲਮ ਸੰਗਠਨ ਨਾਲ ਜੁੜੇ ਸਨ। ਇਨ੍ਹਾਂ ਕੋਲੋਂ ਵੱਡੀ ਗਿਣਤੀ 'ਚ ਹਥਿਆਰ ਬਰਾਮਦ ਕੀਤੇ ਗਏ ਹਨ।

ਏ ਡੀ ਜੀ (ਆਪ੍ਰੇਸ਼ਨ) ਆਰ ਪੀ ਕੋਚੇ ਨੇ ਕਿਹਾ ਕਿ ਮਾਓਵਾਦੀਆਂ ਕੋਲ ਦੋ ਇੰਸਾਸ, ਇਕ ਐਸ ਐਲ ਆਰ, ਇਕ ਥ੍ਰੀ ਨਾਟ ਥ੍ਰੀ ਬੰਦੂਕ ਨਾਲ ਇਕ ਹੈਂਡ ਗ੍ਰੇਨੇਡ ਬਰਾਮਦ ਹੋਇਆ ਹੈ। ਪੁਲਸ ਦੇ ਡਾਇਰੈਕਟਰ ਜਨਰਲ ਆਰ ਪੀ ਸ਼ਰਮਾ ਨੇ ਕੱਲ੍ਹ ਭੁਵਨੇਸ਼ਵਰ ਵਿੱਚ ਮੀਡੀਆ ਨੂੰ ਦੱਸਿਆ ਕਿ ਮਲਕਾਨਗਿਰੀ ਦੇ ਐਸ ਪੀ ਦੀ ਅਗਵਾਈ 'ਚ ਇਹ ਮੁਹਿੰਮ ਚਲਾਈ ਗਈ। ਸੂਬੇ 'ਚ ਪਿਛਲੇ ਤਿੰਨ ਸਾਲਾਂ ਵਿੱਚ ਇਹ ਸਭ ਤੋਂ ਵੱਡੀ ਮੁਹਿੰਮ ਹੈ। ਇਹ ਸਾਡੇ ਲਈ ਵੱਡੀ ਕਾਮਯਾਬੀ ਹੈ। ਓਡੀਸ਼ਾ ਤੋਂ ਨਕਸਲਵਾਦ ਖਤਮ ਕਰ ਦਿੱਤਾ ਜਾਵੇਗਾ। ਮਾਓਵਾਦੀਆਂ ਖਿਲਾਫ ਅਸੀਂ ਆਪਣਾ ਸਰਚ ਆਪਰੇਸ਼ਨ ਹੋਰ ਤੇਜ਼ ਕਰਾਂਗੇ। ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਤੋਂ ਬਾਅਦ ਲੋਕਾਂ ਦਾ ਪੁਲਸ 'ਤੇ ਭਰੋਸਾ ਵਧੇਗਾ ਤੇ ਮਾਓਵਾਦੀ ਕੈਂਪ 'ਚ ਡਰ ਦਾ ਮਾਹੌਲ ਪੈਦਾ ਹੋਵੇਗਾ। ਕਾਲੀਮੇਲਾਦਲਮ ਦੇ ਡਿਵੀਜ਼ਨ ਕਮੇਟੀ ਮੈਂਬਰ ਰਣਦੇਵ ਸੁਧਾਪੰਡਾ ਦੇ ਜੰਗਲ 'ਚ ਕੈਂਪ ਕਰਕੇ ਬੈਠਣ ਦੀ ਸੂਚਨਾ ਐਸ ਪੀ ਜਗਮੋਹਨ ਨੂੰ ਬੀਤੇ ਦਿਨੀਂ ਮਿਲੀ ਸੀ। ਇਸੇ ਆਧਾਰ 'ਤੇ ਉਨ੍ਹਾਂ ਨੇ ਦੋ ਟੀਮਾਂ 'ਚ 60 ਸਪੈਸ਼ਲ ਆਪਰੇਸ਼ਨ ਗਰੁੱਪ (ਐਸ ਓ ਜੀ) ਦੇ ਜਵਾਨਾਂ ਤੇ ਹੋਰ ਫੋਰਸ ਨਾਲ ਜੰਗ 'ਚ ਸਰਚ ਆਪਰੇਸ਼ਨ ਕਰ ਦਿੱਤਾ। ਇਸੇ ਦੌਰਾਨ ਵੇਂਜਿੰਗਵਾੜਾ ਜੰਗਲ 'ਚ ਮਾਓਵਾਦੀਆਂ ਨਾਲ ਮੁਕਾਬਲਾ ਹੋਇਆ, ਜਿਸ 'ਚ ਪੰਜ ਮਾਓਵਾਦੀ ਮਾਰੇ ਗਏ।

# ਖਾੜੀ ਦੇਸ਼ਾਂ ਵਿੱਚ ਹੋ ਰਹੀ ਰੋਜ਼ 10 ਭਾਰਤੀ ਮਜ਼ਦੂਰਾਂ ਦੀ ਮੌਤ



ਨਵੀਂ ਦਿੱਲੀ, 6 ਨਵੰਬਰ (ਪੋਸਟ ਬਿਊਰੋ)- ਖਾੜੀ ਦੇ ਦੇਸ਼ਾਂ ਵਿੱਚ ਪਿਛਲੇ ਛੇ ਸਾਲਾਂ ਵਿੱਚ ਰੋਜ਼ ਲਗਭਗ 10 ਭਾਰਤੀਆਂ ਦੀ ਮੌਤ ਹੁੰਦੀ ਰਹੀ ਹੈ। ਇਹ ਗੱਲ ਸੂਚਨਾ ਦੇ ਅਧਿਕਾਰ ਕਾਨੂੰਨ ਹੇਠ ਮਿਲੀ ਜਾਣਕਾਰੀ ਦੇ ਆਧਾਰ 'ਤੇ ਇਕ ਸਵੈ ਸੇਵੀ ਗਰੁੱਪ ਨੇ ਕਹੀ ਹੈ। ਸਾਲ 2012-2017 ਦੇ ਵਿਚਾਲੇ ਦੇਸ਼ ਨੂੰ ਵਿਸ਼ਵ ਭਰ ਤੋਂ ਜੋ ਧਨ ਰਾਸ਼ੀ ਪ੍ਰਾਪਤ ਹੋਈ, ਇਸ ਵਿੱਚ ਖਾੜੀ ਦੇਸ਼ਾਂ ਵਿੱਚ ਕੰਮ ਕਰਦੇ ਭਾਰਤੀਆਂ ਦੇ ਯੋਗਦਾਨ ਅੱਧੇ ਤੋਂ ਜ਼ਿਆਦਾ ਹੈ।

ਵਿਦੇਸ਼ ਮੰਤਰਾਲੇ ਨੇ 26 ਅਗਸਤ 2018 ਨੂੰ ਰਾਜ ਸਭਾ ਵਿੱਚ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਸਾਲ 2017 ਵਿੱਚ ਛੇ ਖਾੜੀ ਦੇਸ਼ਾਂ ਵਿੱਚ ਕੰਮ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਲਗਭਗ 22.53 ਲੱਖ ਸੀ। ਕਾਮਨਵੈਲਥ ਹਿਊਮਨ ਰਾਈਟਸ ਇਨੀਸ਼ਿਏਟਿਵ ਦੇ ਵੇਂਕਟੇਸ਼ ਨਾਇਕ ਨੇ ਵਿਦੇਸ਼ ਮੰਤਰਾਲੇ ਤੋਂ ਬਹਿਰੀਨ, ਓਮਾਨ, ਕਤਰ, ਕੁਵੈਤ, ਸਾਊਦੀ ਅਰਬ ਅਤੇ ਯੂ ਏ ਈ ਵਿੱਚ ਇਕ ਜਨਵਰੀ 2012 ਤੋਂ ਮੱਧ 2018 ਤੱਕ ਹੋਈ ਭਾਰਤੀ ਮਜ਼ਦੂਰਾਂ ਦੀ ਮੌਤ ਦਾ ਬਿਊਰਾ ਮੰਗਿਆ ਸੀ। ਉਨ੍ਹਾਂ ਦੱਸਿਆ ਕਿ ਬਹਿਰੀਨ, ਓਮਾਨ, ਕਤਰ ਤੇ ਸਾਊਦੀ ਅਰਬ ਦੇ ਭਾਰਤੀ ਦੂਤਘਰ ਨੇ ਬਿਊਰਾ ਦੇ ਦਿੱਤਾ ਹੈ, ਪਰ ਯੂ ਏ ਈ ਵਿਚਲੇ ਦੂਤਘਰ ਨੇ ਸੂਚਨਾ ਦੇਣ ਤੋਂ ਇਨਕਾਰ ਕੀਤਾ ਹੈ। ਕੁਵੈਤ ਦੇ ਭਾਰਤੀ ਦੂਤਾਵਾਸ ਨੇ ਆਪਣੀ ਵੈਬਸਾਈਟ 'ਤੇ ਬਿਊਰੇ ਦਾ ਵੇਰਵਾ ਦਿੱਤਾ, ਪਰ ਇਹ 2014 ਤੋਂ ਸੀ। ਨਾਇਕ ਨੇ ਕਿਹਾ, 'ਭਾਰਤ ਨੂੰ ਵਿਸ਼ਵ ਭਰ ਤੋਂ 410.33 ਅਰਬ ਡਾਲਰ ਦੀ ਮਿਲੀ ਰਕਮ ਵਿੱਚ ਖਾੜੀ ਦੇਸ਼ਾਂ ਤੋਂ ਮਿਲੀ ਰਕਮ 209.07 ਅਰਬ ਡਾਲਰ ਸੀ।'

## ਮੱਛੀ ਖਾਣ ਨਾਲ ਅਸਥਮਾ ਨਾਲ ਲੜਨ ਵਿੱਚ ਮਦਦ ਮਿਲੇਗੀ

ਮੈਲਬਰਨ, 6 ਨਵੰਬਰ (ਪੋਸਟ ਬਿਊਰੋ)- ਸੈਮਨ, ਟਾਊਟ ਅਤੇ ਸਾਰਡਾਇਨ ਵਰਗੀਆਂ ਮੱਛੀਆਂ ਨੂੰ ਪੌਸ਼ਟਿਕ ਆਹਾਰ ਵਿੱਚ ਸ਼ਾਮਲ ਕਰਨ ਨਾਲ ਬੱਚਿਆਂ ਵਿੱਚ ਅਸਥਮਾ ਦੇ ਲੱਛਣ ਵਿੱਚ ਕਮੀ ਆ ਸਕਦੀ ਹੈ। ਆਸਟਰੇਲੀਆ ਵਿੱਚ ਲਾ ਟ੍ਰੋਬ ਯੂਨੀਵਰਸਿਟੀ ਦੀ ਅਗਵਾਈ ਵਿੱਚ ਕੀਤੇ ਗਏ ਕਲੀਨਿਕਲ ਟਰਾਈਲ ਵਿੱਚ ਇਹ ਪਤਾ ਲੱਗਾ ਕਿ ਅਸਥਮਾ ਨਾਲ ਪੀੜਤ ਬੱਚਿਆਂ ਦੇ ਭੋਜਨ ਵਿੱਚ ਜਦ ਛੇ ਮਹੀਨੇ ਤੱਕ ਫੈਟੀ ਐਸਿਡ ਵਾਲਾ ਮੱਛੀਆਂ ਨਾਲ ਭਰਪੂਰ ਸਮੁੰਦਰੀ ਭੋਜਨ ਨੂੰ ਸ਼ਾਮਲ ਕੀਤਾ ਗਿਆ, ਤਦ ਉਨ੍ਹਾਂ ਦੇ ਫੇਫੜੇ ਦੀ ਕਾਰਜ ਪ੍ਰਣਾਲੀ ਵਿੱਚ ਸੁਧਾਰ ਦੇਖਿਆ ਗਿਆ। ਅਧਿਐਨ ਵਿੱਚ ਕਿਹਾ ਗਿਆ ਕਿ ਪੌਸ਼ਟਿਕ ਭੋਜਨ ਬਚਪਨ ਵਿੱਚ ਹੋਣ ਵਾਲੇ ਅਸਥਮਾ ਲਈ ਇੱਕ ਕਾਰਗਰ ਥੈਰੇਪੀ ਹੋ ਸਕਦਾ ਹੈ।

# ਇਕ ਸਾਲ ਵਿੱਚ ਬਣ ਸਕਦੈ ਭਾਰਤ ਦਾ ਪਹਿਲਾ 3ਡੀ ਮਕਾਨ

ਚੇਨਈ, 6 ਨਵੰਬਰ (ਪੋਸਟ ਬਿਊਰੋ)- ਭਾਰਤ ਪਹਿਲਾ 3ਡੀ ਪ੍ਰਿੰਟਿੰਗ ਮਕਾਨ ਇਕ ਸਾਲ ਦੇ ਅੰਦਰ ਬਣਾ ਸਕਦਾ ਹੈ। ਆਈ ਆਈ ਟੀ ਮਦਰਾਸ ਦੀ ਇਕ ਟੀਮ ਨੇ ਦੋ ਦਿਨ ਦੇ ਅੰਦਰ ਇਕ ਮੰਜ਼ਿਲਾ ਇਮਾਰਤ ਦਾ ਛੋਟਾ ਰੂਪ ਸਫਲਤਾਪੂਰਵਕ ਪ੍ਰਿੰਟ ਕੀਤਾ ਹੈ। ਤਾਮਿਲ ਨਾਡੂ ਦੇ ਚੇਨਈ ਸਥਿਤ ਭਾਰਤੀ ਤਕਨੀਕੀ ਸੰਸਥਾਨ ਦੇ ਖੋਜਕਾਰੀਆਂ ਨੇ ਸੰਸਥਾ ਦੇ ਐਲੂਮਨੀ ਦੇ ਇਕ ਸਟਾਰਟਅਪ ਨਾਲ 3ਡੀ ਪ੍ਰਿੰਟਿੰਗ ਪ੍ਰਯੋਗਸ਼ਾਲਾ ਬਣਾਈ ਹੈ, ਤਾਂ ਕਿ ਦੇਸ਼ ਦੀ ਇਸ ਵਿਕਸਿਤ ਤਕਨੀਕ ਨੂੰ ਬਾਜ਼ਾਰ ਤੱਕ ਲਿਜਾਇਆ ਜਾ ਸਕੇ। ਖੋਜਕਾਰੀਆਂ ਨੇ ਦੱਸਿਆ ਕਿ ਭਾਰਤ 'ਚ ਆਵਾਸ, ਪਖਾਨੇ ਤੇ ਆਵਾਜਾਈ ਦੇ ਖੇਤਰ 'ਚ ਵਿਆਪਕ ਪੱਧਰ 'ਤੇ ਢਾਂਚੇ ਦੀ ਕਮੀ ਨੇ ਉਨ੍ਹਾਂ ਨੂੰ 3ਡੀ ਪ੍ਰਿੰਟਿੰਗ ਤਕਨੀਕ ਵੱਲ ਰੁਖ਼ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਉਹ ਇਸ ਤਕਨੀਕ ਨੂੰ ਭਾਰਤੀ ਬਾਜ਼ਾਰ 'ਚ ਉਤਾਰਨ ਦੇ ਲਾਭ ਬਾਰੇ ਉਤਸ਼ਾਹਿਤ ਹਨ। ਆਈ ਆਈ ਟੀ ਮਦਰਾਸ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਕੋਸ਼ੀ ਵਰਗੀਜ਼ ਨੇ ਕਿਹਾ ਕਿ ਸੰਸਥਾ ਇਸ ਖੇਤਰ ਵਿੱਚ ਨਵੀਂ ਤਕਨੀਕ ਲਿਆਉਣ ਦੀ ਪ੍ਰਕਿਰਿਆ ਅਤੇ ਨੀਤੀ, ਗਿਆਨ ਦਾ ਪ੍ਰਚਾਰ ਕਰਨ ਅਤੇ ਮਾਪਦੰਡ ਤਿਆਰ ਕਰਨ ਲਈ ਕਈ ਸਰਕਾਰੀ ਏਜੰਸੀਆਂ ਅਤੇ ਉਦਯੋਗਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਸਟਾਰਟਅਪ ਦੇ ਸਹਿ ਸੰਸਥਾਪਕ ਅਦਿੱਤਿਆ ਨੇ ਕਿਹਾ ਕਿ ਉਹ ਅਗਲੇ ਇਕ ਸਾਲ ਦੇ ਅੰਦਰ ਭਾਰਤ ਦਾ ਪਹਿਲਾ 3ਡੀ ਪ੍ਰਿੰਟਿੰਗ ਮਕਾਨ ਬਣਾਉਣਗੇ। ਉਨ੍ਹਾਂ ਕਿਹਾ ਕਿ ਨਿਰਮਾਣ ਗਤੀਵਿਧੀਆਂ 'ਚ 3ਡੀ ਪ੍ਰਿੰਟਿੰਗ ਦਾ ਅਸਰ ਪ੍ਰਧਾਨ ਮੰਤਰੀ ਆਵਾਸ ਯੋਜਨਾ ਹੇਠ 'ਸਾਰਿਆਂ ਲਈ ਘਰ' ਅਤੇ 'ਸਵੱਛ ਭਾਰਤ ਅਭਿਆਨ' ਲਈ ਪਖਾਨਿਆਂ ਦੇ ਨਿਰਮਾਣ 'ਤੇ ਕੇਂਦਰਿਤ ਹੋਵੇਗਾ।

# ਜੱਜਾਂ ਦੀ ਨਿਯੁਕਤੀ ਕਰਨ ਵਿੱਚ ਕਾਨੂੰਨ ਮੰਤਰਾਲੇ ਵੱਲੋਂ ਦਖਲ ਤੋਂ ਚੀਫ ਜਸਟਿਸ ਨਾਰਾਜ਼



ਨਵੀਂ ਦਿੱਲੀ, 6 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਲਗਾਤਾਰ ਕਾਲੇਜੀਅਮ ਦੇ ਫੈਸਲੇ ਤੋਂ ਬਾਅਦ ਜੱਜਾਂ ਦੀ ਨਿਯੁਕਤੀ ਵਿੱਚ ਕਾਨੂੰਨ ਮੰਤਰਾਲੇ ਦੇ ਦਖਲ ਤੋਂ ਨਾਰਾਜ਼ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਇਸ ਬਾਰੇ ਸ਼ਿਕਾਇਤ ਕਰਨ ਦੇ ਨਾਲ ਅਜਿਹੇ ਸਾਰੇ ਕੇਸਾਂ ਦੀ ਸਮੀਖਿਆ ਕਰਨ ਦਾ ਫੈਸਲਾ ਲਿਆ ਹੈ।

ਚੀਫ ਜਸਟਿਸ ਦੀ ਪ੍ਰਧਾਨਗੀ ਵਿੱਚ ਬਣਿਆ ਕਾਲੇਜੀਅਮ ਦੀਵਾਲੀ ਤੋਂ ਬਾਅਦ ਉਨ੍ਹਾਂ ਸਾਰੇ ਕੇਸਾਂ ਉੱਤੇ ਵਿਚਾਰ ਕਰੇਗਾ, ਜਿਨ੍ਹਾਂ ਕੇਸਾਂ ਵਿੱਚ ਕਾਲੇਜੀਅਮ ਦੇ ਫੈਸਲੇ ਤੋਂ ਬਾਅਦ ਵੀ ਮੰਤਰਾਲਾ ਨੇ ਨਿਯੁਕਤੀ ਨਹੀਂ ਕੀਤੀ। ਇੱਕ ਮੀਡੀਆ ਰਿਪੋਰਟ ਮੁਤਾਬਕ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਬਾਰੇ ਕਾਲੇਜੀਅਮ ਦੇ ਘੱਟ ਤੋਂ ਘੱਟ 12 ਪ੍ਰਸਤਾਵਾਂ 'ਚ ਮੰਤਰਾਲਾ ਵੱਲੋਂ ਦਖਲ ਦਿੱਤੇ ਜਾਣ ਦੀ ਗੱਲ ਸਾਹਮਣੇ ਆਈ ਹੈ। ਵਰਨਣ ਯੋਗ ਹੈ ਕਿ ਹਾਈ ਕੋਰਟ ਅਤੇ ਸੁਪਰੀਮ ਕੋਰਟ 'ਚ ਜੱਜਾਂ ਦੀ ਨਿਯੁਕਤੀ ਦੀ ਸਿਫਾਰਸ਼ ਸੁਪਰੀਮ ਕੋਰਟ ਦੀ ਕਾਲੇਜੀਅਮ ਕਰਦੀ ਹੈ। ਜੱਜਾਂ ਲਈ ਨਾਵਾਂ ਦਾ ਪ੍ਰਸਤਾਵ ਪੂਰੇ ਦੇਸ਼ ਤੋਂ ਉਸ ਨੂੰ ਮਿਲਦਾ ਹੈ। ਤੈਅ ਪ੍ਰਕਿਰਿਆ ਦੀ ਪਾਲਣਾ ਕਰਨ ਪਿੱਛੋਂ ਕਾਲੇਜੀਅਮ ਕਾਬਲ ਉਮੀਦਵਾਰਾਂ ਦੀ ਲਿਸਟ ਮੰਤਰਾਲਾ ਨੂੰ ਨਿਯੁਕਤੀ ਕਰਨ ਦੇ ਲਈ ਭੇਜਦਾ ਹੈ। ਨਾਵਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਕਾਲੇਜੀਅਮ ਉਮੀਦਵਾਰਾਂ ਦੀ ਯੋਗਤਾ, ਈਮਾਨਦਾਰੀ ਅਤੇ ਉਨ੍ਹਾਂ ਬਾਰੇ ਆਈ ਬੀ ਦੀ ਰਿਪੋਰਟ ਉੱਤੇ ਵਿਚਾਰ ਕਰਦਾ ਹੈ। ਮਿਲੀ ਖਬਰ ਮੁਤਾਬਕ ਪਿਛਲੇ ਕੁਝ ਸਮੇਂ ਤੋਂ ਕਾਲੇਜੀਅਮ ਵੱਲੋਂ ਜੱਜਾਂ ਦੀ ਨਿਯੁਕਤੀ ਲਈ ਨਾਵਾਂ ਵਿੱਚੋਂ ਕਾਨੂੰਨ ਮੰਤਰਾਲਾ ਚੋਣਵੇਂ ਨਾਵਾਂ ਦੇ ਨਿਯੁਕਤੀ ਪੱਤਰ ਜਾਰੀ ਕਰ ਦਿੰਦਾ ਹੈ, ਕੁਝ ਨਾਂਅ ਆਪਣੇ ਪੱਧਰ ਉਤੇ ਰੋਕ ਲੈਂਦਾ ਹੈ। ਇਹ ਕਾਲੇਜੀਅਮ ਦੇ ਅਧਿਕਾਰਾਂ ਨੂੰ ਸੀਮਿਤ ਕਰਨ ਦੀ ਕੋਸ਼ਿਸ਼ ਮੰਨੀ ਗਈ ਹੈ। ਕਾਨੂੰਨ ਮੰਤਰਾਲਾ ਨਿਯੁਕਤੀ ਪੱਤਰ ਦੇਣ ਵਿੱਚ ਦੇਰੀ ਨਾਲ ਕਈ ਵਾਰ ਜੱਜਾਂ ਦੀ ਸੀਨੀਅਰਤਾ ਨੂੰ ਪ੍ਰਭਾਵਤ ਕਰਦਾ ਹੈ। ਜਸਟਿਸ ਕੇ ਐਮ ਜੋਸੇਫ ਨਾਲ ਇਹੋ ਹੋਇਆ ਸੀ। ਕਾਨੂੰਨ ਮੰਤਰਾਲਾ ਨੇ ਉਸ ਦੀ ਸੀਨੀਅਰਤਾ ਜਸਟਿਸ ਇੰਦੂ ਮਲਹੋਤਰਾ, ਜਸਟਿਸ ਇੰਦਰਾ ਬੈਨਰਜੀ ਤੇ ਜਸਟਿਸ ਵਿਨੀਤ ਸ਼ਰਨ ਤੋਂ ਘੱਟ ਕਰ ਦਿੱਤੀ ਸੀ।

ਮਿਲੀ ਖਬਰ ਮੁਤਾਬਕ ਸੁਪਰੀਮ ਕੋਰਟ ਕਾਲੇਜੀਅਮ ਦੀਆਂ ਸਿਫਾਰਸ਼ਾਂ ਨਾਲ ਮੰਤਰਾਲਾ ਤੋਂ ਛੇੜਛਾੜ ਕੀਤਾ ਜਾਣਾ ਗੰਭੀਰ ਵਿਸ਼ਾ ਹੈ। ਚੀਫ ਜਸਟਿਸ ਗੋਗੋਈ ਨੇ ਇਹ ਮੁੱਦਾ ਪ੍ਰਧਾਨ ਮੰਤਰੀ ਕੋਲ ਉਠਾਇਆ ਹੈ ਅਤੇ ਜਸਟਿਸ ਗੋਗੋਈ ਅਗਵਾਈ ਵਿੱਚ ਕਾਲੇਜੀਅਮ ਦੀਵਾਲੀ ਤੋਂ ਬਾਅਦ ਉਸ ਲਿਸਟ ਦੀ ਸਮੀਖਿਆ ਕਰਨ ਜਾ ਰਿਹਾ ਹੈ, ਜਿਨ੍ਹਾਂ ਦੀ ਨਿਯੁਕਤੀ ਦੀ ਸਿਫਾਰਸ਼ ਕੀਤੀ ਗਈ ਹੈ, ਪਰ ਕਾਨੂੰਨ ਮੰਤਰਾਲਾ ਨੇ ਉਸ 'ਤੇ ਮਨਜ਼ੂਰੀ ਨਹੀਂ ਦਿੱਤੀ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7'', Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1'', ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ, ਉਮਰ 24 ਸਾਲ, ਕੱਦ 5'-7'', ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3'', vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10'', Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ। ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9'', ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਜਨਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993, ਕੱਦ 5'2'', Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991, ਕੱਦ 5'6'', GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2''having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990, ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ, ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4'', B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

YOUR AD HERE
Check our Free E-paper at:
www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
Unbeatable Prices
Good Rates
Huge Discounts on Various Insurances
Harmanjeet Kaur | 905.602.1629
LUCKY INSURANCE BROKERS LIMITED
1550 South Gateway Road, Suite #230 Mississauga, ON L4W 5G6

A/Z CITY DRIVER WANTED
INNOVATION Transportation
A/Z City Drivers Needed
Good Pay and good Mileage
Day, Afternoon & Weekend Shifts
Weekly Pay
$22 /Hour
7 Days Work
All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
$29 per hr
Experience: 3-5 years
Education has to be secondary high school or equivalent experience
Email Resume at umar.w@cellntell.com

STARLANE PAINTING
Residential • Commercial • Industrial
Hotel • Motel • Exterior
Interior • Spray Painting
Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਜ਼ਿੰਦਾਦਿਲੀ ਦਾ ਨਾਮ ਹੈ ਜ਼ਿੰਦਗੀ

-ਬੀ ਐੱਸ ਰਤਨ

ਅਮਰੀਕਾ ਦੇ ਜਸਟਿਸ ਕਾਰਡੋਜ਼ੋ ਨੇ ਕਿਹਾ ਸੀ, 'ਅਸੀਂ ਉਹੀ ਕੁਝ ਹੁੰਦੇ ਹਾਂ, ਜੋ ਆਪਣੇ ਬਾਰੇ ਸੋਚਦੇ ਹਾਂ।' ਹਰ ਵਿਅਕਤੀ ਆਪਣੇ ਬਾਰੇ ਖੁਦ ਹੀ ਅੰਦਾਜ਼ਾ ਲਾਉਂਦਾ ਹੈ ਤੇ ਜੋ ਧਾਰਨਾ ਪਾਲਦਾ ਹੈ, ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਨਾਰਮਲ ਵਿਨਸੈਂਟ ਪੀਅਲ ਵੱਲੋਂ ਲਿਖੀ ਪੁਸਤਕ 'ਜ਼ਿੰਦਗੀ ਭਰ ਜ਼ਿੰਦਾ ਰਹੋ' (Stay Alive All Your Life by Norman Vinicent Peale) ਚਰਿੱਤਰ ਉਸਾਰੀ ਤੇ ਜੀਵਨ ਜਾਚ ਪ੍ਰਤੀ ਸਫਲ ਸੇਧ ਦੇਣ ਵਾਲੀ ਮਹੱਤਵ ਪੂਰਨ ਸੌਗਾਤ ਹੈ। ਲੇਖਕ ਨੇ ਇਸ ਪੁਸਤਕ 'ਸਾਰਥਕ ਸੋਚ ਦੀ ਸ਼ਕਤੀ' ਨਾਲ ਸੰਸਾਰ ਦੀ ਪ੍ਰਸਿੱਧੀ ਖੱਟੀ ਹੈ। ਜੀਵਨ ਨੂੰ ਅਰਥ ਭਰਪੂਰ ਅਤੇ ਅਤਿ-ਮਾਨਣ ਯੋਗ ਬਣਾਉਣ ਦੇ ਨੁਕਤੇ ਪੇਸ਼ ਕਰਦੀ ਇਹ ਪੁਸਤਕ ਅਨੇਕ ਮਾਪਦੰਡਾਂ ਤੇ ਨਿਰਦੇਸ਼ਾਂ ਦੀ ਨਿਸ਼ਾਨਦੇਹੀ ਕਰਦੀ ਹੈ। ਸਾਰਥਕ ਸੋਚ, ਸਵੈ ਵਿਸ਼ਵਾਸ, ਆਸ਼ਾਵਾਦੀ ਨਜ਼ਰੀਆ, ਦ੍ਰਿੜ੍ਹ ਇਰਾਦਾ ਤੇ ਇਮਾਨਦਾਰੀ ਆਦਿ ਸਰਲ ਅੰਦਾਜ਼ ਵਿੱਚ ਪੇਸ਼ ਕੀਤੇ ਗਏ ਹਨ। ਪੁਸਤਕ ਦੇ ਕੁੱਲ ਸੋਲਾਂ ਚੈਪਟਰ ਹਨ, ਜਿਨ੍ਹਾਂ ਵਿੱਚ ਵਿਸ਼ੇਸ਼ ਮਨੁੱਖੀ ਗੁਣਾਂ ਦੀ ਵਿਆਖਿਆ ਤੇ ਅਭਿਆਸ ਕਰਨ ਦੀ ਵਿਧੀ ਦੱਸੀ ਗਈ ਹੈ। ਲੇਖਕ ਨੇ ਇਸ ਪੁਸਤਕ ਰਾਹੀਂ ਜ਼ਿੰਦਗੀ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕੀਤਾ ਹੈ। ਪੁਸਤਕ ਸ਼ੁਰੂ ਤੋਂ ਅਖੀਰ ਤੱਕ ਦਿਲਚਸਪੀ, ਲਗਨ ਤੇ ਅਥਾਹ ਜੋਸ਼ ਨਾਲ ਪੜ੍ਹੀ ਜਾ ਸਕਦੀ ਹੈ।

ਯਕੀਨ ਵਿੱਚ ਅਥਾਹ ਸ਼ਕਤੀ ਸਮਾਈ ਹੋਈ ਹੈ, ਜੋ ਤੁਹਾਡੇ ਅੰਦਰ ਉਤਸ਼ਾਹ ਪੈਦਾ ਕਰਦੀ ਹੈ। ਕਿਸੇ ਵੀ ਕਾਰਜ ਨੂੰ ਪੂਰਾ ਕਰਨ ਵਾਸਤੇ ਜਾਂ ਕਿਸੇ ਵੀ ਮੰਜ਼ਿਲ ਨੂੰ ਹਾਸਲ ਕਰਨ ਵਾਸਤੇ ਜੇ ਸਾਨੂੰ ਆਪਣੇ ਆਪ ਉਤੇ ਯਕੀਨ ਹੋਵੇ ਤਾਂ ਸਫਲਤਾ ਹਾਸਲ ਹੁੰਦੀ ਹੈ। ਲੇਖਕ ਸਲਾਹ ਦਿੰਦੇ ਹਨ ਕਿ ਪ੍ਰਮਾਤਮਾ ਉੱਤੇ ਯਕੀਨ ਕਰਨਾ ਚਾਹੀਦਾ ਹੈ। ਸਾਡਾ ਇਹ ਯਕੀਨ ਸਿਰਫ ਅਕਾਦਮਿਕ ਨਹੀਂ, ਸਗੋਂ ਪ੍ਰਮਾਤਮਾ ਉੱਤੇ ਅਟੱਲ ਭਰੋਸਾ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਆਪ ਦੇ ਆਲੇ ਦੁਆਲੇ ਦੇ ਲੋਕਾਂ ਉਪਰ ਵੀ ਭਰੋਸਾ ਹੋਣਾ ਚਾਹੀਦਾ ਹੈ। ਲੇਖਕ ਦਾ ਮਸ਼ਵਰਾ ਹੈ ਕਿ ਜੇ ਅਸੀਂ ਪਿਆਰ, ਉਮੀਦ, ਸ਼ਰਧਾ ਅਤੇ ਆਸ਼ਾਵਾਦੀ ਨਜ਼ਰੀਏ ਨਾਲ ਕਿਸੇ ਵੀ ਚੀਜ਼ ਦੀ ਇੱਛਾ ਰੱਖਾਂਗੇ ਤਾਂ ਯਕੀਨਨ ਸਾਡੀ ਝੋਲੀ ਪਵੇਗੀ। ਲੇਖਕ ਸਲਾਹ ਦਿੰਦਾ ਹੈ ਕਿ ਅਸੀਂ ਸਥਿਤੀਆਂ ਜਾਂ ਦੂਜੇ ਲੋਕਾਂ ਨੂੰ ਦੋਸ਼ ਦੇਣ ਵਿੱਚ ਸਮਾਂ ਬਰਬਾਦ ਨਾ ਕਰੀਏ। ਸਾਨੂੰ ਆਪਣੇ ਆਪ ਨੂੰ ਹੀ ਘੋਖਣਾ ਚਾਹੀਦਾ ਹੈ, ਕਿਉਂਕਿ ਹੋ ਸਕਦਾ ਹੈ ਕਿ ਅਸੀਂ ਦੂਜਿਆਂ ਪ੍ਰਤੀ ਬੇਬੁਨਿਆਦ ਰਾਏ ਘੜੀ ਰੱਖੀਏ। ਉਹ ਪੋਲ ਵਾਲਟ ਦੇ ਵਿਸ਼ਵ ਚੈਂਪੀਅਨ ਬਾਬ ਰਿਚਰਡ ਦੀ ਮਿਸਾਲ ਦਿੰਦੇ ਹਨ। ਜਦੋਂ ਇਨਾਮ ਲੈਣ ਪਿੱਛੋਂ ਰਿਪੋਰਟਰਾਂ ਨੇ ਬਾਬ ਰਿਚਰਡ ਨੂੰ ਉਸ ਦੀ ਸਫਲਤਾ ਦਾ ਰਾਜ਼ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਪ੍ਰਮਾਤਮਾ ਨੇ ਉਸ ਦਾ ਸਾਥ ਦਿੱਤਾ ਸੀ। ਹੋਰ ਸਪੱਸ਼ਟ ਕਰਦੇ ਉਸ ਨੇ ਕਿਹਾ ਕਿ ਪ੍ਰਮਾਤਮਾ ਸਾਨੂੰ ਮਨੋਵਿਗਿਆਨਕ ਤਾਕਤ ਦੇਂਦਾ ਹੈ। ਜਿੰਨੀ ਦੇਰ ਅਸੀਂ ਜ਼ਿੰਦਾ ਹਾਂ, ਓਨੀ ਦੇਰ ਯਕੀਨ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਸੰਖੇਪ ਵਿੱਚ ਕਿਹਾ ਜਾਵੇ ਤਾਂ ਸਖਤ ਮਿਹਨਤ ਕਰੀਏ, ਘਟਨਾਵਾਂ ਦੇ ਸਹਿਯੋਗ ਦੀ ਕਲਪਨਾ ਕਰੀਏ, ਰਚਨ-ਾਤਮਕ ਸੋਚ ਦਾ ਅਭਿਆਸ ਜਾਰੀ ਰੱਖੀਏ ਤੇ ਆਪਾ ਭੁੱਲ ਕੇ ਦੂਜਿਆਂ ਦੀ ਭਲਾਈ ਬਾਰੇ ਅਰਦਾਸ ਕਰੀਏ।

ਜੋਸ਼ ਸਾਡੇ ਅੰਦਰ ਚਮਤਕਾਰੀ ਤੇ ਜਾਦੂਮਈ ਤਾਕਤ ਪੈਦਾ ਕਰਦਾ ਹੈ। ਜੇ ਅਸੀਂ ਨਿਰਾਸ਼ਾਵਾਦੀ ਸੋਚ ਛੱਡ ਕੇ ਆਸ਼ਾਵਾਦੀ ਨਜ਼ਰੀਆ ਅਪਣਾਉਂਦੇ ਹਾਂ ਤਾਂ ਨਤੀਜੇ ਹੈਰਾਨ ਕਰਨ ਵਾਲੇ ਹੋਣਗੇ। ਸਾਡੀ ਯੋਗਤਾ ਅਭਿਆਸ ਅਤੇ ਅਨੁਭਵ ਦੂਜਿਆਂ ਨਾਲੋਂ ਘੱਟ ਹੋਵੇ ਤਾਂ ਅਸੀਂ ਪ੍ਰਭਾਵਸ਼ਾਲੀ ਜੋਸ਼ ਰਾਹੀਂ ਹਰ ਊਣਤਾਈ ਪੂਰੀ ਕਰ ਸਕਦੇ ਹਾਂ। ਲੇਖਕ ਸਾਨੂੰ ਜ਼ੋਰ ਦਿੰਦੇ ਹਨ ਕਿ ਸਾਨੂੰ ਨਿਰਾਸ਼ਾਵਾਦੀ ਸੋਚ ਅਪਨਾ ਕੇ ਕਦੇ ਨੁਕਸਾਂ ਜਾਂ ਘਾਟਾਂ ਦੀ ਧਾਰਨਾ ਨਹੀਂ ਰੱਖਣੀ ਚਾਹੀਦੀ। ਬਹੁਤ ਸਾਰੇ ਲੋਕ ਆਪਣੇ ਬਾਰੇ ਗਲਤ ਅੰਦਾਜ਼ਾ ਲਾਈ ਰੱਖਦੇ ਹਨ। ਆਪਣੀ ਜ਼ਿੰਦਗੀ ਵਿੱਚ ਜਦੋਂ ਅਸੀਂ ਆਸ਼ਾਵਾਦੀ ਜੋਸ਼ ਭਰ ਦਿੰਦੇ ਹਾਂ ਤਾਂ ਆਪ ਮੁਹਾਰੇ ਸਾਡੀਆਂ ਨਵੀਆਂ ਖੂਬੀਆਂ ਉਭਰ ਆਉਂਦੀਆਂ ਹਨ। ਜੋਸ਼ ਦਾ ਸਿਹਤ ਠੀਕ ਰੱਖਣ 'ਤੇ ਸ਼ਕਤੀਸ਼ਾਲੀ ਪ੍ਰਭਾਵ ਪੈਂਦਾ ਹੈ। ਲੋਕ ਸੱਚਮੁੱਚ ਮੌਤ ਤੱਕ ਪਹੁੰਚ ਜਾਂਦੇ ਹਨ, ਕਿਉਂਕਿ ਉਹ ਆਪਣਾ ਜੋਸ਼ ਗੁਆ ਬੈਠਦੇ ਹਨ।

ਇਹ ਆਮ ਵੇਖਣ ਵਿੱਚ ਆਇਆ ਹੈ ਕਿ ਅਣਚਾਹੀਆਂ ਸੋਚਾਂ ਤੋਂ ਛੁਟਕਾਰਾ ਪਾਉਣ ਵਾਸਤੇ ਮਨੋਵਿਗਿਆਨਕ ਤੌਰ 'ਤੇ ਤੁਹਾਨੂੰ ਉਸ ਦੇ ਖਿਲਾਫ ਸੋਚਣਾ ਪਵੇਗਾ। ਜੇ ਤੁਸੀਂ ਕਿਸੇ ਗੱਲ ਤੋਂ ਡਰਦੇ ਹੋ ਤਾਂ ਤੁਹਾਨੂੰ ਹੌਸਲੇ ਨਾਲ ਮੁਕਾਬਲਾ ਕਰਨਾ ਪਵੇਗਾ ਅਤੇ ਇਸ ਹੌਸਲੇ ਦਾ ਪ੍ਰਦਰਸ਼ਨ ਕਰਨਾ ਪਵੇਗਾ। ਹਾਲ ਸ਼ੈਨੀਫਰ ਗਰੀਬ ਘਰ ਦਾ ਲੜਕਾ ਸੀ, ਜੋ ਨਿਊ ਯਾਰਕ ਦੇ ਬੇਹੱਦ ਘੱਟ ਸਹੂਲਤਾਂ ਵਾਲੇ ਇਲਾਕੇ ਵਿੱਚ ਰਹਿੰਦਾ ਸੀ। ਉਸ ਨੂੰ ਅਪਾਰਟਮੈਂਟਸ ਦੀ ਲਿਫਟ ਚਲਾਉਣ ਦਾ ਕੰਮ ਮਿਲਿਆ। ਭਾਵੇਂ ਕੰਮ ਛੋਟਾ ਸੀ, ਪਰ ਉਹ ਬੜੀ ਤਨਦੇਹੀ ਨਾਲ ਕਰਦਾ ਸੀ। ਉਸ ਦਾ ਸ਼ੁਗਲ ਰੇਡੀਓ ਇੰਜੀਨੀਅਰਿੰਗ ਸੀ, ਜੋ ਉਹ ਵਾਧੂ ਸਮੇਂ ਵਿੱਚ ਸਿਖਦਾ ਸੀ। ਉਹ ਬੜੇ ਸ਼ੌਕ ਤੇ ਲਗਨ ਨਾਲ ਕੰਮ ਸਿੱਖਦਾ ਗਿਆ ਤੇ ਫਿਰ ਉਸ ਨੂੰ ਸਹਾਇਕ ਦੀ ਨੌਕਰੀ ਮਿਲ ਗਈ। ਬੇਸ਼ੱਕ ਨੌਕਰੀ ਛੋਟੀ ਸੀ, ਪਰ ਉਸ ਨੇ ਸੁਪਨੇ ਸਾਕਾਰ ਕਰਨ ਵਾਸਤੇ ਟੀਚਾ ਵੱਡਾ ਰੱਖਿਆ ਤੇ ਆਖਰ ਉਹ ਨੈਸ਼ਨਲ ਬਰਾਡਕਾਸਟਿੰਗ ਕੰਪਨੀ ਦਾ ਚੋਟੀ ਦਾ ਇੰਜੀਨੀਅਰ ਬਣ ਗਿਆ। ਇਤਫਾਕ ਦੀ ਗੱਲ ਹੈ ਕਿ 1952 ਦੀ ਰਾਸ਼ਟਰਪਤੀ ਚੋਣ ਵੇਲੇ ਉਸ ਨੂੰ ਜਨਰਲ ਆਈਜ਼ਨਹਾਵਰ ਦੇ ਦੌਰਿਆਂ ਨੂੰ ਰਿਪੋਰਟ ਕਰਨ ਦੀ ਡਿਊਟੀ ਮਿਲ ਗਈ। ਉਹ ਬਹੁਤ ਮਾਣ ਅਤੇ ਜੋਸ਼ ਮਹਿਸੂਸ ਕਰ ਰਿਹਾ ਸੀ।

ਆਪਣੀ ਨਿਰਾਸ਼ਾ ਉਪਰ ਕਾਬੂ ਪਾ ਕੇ ਰਚਨਾਤਮਕ ਸਾਬਿਤ ਹੋਣ ਦੇ ਕਈ ਸਾਧਨ ਹਨ। ਨਿਰਾਸ਼ਾ ਜਾਂ ਢਹਿੰਦੀ ਕਲਾ ਵਿੱਚ ਰਹਿਣਾ ਇੱਕ ਮਾਨਸਿਕ ਸਥਿਤੀ ਹੈ, ਜਿਸ ਉਪਰ ਕਾਬੂ ਪਾਉਣ ਵਾਸਤੇ ਸਹਿਜ ਤੇ ਸਾਰਥਕ ਸੋਚ ਕੰਮ ਆਉਂਦੀ ਹੈ। ਜੇ ਤੁਸੀਂ ਨਿਰਾਸ਼ਾ ਤੋਂ ਛੁਟਕਾਰਾ ਪਾਉਣਾ ਹੈ ਤਾਂ ਜ਼ਿੰਦਗੀ ਭਰ ਜ਼ਿੰਦਾ ਦਿਲੀ ਦਾ ਅਭਿਆਸ ਕਰੋ। ਲੇਖਕ ਮੁਤਾਬਕ ਨਿਰਾਸ਼ਾ ਵੇਲੇ ਕਿਸੇ ਮਕਸਦ ਲਈ ਸਾਨੂੰ ਆਪਣੇ ਵੱਲੋਂ ਹਰ ਤਰੀਕੇ ਵਧੀਆ ਤੋਂ ਵਧੀਆ ਅਤੇ ਵੱਧ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ। ਲੇਖਕ ਇੱਕ ਔਰਤ ਦੀ ਮਿਸਾਲ ਦਿੰਦੇ ਹਨ, ਜੋ ਵਾਰ ਵਾਰ ਡਾਕਟਰ ਕੋਲ ਆਪਣਾ ਇਲਾਜ ਕਰਵਾਉਣ ਜਾਂਦੀ ਸੀ। ਉਹ ਗੱਲ ਕਰਨ ਵੇਲੇ ਲਗਾਤਾਰ ਆਪਣਾ ਸਿਰ ਹਿਲਾਉਂਦੀ ਸੀ। ਹਰ ਵਾਰ ਉਹ ਆਪਣੀ ਨੂੰਹ ਦੀ ਸ਼ਿਕਾਇਤ ਕਰਦੀ ਸੀ, ਜਿਸ ਤੋਂ ਉਸ ਦੀ ਨੂੰਹ ਪ੍ਰਤੀ ਨਫਰਤ ਤੇ ਦੂਰੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ। ਡਾਕਟਰ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਪ੍ਰਮਾਤਮਾ ਅੱਗੇ ਦਿਨ ਵਿੱਚ 10 ਵਾਰ ਪ੍ਰਾਰਥਨਾ ਕਰੇ ਕਿ ਪ੍ਰਮਾਤਮਾ ਉਸ ਨੂੰ ਸ਼ਾਂਤੀ ਬਖਸ਼ੇ ਤੇ ਜਿੰਨੇ ਵਾਰ ਵੀ ਹੋ ਸਕੇ, ਆਪਣੀ ਨੂੰਹ ਬਾਰੇ ਮੰਦੇ ਸ਼ਬਦਾਂ ਦੀ ਬਜਾਏ ਥਾਂ ਸ਼ਬਦ ਦੀ ਵਰਤੋਂ ਕਰੇ। ਆਖਰ ਉਸ ਨੂੰ ਸਮਝ ਲੱਗ ਗਈ ਕਿ ਨੂੰਹ ਉਸ ਦੇ ਆਪਣੇ ਬੇਟੇ ਦੀ ਪਤਨੀ ਹੈ ਤੇ ਉਸ ਨੂੰ ਬਰਦਾਸ਼ਤ ਕਰਨਾ ਜਾਂ ਅਪਣੱਤ ਅਤੇ ਸਹਿਯੋਗ ਨਾਲ ਉਸ ਨਾਲ ਰਹਿਣਾ ਹੀ ਨਿਰਾਸ਼ਾ ਦਾ ਹੱਲ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਠਰ੍ਹੰਮੇ ਤੇ ਨਰਮੀ ਨਾਲ ਰਹਿਣਾ ਸਿੱਖੀਏ। ਡਾਕਟਰ ਦੱਸਦੇ ਹਨ ਕਿ ਗੁੱਸਾ ਸਾਡੇ ਪੇਟ ਅੰਦਰ ਦੌਰੇ ਵਰਗੀ ਅਨਿਯਮਿਤ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਬਾਈਬਲ ਦੇ ਉਪਦੇਸ਼ ਮੁਤਾਬਕ ਵੀ ਜੇ ਅਸੀਂ ਆਪਣੇ ਮਨ ਵਿੱਚੋਂ ਬੁਰੀਆਂ ਭਾਵਨਾਵਾਂ, ਗੁੱਸਾ, ਡਰ ਅਤੇ ਨਫਰਤ ਕੱਢ ਦਿਆਂਗੇ ਤਾਂ ਚੰਗੀ ਸਿਹਤ ਮਾਣ ਸਕਾਂਗੇ। ਗੁੱਸੇ ਦੀ ਥਾਂ ਸਹਿਣਸ਼ੀਲਤਾ ਹਾਸਲ ਕਰਨ ਵਾਸਤੇ ਪ੍ਰਮਾਤਮਾ ਦਾ ਸਹਾਰਾ ਲੈਣਾ ਚਾਹੀਦਾ ਹੈ।

## ਹਲਕਾ ਫੁਲਕਾ

ਅਧਿਆਪਕ, "ਬੱਚਿਓ, ਦੱਸੋ ਡਰਾਈਵਰ ਤੇ ਕੰਡਕਟਰ 'ਚ ਕੀ ਫਰਕ ਹੁੰਦਾ ਹੈ?"

ਪ੍ਰੈਟੀ, "ਗੁਰੂ ਜੀ, ਕੰਡਕਟਰ ਸੌਂ ਗਿਆ ਤਾਂ ਕਿਸੇ ਦੀ ਟਿਕਟ ਨਹੀਂ ਕੱਟੇਗੀ, ਪਰ ਜੇ ਡਰਾਈਵਰ ਸੌਂ ਗਿਆ ਤਾਂ ਸਾਰਿਆਂ ਦੀ ਟਿਕਟ ਕੱਟੀ ਜਾਵੇਗੀ।"

********

ਇੱਕ ਔਰਤ ਨੇ ਐਮਰਜੈਂਸੀ ਨੰਬਰ ਮਿਲਾਇਆ ਤਾਂ ਆਪਰੇਟਰ ਨੇ ਪੁੱਛਿਆ, "ਪੁਲਸ, ਫਾਇਰ ਬ੍ਰਿਗੇਡ ਜਾਂ ਐਂਬੂਲੈਂਸ?"

"ਡੰਗਰਾਂ ਦਾ ਹਸਪਤਾਲ?" ਔਰਤ ਨੇ ਜਵਾਬ ਦਿੱਤਾ।

"ਕੀ?" ਆਪਰੇਟਰ ਨੇ ਹੈਰਾਨ ਹੋ ਕੇ ਪੁੱਛਿਆ।

"ਡੰਗਰਾਂ ਦਾ ਹਸਪਤਾਲ, ਆਪਣੇ ਕੁੱਤੇ ਦਾ ਮੂੰਹ ਖੋਲ੍ਹਣ ਲਈ।"

"...ਪਰ ਇਸ ਦੇ ਲਈ ਮੈਡਮ ਤੁਸੀਂ ਐਮਰਜੈਂਸੀ ਨੰਬਰ ਕਿਉਂ ਡਾਇਲ ਕੀਤਾ?"

"ਇਸ ਲਈ ਕਿ ਕੁੱਤੇ ਦੇ ਮੂੰਹ 'ਚ ਚੋਰ ਦੀ ਲੱਤ ਹੈ।"

********

# ਸਿੱਖਾਂ ਦੀ ਆਨ-ਸ਼ਾਨ ਅਤੇ ਪਹਿਚਾਣ ਦੀ ਪ੍ਰਤੀਕ ਹੈ ਦਸਤਾਰ

ਇਕਵਾਕ ਸਿੰਘ ਪੱਟੀ
ਮੋ. 98150 24920



22 ਅਪ੍ਰੈਲ ਦੀਆਂ ਅਖਬਾਰਾਂ ਦੀ ਮੁੱਖ ਸੁਰਖੀ 'ਸੁਪਰੀਮ ਕੋਰਟ ਨੇ ਪੁਛਿਆ ਸਿੱਖ ਧਰਮ ਵਿੱਚ ਪੱਗ ਬੰਨਣੀ ਜ਼ਰੂਰੀ ਹੈ?' ਨੇ ਸੰਸਾਰ ਵਿੱਚ ਵੱਸਦੇ ਸਮੂਹ ਸਿੱਖ ਅਤੇ ਪੰਜਾਬੀ ਭਾਈਚਾਰੇ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਅਤੇ ਮਾਨਯੋਗ ਸੁਪਰੀਮ ਕੋਰਟ ਦੇ ਉਪਰੋਕਤ ਸਵਾਲ ਦੀ ਅਲੋਚਨਾ ਦਾ ਦੌਰ ਸ਼ੁਰੂ ਹੋ ਗਿਆ। ਇਸਦੇ ਨਾਲ ਹੀ ਕਈ ਥਾਵਾਂ ਤੇ ਸਖਤ ਵਿਰੋਧ ਵੀ ਉੱਪਜਣ ਲੱਗ ਪਿਆ ਹੈ, ਜੋ ਭਵਿੱਖ ਵਿੱਚ ਹੋਰ ਵੀ ਵਿਸ਼ਾਲ ਹੋਣ ਦੇ ਆਸਾਰ ਹਨ। ਕਿਉਂਜ ਦੁਨੀਆ ਭਰ ਵਿੱਚ ਸਿੱਖ ਭਾਈਚਾਰੇ ਨੇ ਆਪਣੀ ਦਸਤਾਰ ਅਤੇ ਸਾਬਤ ਸੂਰਤ ਹੋਣ ਸਦਕਾ ਵਿਸ਼ੇਸ਼ ਪਹਿਚਾਣ ਬਣਾ ਲਈ ਹੋਈ ਹੈ। ਵਿਦੇਸ਼ਾਂ ਵਿੱਚ ਵੀ ਜੇਕਰ ਕਿੱਧਰੇ ਕਦੀ ਦਸਤਾਰ ਸਬੰਧੀ ਮਾਮਲੇ ਹੋਂਦ ਵਿੱਚ ਆਏ ਤਾਂ ਸਥਾਨਕ ਸਿੱਖ ਬੁੱਧੀਜੀਵੀਆਂ ਨੇ ਆਪਣੇ ਪੱਧਰ ਤੇ ਹੱਲ ਕਰ ਲਏ, ਕਿਉਂਕਿ ਵਿਦੇਸ਼ੀ ਦਸਤਾਰ ਦੀ ਅਹਿਮੀਅਤ ਤੋਂ ਅਣਜਾਣ ਸਨ ਜਿਸ ਕਰਕੇ ਉਹਨਾਂ ਨੂੰ ਕੇਵਲ ਦਸਤਾਰ ਦੀ ਮਹਾਨਤਾ ਦੱਸਣ ਦੀ ਲੋੜ ਸੀ। ਹੁਣ ਤਾਂ ਅਮਰੀਕਾ ਦੇ "ਡਿਪਾਰਟਮੈਂਟ ਆਫ ਜਸਟਿਸ" ਵੱਲੋਂ ਸਿੱਖਾਂ ਦੀ ਦਸਤਾਰ ਨੂੰ ਵਿਸਥਾਰ ਵਿੱਚ ਵਰਨਣ ਕਰਦਾ ਹੋਇਆ ਪੋਸਟਰ ਜਾਰੀ ਕੀਤਾ ਜਾ ਚੁੱਕਿਆ ਹੈ। ਹੈਰਾਨੀ ਦੀ ਗੱਲ ਹੈ ਕਿ ਜਿਸ ਭਾਰਤ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਵਿਸ਼ਵ ਪ੍ਰਸਿੱਧ ਅਰਥਸ਼ਾਸਤਰੀ ਡਾ. ਮਨਮੋ-ਹਣ ਸਿੰਘ ਜੋ ਸਿੱਖ ਧਰਮ ਨਾਲ ਸਬੰਧਤ ਹਨ ਅਤੇ ਦਸਤਾਰਧਾਰੀ ਹਨ, ਉਸ ਦੇਸ਼ ਦੇ ਸੁਪਰੀਮ ਕੋਰਟ ਵੱਲੋਂ ਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਉਹਨਾਂ ਦੀ ਪਹਿਚਾਣ ਬਾਰੇ ਬਿਲਕੁੱਲ ਹੀ ਨਿਰਮੂਲ ਅਤੇ ਬੇਤੁਕਾ ਸਵਾਲ ਪੁੱਛਿਆ ਜਾ ਰਿਹਾ ਹੈ। ਇਕ ਸਿੱਖ ਸਾਈਕਲਿਸਟ ਜਗਦੀਪ ਸਿੰਘ ਪੁਰੀ ਨੂੰ ਸੁਪਰੀਮ ਕੋਰਟ ਦੇ ਜੱਜ ਵੱਲੋਂ ਪੁੱਛਿਆ ਗਿਆ ਕਿ ਕੀ 'ਪੱਗ ਬੰਨ੍ਹਣਾ' ਸਿੱਖ ਧਰਮ ਵਿੱਚ ਜ਼ਰੂਰੀ ਹੈ ਜਾਂ ਸਿਰਫ ਸਿਰ ਨੂੰ ਢੱਕ ਕੇ ਹੀ ਕੰਮ ਚਲਾਇਆ ਜਾ ਸਕਦਾ ਹੈ? ਜਦਕਿ ਦੇਸ਼ ਹੀ ਹੀ ਨਹੀਂ ਵਿਦੇਸ਼ਾਂ ਵਿੱਚ ਵੀ ਪੱਗੜੀਧਾਰੀ ਸਿੱਖਾਂ ਨੇ ਵੱਖ-ਵੱਖ ਖੇਤਰਾਂ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਹੈ, ਜਿਸ ਕਰਕੇ ਸਿੱਖ ਦੀ ਦਸਤਾਰ ਬਹਾਦਰੀ, ਪ੍ਰਾਪਤੀਆਂ ਅਤੇ ਜਜ਼ਬੇ ਦਾ ਪ੍ਰਤੀਕ ਮੰਨੀ ਜਾਂਦੀ ਹੈ।

ਸਦੀਆਂ ਤੋਂ ਸਿੱਖਾਂ ਦੀ ਧਾਰਮਿਕ ਨਿਸ਼ਾਨੀ, ਸਿੱਖ ਪਹਿਚਾਣ ਅਤੇ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਹੋਣ ਦੇ ਨਾਲ ਨਾਲ ਅਜੋਕੇ ਦੌਰ ਵਿੱਚ ਦਸਤਾਰ ਪੰਜਾਬੀ ਸੱਭਿਆਚਾਰ ਦੇ ਅੰਗ ਵਜੋਂ ਵੀ ਜਾਣੀ ਜਾਂਦੀ ਹੈ ਭਾਵੇਂ ਦਸਤਾਰ (ਪੱਗ) ਬੰਨਣ ਦੇ ਰਿਵਾਜ਼ ਅਤੇ ਅੰਦਾਜ਼ ਵੱਖ-ਵੱਖ ਕੌਮਾਂ ਵਿੱਚ ਵੱਖਰੇ-ਵੱਖਰੇ ਹੁੰਦੇ ਹਨ। ਪਰ ਦਸਤਾਰ ਕਿਸੇ ਵੀ ਕੌਮ ਵਿੱਚ ਸਿੱਖ ਕੌਮ ਦੀ ਤਰ੍ਹਾਂ ਲਾਜ਼ਮੀ ਨਹੀਂ ਹੈ। ਦਸਤਾਰ ਸਰਦਾਰੀ ਦੀ ਨਿਸ਼ਾਨੀ ਹੈ। ਇਸੇ ਲਈ ਦਸਤਾਰ ਨੂੰ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਿਤ ਕੀਤਾ ਗਿਆ ਹੈ। ਸਿੱਖੀ ਅਸੂਲਾਂ ਅਨੁਸਾਰ ਸਿੱਖ ਦੀ ਸਾਬਤ-ਸੂਰਤ ਸਿਰ ਉੱਪਰ ਦਸਤਾਰ ਨਾਲ ਹੀ ਪੂਰੀ ਹੁੰਦੀ ਹੈ। ਭਾਈ ਨੰਦ ਲਾਲ ਜੀ ਤਨਖਾਹਨਾਮੇ ਵਿੱਚ ਲਿਖਦੇ ਹਨ:

"ਕੰਘਾ ਦੋਨੋ ਵਕਤ ਕਰ, ਪਾਗ ਚੁਨਈ ਕਰ ਬਾਂਧਈ।"

ਭਾਵ ਕਿ ਦਸਤਾਰ ਨੂੰ ਇਕੱਲਾ-ਇਕ-ੱਲਾ ਪੇਚ ਕਰਕੇ ਲੜ੍ਹਾਂ ਨੂੰ ਚੁਣ-ਚੁਣ ਕੇ ਬੰਨੇ ਨਾ ਹੀ ਟੋਪੀ ਦੀ ਤਰ੍ਹਾਂ ਉਤਾਰੇ ਅਤੇ ਨਾ ਹੀ ਟੋਪੀ ਦੀ ਤਰ੍ਹਾਂ ਰੱਖੇ। ਦਸਤਾਰ ਦਾ ਸਿੱਖੀ ਨਾਲ ਬਹੁਤ ਗੂੜ੍ਹਾ ਸਬੰਧ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਥਾਪਨਾ ਕਰਨ ਵੇਲੇ ਹਰ ਸਿੱਖ ਨੂੰ ਦਸਤਾਰ ਸਜਾਉਣ ਲਈ ਕਿਹਾ ਤਾਂ ਕਿ ਗੁਰੂ ਜੀ ਦਾ ਸਿੱਖ ਹਜ਼ਾਰਾਂ-ਲੱਖਾਂ ਦੀ ਭੀੜ ਵਿਚੋਂ ਦੂਰੋਂ ਹੀ ਪਹਿਚਾਣਿਆ ਜਾ ਸਕੇ। ਦਸਤਾਰ ਸਜਾਉਣੀ ਸਿੱਖੀ ਵਿੱਚ ਪ੍ਰਪੱਕ ਹੁਣ ਦੀ ਨਿਸ਼ਾਨੀ ਹੀ ਨਹੀਂ ਬਲਕਿ ਇਹ ਦਸਤਾਰ ਸਜਾਉਣ ਵਾਲੇ ਦੇ ਮਨ ਅੰਦਰ ਆਤਮ ਵਿਸ਼ਵਾਸ਼ ਵੀ ਪੈਦਾ ਕਰਦੀ ਹੈ ਅਤੇ ਸਿੱਖ ਦੇ ਪੰਜ ਕਕਾਰਾਂ ਵਿੱਚ ਸ਼ਾਮਲ ਕਕਾਰ 'ਕੇਸਾਂ' ਨੂੰ ਸੰਭਾਲਣ ਵਿੱਚ ਵੀ ਮੱਦਦ ਕਰਦੀ ਹੈ।

ਦਸਤਾਰ ਸਿੱਖੀ ਦੀ ਸ਼ਾਨ ਹੈ ਅਤੇ ਸਿੱਖ ਸਤਿਗੁਰਾਂ ਵਲੋਂ ਬਖਸ਼ਿਆ ਉਹ ਮਹਾਨ ਚਿੰਨ੍ਹ ਹੈ ਜਿਸ ਨਾਲ ਸਿੱਖ ਦੇ ਨਿਆਰੇਪਣ ਦੀ ਹੋਂਦ ਦਾ ਪ੍ਰਗਟਾਵਾ ਹੁੰਦਾ ਹੈ। ਇਹ ਇੱਕ ਅਜਿਹਾ ਚਿੰਨ੍ਹ ਹੈ ਜਿਸ ਨੂੰ ਧਾਰਨ ਕਰਕੇ ਹਰ ਸਿੱਖ ਦਾ ਸਿਰ ਫਖ਼ਰ ਨਾਲ ਉਚਾ ਹੋ ਜਾਂਦਾ ਹੈ ਕਿਉਂਕਿ ਸਿੱਖ ਵਾਸਤੇ ਇਹ ਸਿਰਫ਼ ਇੱਕ ਧਾਰਮਿਕ ਚਿੰਨ੍ਹ ਹੀ ਨਹੀਂ ਬਲਕਿ ਸਿੱਖ ਦੇ ਸਿਰ ਦਾ ਤਾਜ਼ ਹੈ। ਇਸ ਦਸਤਾਰ ਰੂਪੀ ਤਾਜ਼ ਨੂੰ ਕਾਇਮ ਰੱਖਣ ਲਈ ਅਨੇਕਾਂ ਕੁਰਬਾਨੀਆਂ ਹੋਈਆਂ ਹਨ। ਸਤਿਗੁਰੂ ਜੀ ਨੇ ਇਸ (ਦਸਤਾਰ) ਦੀ ਪੂਰੀ ਕੀਮਤ ਆਪਣੇ ਚਾਰ ਪੁੱਤਰ, ਮਾਤਾ-ਪਿਤਾ, ਅਤੇ ਬੇਅੰਤ ਸਿੱਖਾਂ ਅਤੇ ਆਪਾ ਵਾਰ ਕੇ ਤਾਰ ਦਿੱਤੀ ਹੈ। ਜਿਸ ਸਦਕਾ ਅੱਜ ਸਾਰੇ ਸੰਸਾਰ ਵਿੱਚ ਇੱਕ ਸਾਬਤ-ਸੂਰਤ ਦਸਤਾਰਧਾਰੀ ਨੂੰ "ਸਰਦਾਰ ਜੀ" ਕਹਿ ਕੇ ਬੁਲਾਇਆ ਜਾਂਦਾ ਹੈ । ਕਵੀ ਹਰੀ ਸਿੰਘ ਜਾਚਕ ਬੜਾ ਸੁੰਦਰ ਲਿਖਦੇ ਹਨ :-

"ਕਲਗੀਧਰ ਦੇ ਹੁੰਦੇ ਨੇ ਦਰਸ਼ਨ, ਸੋਹਣੇ ਸਜੇ ਹੋਏ ਸਿੰਘ ਸਰਦਾਰ ਵਿੱਚੋਂ,
ਲੱਖਾਂ ਵਿੱਚੋਂ ਇਕੱਲਾ ਪਹਿਚਾਨਿਆ ਜਾਂਦਾ, ਸਰਦਾਰੀ ਬੋਲਦੀ ਦਿਸੇ ਦਸਤਾਰ ਵਿੱਚੋਂ।"

ਇਹ ਦਸਤਾਰ ਸਿੱਖੀ ਦੀ ਇਜ਼ਤ ਤੇ ਅਣਖ ਦੀ ਪ੍ਰਤੀਕ ਹੈ। ਸਾਡੇ ਸਮਾਜ ਵਿੱਚ ਦਸਤਾਰ ਜਾਂ ਪੱਗ ਨੂੰ ਹੱਥ ਪਾਉਣ, ਪੱਗ ਲਾਹੁਣ, ਪੱਗ ਰੋਲਣ, ਪੱਗ ਪੈਰੀਂ ਰੱਖਣ ਤੋਂ ਵੱਡੀ ਹੋਰ ਬੇਇਜ਼ਤੀ ਨਹੀਂ। ਇਹ ਗੱਲ ਆਮ ਸੁਨਣ ਵਿੱਚ ਆਉਂਦੀ ਹੈ ਕਿ ਦੇਖੀਂ! ਪੱਗ ਨੂੰ ਦਾਗ ਨਾ ਲੱਗਣ ਦੇਈਂ।

ਜ਼ਿਕਰਯੋਗ ਹੈ ਕਿ ਸਿੱਖ ਆਪਣੇ ਸਿਰ ਦੇ ਤਾਜ਼ ਭਾਵ ਦਸਤਾਰ/ਪੱਗ ਦਾ ਸਤਿਕਾਰ ਅਤੇ ਇੱਜ਼ਤ ਤਾਂ ਕਰਦੇ ਹੀ ਹਨ, ਸਗੋਂ ਇਹ ਗੁਰੂ ਦਸਮੇਸ਼ ਪਿਤਾ ਦੇ ਸਿੱਖ ਆਪਣੇ ਦੁਸ਼ਮਣਾਂ ਦੀਆਂ ਦਸਤਾਰਾਂ ਦੀ ਵੀ ਪੂਰੀ ਕਦਰ ਕਰਦੇ ਹਨ। ਮੁਹਸਨ ਫਾਨੀ ਨੇ ਲਿਖਿਆ ਹੈ ਕਿ ਸਿੱਖ ਦੁਸ਼ਮਣ ਦੀ ਦਸਤਾਰ ਦੀ ਵੀ ਇੱਜ਼ਤ ਕਰਦੇ ਸਨ, ਜਦੋਂ ਮੈਦਾਨ-ਏ-ਜੰਗ ਵਿੱਚ ਕਿਸੇ ਦੁਸ਼ਮਣ ਦੇ ਸਿਰ ਤੋਂ ਉਸਦੀ ਪੱਗ ਲੱਥ ਜਾਂਦੀ ਤਾਂ ਇਹ ਤਲਵਾਰ ਦਾ ਵਾਰ ਰੋਕ ਕੇ ਉਸਨੂੰ ਮੁਖਾਤਿਬ ਹੁੰਦਿਆ ਕਹਿੰਦੇ ਸਨ, ਭਲੇਮਾਣਸਾ! ਆਪਣੀ ਪੱਗ ਸੰਭਾਲ। ਮੈਂ ਤੇਰੀ ਇੱਜ਼ਤ ਉਤਾਰਨ ਲਈ ਹੀ ਜੰਗ ਵਿੱਚ ਨਹੀਂ ਆਇਆਂ ਹਾਂ, ਮੇਰੀ ਲੜਾਈ ਸਿਰਫ ਤੇ ਸਿਰਫ ਜ਼ੁਲਮ ਦੇ ਖਿਲਾਫ ਹੈ। ਸਿੱਖਾਂ ਅਤੇ ਪੰਜਾਬ ਦੇ ਇਤਿਹਾਸ ਵਿੱਚ ਦਸਤਾਰ ਲਈ ਮਰ-ਮਿਟਣ ਵਾਲੇ ਸੂਰਮਿਆਂ ਦੀਆਂ ਵਾਰਤਾਵਾਂ ਆਮ ਪ੍ਰਚੱਲਤ ਹਨ। ਸਿੱਖ ਲਈ ਹਰ ਇਸਤ੍ਰੀ ਉਸਦੀ ਭੈਣ, ਧੀ, ਮਾਂ ਦਾ ਦਰਜਾ ਰੱਖਦੀ ਹੈ ਅਤੇ ਉਸਦੀ ਪੱਤ ਬਚਾਉਣਾ, ਲੋੜ ਪੈਣ ਤੇ ਉਸਦੀ ਮੱਦਦ ਕਰਨ ਸਿੱਖ ਦਾ ਪਹਿਲਾਂ ਫਰਜ ਹੈ। ਇਤਿਹਾਸ ਵਿੱਚ ਦਰਜ ਹੈ ਕਿ ਜਦ ਦੇਸ਼ ਦੀਆਂ ਬਹੁ ਬੇਟੀਆਂ ਨੂੰ ਜਾਲਮ ਜਰਵਾਣੇ ਚੁੱਕ ਕੇ ਲੈ ਜਾਂਦੇ ਸਨ ਤਾਂ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਦੇ ਬਹਾਦਰ ਜਰਨੈਲ ਬਾਬਾ ਦੀਪ ਸਿੰਘ ਜੀ ਵਰਗੇ ਮੁਦੱਈ ਸਿੰਘ ਬਾਈ ਬਾਈ ਹਜ਼ਾਰ ਇਸਤਰੀਆਂ ਨੂੰ ਉਹਨਾਂ ਕੋਲੋਂ ਛੁਡਵਾ ਕੇ ਹੀ ਦਮ ਲੈਂਦੇ ਸਨ ਅਤੇ ਉਸ ਸਮੇਂ ਇਹ ਕਹਾਵਤਾਂ ਮਸ਼ਹੂਰ ਹੋ ਚੁੱਕੀਆਂ ਸਨ। ਵਿਹੜੇ ਆਏ ਨੀ, ਨਿਹੰਗ ਬੂਹਾ ਖੋਲਦੇ ਨਿਸੰਗ। ਅਤੇ ਸ਼ਈ! ਸ਼ਈ!! ਰੰਨ ਬਸਰੇ ਨੂੰ ਗਈ!! ਵੇ ਮੋੜੀਂ ਬਾਬਾ ਡਾਂਗ ਵਾਲਿਆ, ਵੇ ਮੋੜੀਂ ਬਾਬਾ ਕੱਛ ਵਾਲਿਆ, ਵੇ ਮੋੜੀਂ ਬਾਬਾ ਪੱਗ ਵਾ-ਲਿਆ!!

ਪਰ ਹੁਣ ਭਾਰਤ ਵਿੱਚ ਅਜਿਹੀਆਂ ਗੱਲਾਂ ਦਾ ਸ਼ੁਰੂ ਹੋ ਜਾਣਾ ਘੱਟ-ਗਿਣਤੀ ਕੌਮ ਨੂੰ ਬੇਗਾਨੀਅਤ ਦਾ ਅਹਿਸਾਸ ਕਰਵਾਉਂਦਾ ਹੈ। ਜੋ ਅਖੰਡ ਭਾਰਤ ਦੇ ਦ੍ਰਿਸ਼ਟੀਕੋਣ ਤੋਂ ਵੀ ਅਢੁੱਕਵਾਂ ਹੋਣ ਦਾ ਨਾਲ ਨਾਲ ਅਸਹਿ ਵੀ ਹੈ। ਕਿਉਂਕਿ ਇਹ ਦਸਤਾਰਾਂ ਵਾਲੇ ਸਿੱਖ ਹੀ ਹਨ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਜਿੱਥੇ ਆਪਣੇ ਗੁਰੂਧਾਮਾਂ ਦਾ ਬਟਵਾਰਾ ਹੀ ਬਰਦਾਸ਼ਤ ਨਾ ਕੀਤਾ ਸਗੋਂ ਬੇਅੰਤ ਕੁਰਬਾਨੀਆਂ, ਮੋਰਚਿਆਂ, ਸਾਕਿਆਂ-ਸ਼ਹੀਦੀਆਂ ਵਿੱਚੋਂ ਲੰਘ ਕੇ ਦੇਸ਼ ਦੇਸ਼ ਦੀ ਅਜ਼ਾਦੀ ਲਈ ਆਪਾ ਵਾਰ ਦਿੱਤਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

IN HOME CAREGIVER
Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.
Please send resume at:
mandeep.karwal@gmail.com
or Drop a Call: 647-649-8100

ਮੰਨ ਪਸੰਦ ਦੀ ਬੇਸਮੈਂਟ ਬਣਵਾਉ
Tiling | Drywalling | Electric Works
• Complete Furnished Basement • 1st come, 1st served
• ਬਹੁਤ ਘਟ ਰੇਟ, ਸਮੇ ਸਿਰ ਕੰਮ
ਅੱਜ ਹੀ ਕਾਲ ਕਰੋ: 647-562-5577

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।
ਜਿਆਦਾ ਜਾਣਕਾਰੀ ਲਈ: 647-632-1742

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

JOBS! JOBS! JOBS! JOBS!
ਜੇ ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ ਸਾਡੇ ਨਾਲ ਸੰਪਰਕ ਕਰੋ
D&S Deol and Song Inc.
Available Positions for full time and part time
General Labour, Order Picking, Assembly Work, Drivers
Forklift & Raymond, Packaging, Reach Operators, Wood Workers
Quality Control, Machine Operators, Office Work, Helpers
Contact Us
P: 905-847-8821 Ext 152
E: customerservice@d-n-s.ca
W: www.d-n-s.ca
Good Hourly Salary
7290 Major Mackenzie Drive Kleinberg, Ont. L0J 1C0

V4U LOGISTIC INC.
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr., Unit 3, 2nd Floor, Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner



# ਖੇਡ ਤੇ ਖਿਡਾਰੀ




## ਭਾਰਤ ਨੇ ਦੂਜੇ ਟੀ20 ਮੈਚ 'ਚ ਵਿੰਡੀਜ਼ ਨੂੰ 71 ਦੌੜਾਂ ਨਾਲ ਹਰਾਇਆ, ਸੀਰੀਜ਼ 'ਤੇ ਕੀਤਾ ਕਬਜ਼ਾ

ਲਖਨਊ, 6 ਨਵੰਬਰ (ਪੋਸਟ ਬਿਊਰੋ) ਕਪਤਾਨ ਰੋਹਿਤ ਸ਼ਰਮਾ ਨੇ ਦੀਵਾਲੀ ਤੋਂ ਪਹਿਲਾਂ ਚੌਕੇ-ਛੱਕਿਆਂ ਨਾਲ ਧੂਮ-ਧੜੱਕਾ ਕਰਦਿਆਂ ਮੰਗਲਵਾਰ ਨੂੰ ਇੱਥੇ ਅਜੇਤੂ ਸੈਂਕੜਾ ਲਾਇਆ, ਜਿਸ ਨਾਲ ਭਾਰਤ ਨੇ ਦੂਜੇ ਟੀ-20 ਕੌਮਾਂਤਰੀ ਕ੍ਰਿਕਟ ਮੈਚ ਵਿਚ ਵੈਸਟਇੰਡੀਜ਼ ਨੂੰ 71 ਦੌੜਾਂ ਨਾਲ ਕਰਾਰੀ ਹਾਰ ਦੇ ਕੇ ਤਿੰਨ ਮੈਚਾਂ ਦੀ ਲੜੀ ਵਿਚ 2-0 ਨਾਲ ਅਜੇਤੂ ਬੜ੍ਹਤ ਬਣਾ ਲਈ।



ਰੋਹਿਤ ਨੇ ਨਵੇਂ ਬਣੇ ਅਟਲ ਬਿਹਾਰੀ ਵਾਜਪਾਈ ਸਟੇਡੀਅਮ ਵਿਚ 8 ਚੌਕੇ ਤੇ 7 ਛੱਕੇ ਲਾ ਕੇ 50 ਹਜ਼ਾਰ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਉਸ ਨੇ ਮਿਲੇ ਦੋ ਜੀਵਨਦਾਨਾਂ ਦਾ ਪੂਰਾ ਫਾਇਦਾ ਚੁੱਕ ਕੇ 61 ਗੇਂਦਾਂ 'ਤੇ ਅਜੇਤੂ 111 ਦੌੜਾਂ ਦੀ ਪਾਰੀ ਖੇਡੀ, ਜਿਸ ਵਿਚ 8 ਚੌਕੇ ਤੇ 7 ਛੱਕੇ ਸ਼ਾਮਲ ਹਨ। ਉਸ ਨੇ ਸ਼ਿਖਰ ਧਵਨ (41 ਗੇਂਦਾਂ 'ਤੇ 43 ਦੌੜਾਂ) ਨਾਲ ਪਹਿਲੀ ਵਿਕਟ ਲਈ 123 ਦੌੜਾਂ ਜੋੜੀਆਂ, ਜਦਕਿ ਕੇ. ਐੱਲ. ਰਾਹੁਲ (14 ਗੇਂਦਾਂ 'ਤੇ ਅਜੇਤੂ 26 ਦੌੜਾਂ) ਨਾਲ ਤੀਜੀ ਵਿਕਟ ਲਈ ਸਿਰਫ 28 ਗੇਂਦਾਂ 'ਤੇ 62 ਦੌੜਾਂ ਦੀ ਅਜੇਤੂ ਸਾਂਝੇਦਾਰੀ ਕੀਤੀ। ਇਸ ਨਾਲ ਭਾਰਤ 2 ਵਿਕਟਾਂ 'ਤੇ 195 ਦੌੜਾਂ ਦਾ ਵੱਡਾ ਸਕੋਰ ਖੜ੍ਹਾ ਕਰਨ ਵਿਚ ਸਫਲ ਰਿਹਾ। ਇਸ ਦੇ ਜਵਾਬ ਵਿਚ ਵੈਸਟਇੰਡੀਜ਼ ਟੀਮ 9 ਵਿਕਟਾਂ 'ਤੇ 124 ਦੌੜਾਂ ਹੀ ਬਣਾ ਸਕੀ। ਕੋਲਕਾਤਾ ਵਿਚ ਪਹਿਲਾ ਮੈਚ 5 ਵਿਕਟਾਂ ਨਾਲ ਜਿੱਤਣ ਵਾਲੀ ਭਾਰਤੀ ਟੀਮ ਨੇ ਇਸ ਤਰ੍ਹਾਂ ਨਾਲ ਟੈਸਟ ਤੇ ਵਨ ਡੇ ਤੋਂ ਬਾਅਦ ਟੀ-20 ਲੜੀ ਵੀ ਆਪਣੇ ਨਾਂ ਕਰ ਲਈ। ਤੀਜਾ ਤੇ ਆਖਰੀ ਟੀ-20 ਮੈਚ 11ਨਵੰਬਰ ਨੂੰ ਚੇਨਈ ਵਿਚ ਖੇਡਿਆ ਜਾਵੇਗਾ। ਇਸ ਤੋਂ ਪਹਿਲਾਂ ਰੋਹਿਤ ਨੇ ਸ਼ੁਰੂ ਵਿਚ ਚੌਕਸੀ ਵਰਤੀ ਪਰ ਜਲਦ ਹੀ ਆਪਣੇ ਅਸਲੀ ਤੇਵਰ ਦਿਖਾਉਣੇ ਸ਼ੁਰੂ ਕਰ ਦਿੱਤੇ। ਧਵਨ ਨੇ ਕਪਤਾਨ ਨਾਲ ਪੂਰੀ ਲੈਅ ਦਿਖਾਈ ਤੇ ਪਹਿਲੇ 10 ਓਵਰਾਂ ਵਿਚ ਸਕੋਰ 83 ਦੌੜਾਂ 'ਤੇ ਪਹੁੰਚਾ ਦਿੱਤਾ।


ਰੋਹਿਤ ਨੇ ਖੇਡੀ ਅਜੇਤੂ 111 ਦੌੜਾਂ ਦੀ ਪਾਰੀ

ਰੋਹਿਤ ਨੇ ਥਾਮਸ ਨੂੰ ਹੀ ਨਿਸ਼ਾਨਾ ਬਣਾਇਆ, ਜਿਹੜਾ ਲਗਾਤਾਰ 145 ਕਿ. ਮੀ. ਦੀ ਰਫਤਾਰ ਨਾਲ ਗੇਂਦ ਕਰ ਰਿਹਾ ਸੀ। ਜਦੋਂ ਉਹ ਪਾਰੀ ਦਾ ਤੀਜਾ ਓਵਰ ਕਰਨ ਲਈ ਆਇਆ ਤਾਂ ਰੋਹਿਤ ਪੂਰੀ ਤਰ੍ਹਾਂ ਸੈੱਟ ਹੋ ਚੁੱਕਾ ਸੀ। ਇਸ ਧਾਕੜ ਬੱਲੇਬਾਜ਼ ਨੇ ਉਸ ਦੀ 149 ਕਿ. ਮੀ. ਦੀ ਰਫਤਾਰ ਵਾਲੀ ਗੇਂਦ ਨੂੰ ਛੱਕੇ ਲਈ ਭੇਜਿਆ, ਜਦਕਿ ਧਵਨ ਨੇ ਇਸੇ ਓਵਰ ਵਿਚ ਦੋ ਚੌਕੇ ਲਾਏ। ਥਾਮਸ ਦੇ ਇਸ ਓਵਰ ਵਿਚ 17 ਦੌੜਾਂ ਬਣੀਆਂ। ਧਵਨ ਨੂੰ ਵੀ 28 ਦੌੜਾਂ ਦੇ ਨਿੱਜੀ ਸਕਰ 'ਤੇ ਕੀਮੋ ਪੌਲ ਨੇ ਜੀਵਨਦਾਨ ਦਿੱਤਾ। ਉਹ ਨਾ ਸਿਰਫ ਸਿੱਧਾ ਕੈਚ ਲੈਣ ਵਿਚ ਅਸਫਲ ਰਿਹਾ, ਸਗੋਂ ਗੇਂਦ ਨੂੰ ਚੌਕੇ ਲਈ ਜਾਣ ਤੋਂ ਵੀ ਨਹੀਂ ਰੋਕ ਸਕਿਆ। ਰੋਹਿਤ ਨੇ ਇਸ ਸਵਰੂਪ ਵਿਚ 19ਵੀਂ ਵਾਰ 50 ਤੋਂ ਵੱਧ ਦਾ ਸਕੋਰ ਬਣਾਇਆ, ਜਿਹੜਾ ਕਿ ਭਾਰਤੀ ਰਿਕਾਰਡ ਹੈ। ਕੋਹਲੀ 18 ਵਾਰ ਅਜਿਹਾ ਕਾਰਨਾਮਾ ਕਰ ਚੁੱਕਾ ਹੈ। ਰੋਹਿਤ ਆਪਣੇ ਪੂਰੇ ਰੰਗ ਵਿਚ ਸੀ ਤੇ ਕਿਸਮਤ ਨੇ ਵੀ ਉਸ ਦਾ ਪੂਰਾ ਸਾਥ ਦਿੱਤਾ।



ਧਵਨ ਤੇ ਰਿਸ਼ਭ ਪੰਤ ਦੇ ਆਊਟ ਹੋਣ ਤੋਂ ਬਾਅਦ ਕੇ. ਐੱਲ. ਰਾਹੁਲ ਨੇ ਰੋਹਿਤ ਦਾ ਚੰਗਾ ਸਾਥ ਦੇ ਕੇ ਡੈੱਥ ਓਵਰਾਂ ਵਿਚ ਵੀ ਦੌੜਾਂ ਬਣਾਉਣ ਦਾ ਮੀਂਹ ਵਰ੍ਹਾਉਣਾ ਜਾਰੀ ਰੱਖਿਆ। ਰੋਹਿਤ ਨੇ ਪਾਰੀ ਦੇ ਆਖਰੀ ਓਵਰ ਵਿਚ ਵਿਰੋਧੀ ਕਪਤਾਨ ਕਾਰਲੋਸ ਬ੍ਰੈੱਥਵੇਟ ਦੀਆਂ ਗੇਂਦਾਂ 'ਤੇ ਲਗਾਤਾਰ ਤਿੰਨ ਚੌਕੇ ਤੇ ਇਕ ਛੱਕਾ ਲਾਇਆ ਤੇ ਇਸ ਵਿਚਾਲੇ ਦੂਜੇ ਚੌਕੇ ਨਾਲ ਇਸ ਸਵਰੂਪ ਵਿਚ ਆਪਣਾ ਚੌਥਾ ਸੈਂਕੜਾ ਪੂਰਾ ਕੀਤਾ, ਜਿਹੜਾ ਟੀ-20 ਕੌਮਾਂਤਰੀ ਕ੍ਰਿਕਟ 'ਚ ਨਵਾਂ ਰਿਕਾਰਡ ਹੈ।

## ਏਸ਼ੀਅਨ ਚੈਂਪੀਅਨਸ਼ਿਪ ਵਿਚ ਇਲੈਵੇਨਿਲ ਤੇ ਹਜ਼ਾਰਿਕਾ ਨੇ ਜਿੱਤਿਆ ਸੋਨਾ

ਨਵੀਂ ਦਿੱਲੀ, 6 ਨਵੰਬਰ (ਪੋਸਟ ਬਿਊਰੋ) ਇਲੈਵੇਨਿਲ ਵਲਾਰਿਵਾਨ ਤੇ ਹਰਿਦੈ ਹਜ਼ਾਰਿਕਾ ਦੀ ਮਿਕਸਡ ਡਬਲਜ਼ ਭਾਰਤੀ ਜੋੜੀ ਨੇ ਮੰਗਲਵਾਰ ਨੂੰ ਇੱਥੇ 11ਵੀਂ ਏਸ਼ੀਅਨ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਦੀ 10 ਮੀਟਰ ਰਾਈਫਲ ਮੁਕਾਬਲੇ 'ਚ ਜੂਨੀਅਰ ਵਿਸ਼ਵ ਰਿਕਾਰਡ ਨਾਲ ਸੋਨ ਤਮਗਾ ਹਾਸਲ ਕੀਤਾ। ਇਸ ਮੁਕਾ-ਬਲੇ 'ਚ ਮੇਹੁਲੀ ਘੋਸ਼ ਤੇ ਅਰਜੁਨ ਬਾਬੂਤਾ ਦੀ ਇਕ ਹੋਰ ਭਾਰਤੀ ਜੋੜੀ ਨੇ ਕਾਂਸੀ ਦਾ ਤਮਗਾ ਆਪਣੇ ਨਾਂ ਕੀਤਾ। ਇਲੈਵੇਨਿਲ ਤੇ ਹਰਿਦੈ ਦੀ ਜੋੜੀ ਨੇ 835.8 ਅੰਕਾਂ ਨਾਲ ਤੀਜੇ ਸਥਾਨ 'ਤੇ ਰਹਿੰਦਿਆਂ ਫਾਈਨਲ ਲਈ ਕੁਆਲੀਫਾਈ ਕੀਤਾ ਸੀ, ਜਿਸ 'ਚੋਂ ਮੇਹੁਲੀ ਤੇ ਅਰਜਨ ਦੀ ਜੋੜੀ 833.5 ਅੰਕਾਂ ਦੇ ਨਾਲ ਚੌਥੇ ਸਥਾਨ 'ਤੇ ਸੀ। ਫਾਈਨਲ ਮਗਰੋਂ ਇਲੈਵੇਨਿਲ ਤੇ ਹਰਿਦੈ ਦੀ ਜੋੜੀ 502.1 ਦੇ ਸਕੋਰ ਨਾਲ ਚੋਟੀ 'ਤੇ ਰਹੀ। ਚਾਂਦੀ ਦਾ ਤਮਗਾ ਚੀਨ ਦੀ ਜੋੜੀ ਨੇ ਜਿੱਤਿਆ, ਜਿਸ ਨੇ 500.9 ਅੰਕ ਹਾਸਲ ਕੀਤੇ।



## ਧੋਖਾਧੜੀ ਮਾਮਲੇ 'ਚ ਨੇਮਾਰ ਨੂੰ ਹੋ ਸਕਦੀ ਹੈ ਸਜ਼ਾ



ਮੈਡ੍ਰਿਡ, 6 ਨਵੰਬਰ (ਪੋਸਟ ਬਿਊਰੋ): ਸਪੇਨ ਦੀ ਕੋਰਟ ਨੇ ਬ੍ਰਾਜ਼ੀਲ ਦੇ ਮਸ਼ਹੂਰ ਫੁੱਟਬਾਲਰ ਨੇਮਾਰ ਦੇ ਭ੍ਰਿਸ਼ਟਾਚਾਰ ਤੇ ਧੋਖਾਧੜੀ ਦੇ ਮਾਮਲੇ ਨੂੰ 3 ਜੱਜਾਂ ਦੇ ਵੱਡੇ ਬੈਂਚ ਕੋਲ ਭੇਜ ਦਿੱਤਾ ਹੈ। ਜੇ ਨੇਮਾਰ 'ਤੇ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ 6 ਸਾਲ ਦੀ ਸਜ਼ਾ ਹੋ ਸਕਦੀ ਹੈ। 2013 'ਚ ਬ੍ਰਾਜ਼ੀਲ ਦੇ ਸਾਂਤੋਸ ਕਲੱਬ ਤੋਂ ਨੇਮਾਰ ਦਾ ਬਾਰਸੀਲੋਨਾ ਕਲੱਬ 'ਚ ਟ੍ਰਾਂਸਫਰ ਹੋਇਆ ਸੀ। ਇਸ ਤੋਂ ਨੇਮਾਰ 'ਤੇ ਟ੍ਰਾਂਸਫਰ ਦਾ ਪੈਸਾ ਲੁਕਾਉਣ ਤੇ ਟੈਕਸ ਚੋਰੀ ਕਰਨ ਦੇ ਦੋਸ਼ ਲੱਗੇ ਹਨ।

ਜਾਣਕਾਰੀ ਮੁਤਾਬਕ 86.2 ਮਿਲੀਅਨ ਯੂਰੋ (ਲਗਭਗ 700 ਕਰੋੜ ਰੁਪਏ) ਵਿਚ ਨੇਮਾਰ ਦਾ ਬਾਰਸੀਲੋਨਾ 'ਚ ਟ੍ਰਾਂਸਫਰ ਹੋਇਆ ਸੀ ਪਰ ਨੇਮਾਰ ਤੇ ਕਲੱਬ ਵਲੋਂ 40 ਮਿਲੀਅਨ ਯੂਰੋ (ਲਗਭਗ 330 ਕਰੋੜ ਰੁਪਏ) ਦੀ ਗੱਲ ਕਹੀ ਸੀ। ਇਸ ਤੋਂ ਬਾਅਦ ਟੈਕਸ ਦੇ ਮਾਮਲੇ 'ਚ ਬਾਰਸੀਲੋਨਾ ਦੇ ਸਾਬਕਾ ਮੈਂਬਰ ਜੋਸੇਫ ਮਾਰੀਆ ਨੂੰ ਅਸਤੀਫਾ ਵੀ ਦੇਣਾ ਪਿਆ ਸੀ।

ਇਸ ਮਾਮਲੇ ਦੀ ਸੁਣਵਾਈ ਕਦੋਂ ਸ਼ੁਰੂ ਹੋਵੇਗੀ ਇਸ ਵਾਰੇ ਹਾਲੇ ਫੈਸਲਾ ਨਹੀਂ ਹੋਇਆ ਹੈ। ਕੋਰਟ ਦੇ ਫੈਸਲੇ ਤੋਂ ਬਾਅਦ ਨੇਮਾਰ ਨੇ ਕੋਈ ਵੀ ਬਿਆਨ ਨਹੀਂ ਦਿੱਤਾ ਹੈ। ਨੇਮਾਰ ਪਿਛਲੇ ਸਾਲ ਫਰਾਂਸ ਕਲੱਬ ਪੈਰਿਸ ਸੇਂਟ ਜਰਮਨ ਵਲੋਂ ਖੇਡ ਰਹੇ ਸਨ।

## ਮੇਸੀ ਸੱਟ ਤੋਂ ਬਾਅਦ ਕਰੇਗਾ ਵਾਪਸੀ



ਮੈਡ੍ਰਿਡ, 6 ਨਵੰਬਰ (ਪੋਸਟ ਬਿਊਰੋ): ਵਿਸ਼ਵ ਪ੍ਰਸਿੱਧ ਫੁੱਟਬਾਲਰ ਲਿਓਨ ਮੇਸੀ ਨੂੰ ਫੁਟਬਾਲ ਦਾ ਮਾਸਟਰ ਖਿਡਾਰੀ ਮੰਨਿਆ ਜਾਂਦਾ ਹੈ ਤੇ ਉਨ੍ਹਾਂ ਫੁਟਬਾਲ 'ਚ ਆਪਣੇ ਖੇਡ ਦਾ ਪ੍ਰਦਰਸ਼ਨ ਵੀ ਕੀਤਾ ਹੈ। ਜਾਣਕਾਰੀ ਮੁਤਾਬਕ ਬਾਰਸੀਲੋਨਾ ਫੁੱਟਬਾਲ ਕਲੱਬ ਦੇ ਮੁੱਖ ਕੋਚ ਐਨਸਟ੍ਰੋ ਵੇਲਵੇਡਰੇ ਨੇ ਕਿਹਾ ਕਿ ਮਸ਼ਹੂਰ ਖਿਡਾਰੀ ਲਿਓਨ ਮੇਸੀ 6 ਨਵੰਬਰ ਤਕ ਟੀਮ 'ਚ ਵਾਪਸੀ ਕਰ ਸਕਦੇ। ਮੇਸੀ ਇੰਟਰ ਮਿਲਾਨ ਵਿਰੁੱਧ ਖੇਡੇ ਜਾਣ ਵਾਲੇ ਮੁਕਾਬਲੇ ਲਈ ਬਾਰਸੀਲੋਨਾ ਵਿਚ ਵਾਪਸੀ ਕਰ ਸਕਦਾ ਹੈ।

ਤੇਜ਼ ਰਫਤਾਰ ਫੁੱਟਬਾਲਰ ਮੇਸੀ ਦੇ ਹੱਥ 'ਤੇ ਸੱਟ ਲੱਗਣ ਕਾਰਨ ਟੀਮ ਤੋਂ ਬਾਹਰ ਹੋ ਗਏ ਸੀ। ਇਸ ਤੋਂ ਇਲਾਵਾ ਰਾਓ ਵਾਲਕੇਨੋਂ ਵਿਰੁੱਧ ਮੈਚ ਤੋਂ ਬਾਅਦ ਕੋਚ ਐਨਸਟ੍ਰੋ ਟੀਮ ਨੇ ਸਪੱਸ਼ਟ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਮੇਸੀ ਨਾਲ ਵਧੀਆ ਖੇਡ ਖੇਡਾਂਗੇ। ਫੁੱਟਬਾਲਰ ਤੇ ਬਾਰਸੀਲੋਨਾ ਦੇ ਕਪਤਾਨ ਲਿਓਨ ਮੇਸੀ ਨੂੰ ਸੱਜੇ ਹੱਥ 'ਚ ਸੱਟ ਲੱਗਣ ਕਾਰਨ ਉਸ ਨੂੰ 3 ਹਫਤਿਆਂ ਲਈ ਟੀਮ ਤੋਂ ਬਾਹਰ ਹੋਣਾ ਪਿਆ ਸੀ।

## ਸੱਟ ਕਾਰਨ ਨਡਾਲ ਏ. ਟੀ. ਪੀ. ਟੂਰਨਾਮੈਂਟ ਤੋਂ ਹਟੇ

ਲੰਡਨ, 6 ਨਵੰਬਰ (ਪੋਸਟ ਬਿਊਰੋ) ਸਪੇਨ ਦੇ ਰਾਫੇਲ ਨਡਾਲ ਸੱਟ ਕਾਰਨ ਇਸ ਮਹੀਨੇ ਤੋਂ ਸ਼ੁਰੂ ਹੋਣ ਜਾ ਰਹੇ ਆਖਰੀ ਟੂਰਨਾਮੈਂਟ ਏ. ਟੀ. ਪੀ. ਫਾਈਨਲਸ ਟੈਨਿਸ ਟੂਰਨਾਮੈਂਟ ਤੋਂ ਹਟ ਗਏ ਹਨ ਜਿਸ ਨਾਲ ਸਰਬੀਆ ਦੇ ਨੋਵਾਕ ਜੋਕੋਵਿਚ ਲਈ ਸਾਲ ਦਾ ਅੰਤ ਨੰਬਰ ਇਕ ਖਿਡਾਰੀ ਦੇ ਤੌਰ 'ਤੇ ਕਰਨਾ ਵੀ ਯਕੀਨੀ ਹੋ ਗਿਆ ਹੈ।



ਵਿਸ਼ਵ ਦੇ ਮੌਜੂਦਾ ਨੰਬਰ ਇਕ ਖਿਡਾਰੀ ਨਡਾਲ ਮਸ਼ਹੂਰ ਏ. ਟੀ. ਪੀ. ਟੂਰਨਾਮੈਂਟ ਵਿਚ ਚੋਟੀ ਦਰਜਾ ਪ੍ਰਾਪਤ ਖਿਡਾਰੀ ਸੀ ਪਰ ਸੱਟ ਕਾਰਨ ਉਨ੍ਹਾਂ ਦੇ ਸੈਸ਼ਨ ਦਾ ਇੱਥੇ ਹੀ ਅੰਤ ਹੋ ਗਿਆ ਹੈ।

ਨਡਾਲ ਨੇ ਦੱਸਿਆ ਕਿ ਉਸ ਨੂੰ ਆਪਣੇ ਪੈਰ ਦੇ ਗਿੱਟੇ ਦੀ ਸਰਜਰੀ ਕਰਾਉਣੀ ਹੈ ਹੈ ਜਦਕਿ ਉਸ ਦੇ ਪੇਟ 'ਚ ਵੀ ਪਰੇਸ਼ਾਨੀ ਹੈ ਜਿਸ ਕਾਰਨ ਉਹ ਪਿਛਲੇ ਹਫਤੇ ਪੈਰਿਸ ਮਾਸਟਰਸ ਵਿਚ ਵੀ ਨਹੀਂ ਖੇਡ ਸਕੇ ਸੀ। ਸਪੈਨਿਸ਼ ਖਿਡਾਰੀ ਦੇ ਹਾਲਾਂਕਿ ਫਾਈਅਨਲਸ ਤੋਂ ਹਟਣ ਦਾ ਸਿੱਧਾ ਫਾਇਦਾ ਸਰਬੀਆਈ ਖਿਡਾਰੀ ਨੂੰ ਹੋਣ ਤੈਅ ਹੋ ਗਿਆ ਹੈ ਜੋ ਹੁਣ ਸਾਲ ਦਾ ਅੰਤ ਵਿਸ਼ਵ ਦੇ ਚੋਟੀ ਰੈਂਕ ਖਿਡਾਰੀ ਦੇ ਤੌਰ 'ਤੇ ਕਰਨਗੇ ਜੋ ਅਜੇ ਰੈਂਕਿੰਗ 'ਚ ਦੂਜੇ ਨੰਬਰ 'ਤੇ ਹੈ।

ਇਸ ਵਿਚਾਲੇ ਵਿਸ਼ਵ ਦੇ 10ਵੇਂ ਨੰਬਰ ਦੇ ਖਿਡਾਰੀ ਅਮਰੀਕਾ ਦੇ ਜਾਨ ਇਸਨਰ ਨੇ ਏ. ਟੀ. ਪੀ. ਫਾਈਨਲਸ ਵਿਚ ਜਗ੍ਹਾ ਬਣਾ ਲਈ ਹੈ। 32 ਸਾਲਾਂ ਨਡਾਲ ਨੇ ਟੂਰਨਾਮੈਂਟ ਤੋਂ ਹਟਣ ਦਾ ਐਲਾਨ ਕਰਦਿਆਂ ਕਿਹਾ, "ਮੈਂ ਤੁਹਾਨੂੰ ਦਸ ਦਵਾਂ ਕਿ ਮੇਰੇ ਲਈ ਸਾਲ ਦਾ ਅੰਤ ਇੱਥੇ ਹੀ ਹੋ ਗਿਆ ਹੈ।" ਜੂਨ ਵਿਚ ਨਡਾਲ ਨੇ ਰਿਕ-ਾਰਡ 11ਵੀਂ ਵਾਰ ਫ੍ਰੈਂਚ ਓਪਨ ਦਾ ਖਿਤਾਬ ਜਿੱਤਿਆ ਸੀ, ਵਿੰਬਲਡਨ ਅਤੇ ਯੂ. ਐੱਸ. ਓਪਨ ਦੇ ਸੈਮੀਫਾਈਨਲ 'ਚ ਪਹੁੰਚੇ ਸੀ ਪਰ ਯੂ. ਐੱਸ. ਓਪਨ ਵਿਚ ਉਸ ਨੂੰ ਸੱਟ ਕਾਰਨ ਸੈਮੀਫਾਈਨਲ ਮੈਚ ਵਿਚ ਰਿਟਾ-ਇਰ ਹੋਣਾ ਪਿਆ ਅਤੇ ਉਸ ਤੋਂ ਬਾਅਦ ਤੋਂ ਮੁਕਾਬਲੇਬਾਜ਼ੀ ਟੈਨਿਸ ਨਹੀਂ ਖੇਡ ਸਕੇ।

Action Kitchen & Bath Inc

MANUFACTURE OF FINE CUSTOM KITCHEN AND BATH VANITIES


BUY DIRECT FROM THE FACTORY AND SAVE


ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ



SPECIAL DISCOUNT FOR CONTRACTORS

Custom Kitchen & Vanities • Granite Countertops
Complete Kitchen & Bathroom Renovations
3D Computer Design





We will beat any written quote by 10%

Call for FREE In-Home Estimate

905-799-7277 or 1-800-536-2480

Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE

Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients

**SPECIAL**
Forklift
Re-Certification
Only $69

Cell: 416-670-3173
Tell: 905-799-7333

Open 7 Days

27-B Edvac Drive, Brampton, ON L6S 5X8


Karnail Singh

# ਅੱਖਾਂ ਬੰਦ ਕਰ ਕੇ ਹਾਂ ਕਹਿ ਦਿਆਂਗੀ : ਫਾਤਿਮਾ ਸਨਾ ਸ਼ੇਖ



ਸੁਪਰ-ਡੁਪਰ ਹਿੱਟ ਫਿਲਮ 'ਦੰਗਲ' ਦੀ ਰੈਸਲਰ ਗੀਤਾ ਫੋਗਾਟ ਦੀ ਭੂਮਿਕਾ ਨਿਭਾ ਕੇ ਰਾਤੋ ਰਾਤ ਲਾਈਮਲਾਈਟ 'ਚ ਆ ਜਾਣ ਵਾਲੀ ਕਿਊਟ ਗਰਲ ਫਾਤਿਮਾ ਸਨਾ ਸ਼ੇਖ ਦੇ ਪੈਰ ਅੱਜਕੱਲ੍ਹ ਜ਼ਮੀਨ 'ਤੇ ਨਹੀਂ ਹਨ। ਇਸ ਦਾ ਕਾਰਨ ਇਹ ਹੈ ਕਿ 'ਦੰਗਲ' ਦੇ ਕਾਫੀ ਸਮੇਂ ਬਾਅਦ ਉਸ ਦੀ ਦੂਸਰੀ ਫਿਲਮ 'ਠੱਗਸ ਆਫ ਹਿੰ-ਦੋਸਤਾਨ' ਰਿਲੀਜ਼ ਹੋਣ ਵਾਲੀ ਹੈ। ਇਸ ਫਿਲਮ 'ਚ ਫਾਤਿਮਾ ਨੂੰ ਬਾਲੀਵੁੱਡ ਦੇ ਟੌਪ ਸਿਤਾਰਿਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਮੁੱਖ ਅੰਸ਼ :

* 'ਠੱਗਸ ਆਫ ਹਿੰਦੋਸਤਾਨ' ਨੂੰ ਹਾਲੀਵੁੱਡ ਫਿਲਮ 'ਪਾਈਰੇਟਸ ਆਫ ਕੈਰੇਬੀਅਨ' ਦਾ ਇੰਡੀਅਨ ਵਰਜ਼ਨ ਮੰਨਿਆ ਜਾ ਰਿਹਾ ਹੈ। ਤੁਸੀਂ ਕੀ ਕਹੋਗੇ?

– ਜਿੱਥੋਂ ਤੱਕ ਕਹਾਣੀ ਦਾ ਸਵਾਲ ਹੈ, ਇੱਕ ਕਲਾਕਾਰ ਦੇ ਨਾਤੇ ਮੈਂ ਸਿਰਫ ਇਹ ਕਹਿ ਸਕਦੀ ਹਾਂ ਕਿ ਇਹ ਪੀਰੀਅਡ ਡਰਾਮਾ ਹੈ, ਜੋ ਐਕਸ਼ਨ ਤੇ ਐਡਵੈਂਚਰ ਨਾਲ ਭਰਪੂਰ ਹੈ। ਫਿਲਮ ਵਿੱਚ ਅਮਿਤਾਭ ਬੱਚਨ, ਆਮਿਰ ਖਾਨ, ਕੈਟਰੀਨਾ ਕੈਫ ਨਾਲ ਮੇਰੀ ਵੀ ਅਹਿਮ ਭੂਮਿਕਾ ਹੈ। ਅਸਲ ਵਿੱਚ, ਇਹ ਕਾਫੀ ਵੱਡਾ ਪ੍ਰੋਜੈਕਟ ਹੈ। ਬੈਸਟ ਪ੍ਰੋਡਕਸ਼ਨ ਹਾਊਸ, ਅਮਿਤਾਭ ਬੱਚਨ, ਆਮਿਰ ਖਾਨ, ਕੈਟਰੀਨਾ ਕੈਫ, ਮੈਂ ਖੁਦ ਨੂੰ ਬਹੁਤ ਖੁਸ਼ਕਿਸਮਤ ਮੰਨਦੀ ਹਾਂ।

* ਦੱਸਿਆ ਜਾਂਦਾ ਹੈ ਕਿ 'ਠੱਗਸ ਆਫ ਹਿੰਦੋਸਤਾਨ' ਵਿੱਚ ਤੁਸੀਂ ਇੱਕ ਵਾਰੀਅਰ ਦਾ ਰੋਲ ਪਲੇਅ ਕਰ ਰਹੇ ਹੋ?

– ਹਾਂ, ਇਸ ਫਿਲਮ 'ਚ ਮੇਰਾ ਕਿਰਦਾਰ ਇੱਕ ਯੋਧਾ ਦਾ ਹੈ ਤੇ ਮੇਰੇ ਕਿਰਦਾਰ ਦਾ ਨਾਂਅ ਹੈ ਜਾਫਿਰਾ, ਜੋ ਤੀਰਅੰਦਾਜ਼ੀ ਦਾ ਉਸਤਾਦ ਹੈ। ਇਸ ਵਿੱਚ ਲੋਕਾਂ ਨੂੰ ਮੇਰੀ ਫਾਈਟਰ ਲੁਕ ਨਜ਼ਰ ਆਏਗੀ। ਇਸ ਫਿਲਮ ਲਈ ਮੈਨੂੰ ਕਾਫੀ ਟਰੇਨਿੰਗ ਲੈਣੀ ਪਈ ਹੈ। ਮੈਂ ਤਲਵਾਰਬਾਜ਼ੀ ਤੇ ਤੀਰਅੰਦਾਜ਼ੀ ਵੀ ਸਿੱਖੀ ਹੈ, ਕਿਉਂਕਿ ਫਿਲਮ 'ਚ ਵੱਖਰੀ ਤਰ੍ਹਾਂ ਦਾ ਐਕਸ਼ਨ ਹੈ। ਮੈਨੂੰ ਹੋਰ ਮਜ਼ਬੂਤ ਵੀ ਦਿਸਣਾ ਸੀ, ਕਿਉਂਕਿ ਮੈਂ ਇੱਕ ਯੋਧਾ ਹਾਂ।

* ਯਸ਼ਰਾਜ ਫਿਲਮਜ਼ ਦੀ ਹੀਰੋਇਨ ਬਣਨ ਦਾ ਕੀ ਅਤੇ ਕਿਹੋ ਜਿਹਾ ਤਜਰਬਾ ਰਿਹਾ?

– ਯਸ਼ਰਾਜ ਵਰਗੇ ਮੰਨੇ-ਪ੍ਰਮੰਨੇ ਬੈਨਰ ਦੀ ਹੀਰੋਇਨ ਬਣ ਕੇ ਬਹੁਤ ਖੁਸ਼ੀ ਹੈ। ਵਿਜੇ ਕ੍ਰਿਸ਼ਨ ਆਚਾਰੀਆ ਦੇ ਨਿਰਦੇਸ਼ਨ ਵਿੱਚ ਬਣੀ 'ਠੱਗਸ ਆਫ ਹਿੰਦੋਸਤਾਨ' ਵਿੱਚ ਮੇਰਾ ਰੋਲ ਇੱਕ ਯੋਧਾ ਦਾ ਹੈ, ਪਰ ਮੈਂ ਯਸ਼ਰਾਜ ਫਿਲਮਜ਼ ਦੀ ਟਿਪੀਕਲ ਹੀਰੋਇਨ ਵੀ ਬਣਨਾ ਚਾਹੁੰਦੀ ਹਾਂ।

* ਖਬਰਾਂ ਹਨ ਕਿ ਤੁਹਾਨੂੰ ਡਾਇਰੈਕਟਰ ਅਨੁਰਾਗ ਬਸੁ ਦੀ ਨਵੀਂ ਫਿਲਮ 'ਲਾਈਫ ਇਨ ਏ ਮੈਟਰੋ' ਦੇ ਸੀਕਵਲ ਲਈ ਆਫਰ ਮਿਲਿਆ ਹੈ?

– ਮੇਰੀ ਜਾਣਕਾਰੀ 'ਚ ਵੀ ਅਜਿਹੀ ਗੱਲ ਆਈ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਇਸ ਫਿਲਮ 'ਚ ਮੈਂ ਤਾਪਸੀ ਪੰਨੂ ਨੂੰ ਰਿਪਲੇਸ ਕਰਨ ਵਾਲੀ ਹਾਂ। ਇਸ ਦੇ ਪਿੱਛੇ ਤਰਕ ਦਿੱਤਾ ਗਿਆ ਹੈ ਕਿ ਜਿਨ੍ਹਾਂ ਤਰੀਕਾਂ 'ਚ ਅਨੁਰਾਗ ਬਸੁ ਫਿਲਮ ਦੀ ਸ਼ੂਟਿੰਗ ਕਰਨਾ ਚਾਹੁੰਦੇ ਹਨ, ਉਨ੍ਹਾਂ ਵਿੱਚ ਤਾਪਸੀ ਫ੍ਰੀ ਨਹੀਂ। ਇਸੇ ਕਾਰਨ ਅਨੁਰਾਗ ਨੂੰ ਉਸ ਦੀ ਰਿਪਲੇਸਮੈਂਟ ਨੂੰ ਲੱਭਣਾ ਪਿਆ, ਪਰ ਇਹ ਗੱਲ ਸੱਚ ਨਹੀਂ ਹੈ। ਮੈਂ 'ਲਾਈਫ ਇਨ ਏ ਮੈਟਰੋ' ਦਾ ਸੀਕਵਲ ਨਹੀਂ ਕਰ ਰਹੀ।

* ਆਮਿਰ ਖਾਨ ਨੂੰ ਤੁਸੀਂ ਗੌਡਫਾਦਰ ਮੰਨਦੇ ਹੋ। ਉਨ੍ਹਾਂ ਤੋਂ ਇਲਾਵਾ ਕਿਸ ਕਲਾਕਾਰ ਨਾਲ ਕੰਮ ਕਰਨਾ ਚਾਹੁੰਦੇ ਹੋ?

– ਆਮਿਰ ਖਾਨ ਨੂੰ ਮੈਂ ਸਿਰਫ ਆਪਣਾ ਗੌਡਫਾਦਰ ਹੀ ਨਹੀਂ ਮੰਨਦੀ, ਉਹ ਸਾਡੇ ਮੇਂਟੋਰ ਵੀ ਹਨ। ਉਨ੍ਹਾਂ ਨਾਲ ਜਦੋਂ ਕਦੇ ਵੀ ਕਿਸੇ ਵੀ ਫਿਲਮ 'ਚ ਕੰਮ ਕਰਨ ਦਾ ਮੌਕਾ ਮਿਲੇਗਾ, ਅੱਖਾਂ ਬੰਦ ਕਰ ਕੇ ਹਾਂ ਕਹਾਂਗੀ। ਇਸ ਦਾ ਇੱਕ ਕਾਰਨ ਇਹ ਹੈ ਕਿ ਆਮਿਰ ਖੁਦ ਅਜਿਹੀ ਕਿਸੇ ਫਿਲਮ ਵਿੱਚ ਕੰਮ ਨਹੀਂ ਕਰਦੇ, ਜਿਸ ਦੀ ਕਹਾਣੀ ਅਤੇ ਕਿਰਦਾਰ ਉਨ੍ਹਾਂ ਨੂੰ ਅੰਦਰ ਤੱਕ ਹਿਲਾ ਨਹੀਂ ਦਿੰਦੇ। ਨਾਲ ਉਹ ਪੂਰੀ ਸਕ੍ਰਿਪਟ ਤੇ ਸਾਰੇ ਕਿਰਦਾਰਾਂ ਦੇ ਮਹੱਤਵ 'ਤੇ ਫੋਕਸ ਕਰਦੇ ਹਨ। ਆਮਿਰ ਖਾਨ ਤੋਂ ਇਲਾਵਾ ਸ਼ਾਹਰੁਖ ਖਾਨ ਵੀ ਮੇਰੇ ਫੇਵਰਿਟ ਹਨ। ਉਨ੍ਹਾਂ ਦੇ ਆਪੋਜ਼ਿਟ ਜੇ ਕੋਈ ਫਿਲਮ ਆਫਰ ਕੀਤੀ ਜਾਂਦੀ ਹੈ ਤਾਂ ਮੈਂ ਤੁਰੰਤ ਹਾਂ ਕਰ ਦਿਆਂਗੀ। ਅਸਲ ਵਿੱਚ ਮੈਂ ਇਨ੍ਹਾਂ ਸੁਪਰਸਟਾਰਾਂ ਦੀਆਂ ਫਿਲਮਾਂ ਨੂੰ ਦੇਖਦਿਆਂ ਵੱਡੀ ਹੋਈ ਹਾਂ, ਇਸ ਲਈ ਮੈਂ ਸਾਰਿਆਂ ਨਾਲ ਕੰਮ ਕਰਨਾ ਚਾਹੁੰਦੀ ਹਾਂ।

* 'ਠੱਗਸ ਆਫ ਹਿੰਦੋਸਤਾਨ' ਤੋਂ ਬਾਅਦ ਲੋਕ ਤੁਹਾਨੂੰ ਕਿਸ ਫਿਲਮ ਵਿੱਚ ਦੇਖ ਸਕਣਗੇ?

– ਡਾਇਰੈਕਟਰ ਐੱਮ ਰਾਮਾਨਾਥਨ ਦੀ ਫਿਲਮ 'ਜ਼ਮਾਨਤ : ਜਸਟਿਸ ਫਾਰ ਆਲ' ਵਿੱਚ ਇੱਕ ਵਾਰ ਫਿਰ ਬਿੱਗ ਬੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਇਹ ਫਿਲਮ ਅਜਿਹੇ ਵਕੀਲ ਦੀ ਰੋਮਾਂਟਿਕ ਕਹਾਣੀ ਹੈ, ਜੋ ਹਾਦਸੇ 'ਚ ਆਪਣੀਆਂ ਅੱਖਾਂ ਦੀ ਰੋਸ਼ਨੀ ਗੁਆ ਦਿੰਦਾ ਹੈ ਅਤੇ ਉਸ ਤੋਂ ਬਾਅਦ ਉਹ ਖੁਦ ਨੂੰ ਰੱਬ ਦੇ ਭਰੋਸੇ ਛੱਡ ਦਿੰਦਾ ਹੈ।


# ਮਰਾਠੀ ਫਿਲਮ ਦਾ ਬਣਾਵੇਗਾ ਸੰਜੇ ਦੱਤ



ਬਾਲੀਵੁੱਡ ਦਾ ਮਾਚੋਮੈਨ ਸੰਜੇ ਦੱਤ ਮਰਾਠੀ ਫਿਲਮ ਬਣਾਉਣ ਜਾ ਰਿਹਾ ਹੈ। ਸੰਜੇ ਦੱਤ ਆਪਣੀ ਪ੍ਰੋਡਕਸ਼ਨਜ਼ ਹੇਠ ਆਪਣੀ ਪਹਿਲੀ ਮਰਾਠੀ ਫਿਲਮ ਨੂੰ ਪ੍ਰੋਡਿਊਸ ਕਰਨ ਵਾਲਾ ਹੈ। ਉਸ ਨੇ ਇੰਸਟਾਗ੍ਰਾਮ 'ਤੇ ਇਹ ਜਾਣਕਾਰੀ ਦਿੱਤੀ ਹੈ ਅਤੇ ਤਸਵੀਰ ਸ਼ੇਅਰ ਕਰਦੇ ਹੋਏ ਲਿਖਿਆ ਕਿ ਮਰਾਠੀ ਫਿਲਮ ਵਿੱਚ ਪਹਿਲਾ ਵੈਂਚਰ। ਇਸ 'ਚ ਦੀਪਕ ਡੋਬਰੀਆਲ, ਨੰਦਿਤਾ ਧੂਰੀ, ਅਭਿਜੀਤ ਖਾਂਡੇਕਰ, ਸਪਰੂਹਵਰਦ, ਚਿਤਰਾਂਜਨ ਗਿਰੀ ਅਤੇ ਆਰਯਨ ਮੇਘ ਦੀ ਅਹਿਮ ਭੂਮਿਕਾ ਹੋਵੇਗੀ।

ਸੰਜੇ ਨੇ ਇੱਕ ਕਲੈਪ ਬੋਰਡ ਦੀ ਫੋਟੋ ਸ਼ੇਅਰ ਕੀਤੀ ਹੈ, ਜਿਸ ਵਿੱਚ ਲਿਖਿਆ ਹੈ; ਪ੍ਰੋਡਕਸ਼ਨ-2, ਇਸ ਦੇ ਨਾਲ ਇੱਕ ਹੋਰ ਤਸਵੀਰ ਸ਼ੇਅਰ ਕੀਤੀ ਹੈ, ਜੋ ਫਿਲਮ ਨਾਲ ਜੁੜੀ ਹੈ, ਜਿਸ 'ਚ ਦੀਪਕ ਡੋਬਰੀਆਲ ਨਜ਼ਰ ਆ ਰਿਹਾ ਹੈ।

# ਮਿਨੀਮਮ ਗਾਰੰਟੀ ਦੀ ਥਾਂ ਐਡਵਾਂਸ ਬੇਸਿਸ 'ਤੇ ਵਿਕੇ ਹਨ 'ਜ਼ੀਰੋ' ਦੇ ਰਾਈਟਸ



ਸੁਣਨ ਵਿੱਚ ਆ ਰਿਹਾ ਹੈ ਕਿ ਸ਼ਾਹਰੁਖ ਖਾਨ ਦੀ ਅਗਲੀ ਫਿਲਮ 'ਜ਼ੀਰੋ' ਦੇ ਆਲ ਇੰਡੀਆ ਡਿਸਟ੍ਰੀਬਿਊਸ਼ਨ ਰਾਈਟਸ 100 ਕਰੋੜ ਵਿੱਚ ਵਿਕੇ ਹਨ। ਸੂਤਰਾਂ ਮੁਤਾਬਕ ਦਿੱਲੀ, ਯੂ ਪੀ, ਰਾਜਸਥਾਨ , ਪੰਜਾਬ, ਸੀ ਪੀ ਅਤੇ ਸੀ ਆਈ ਸਰਕਿਟ ਦੇ ਡਿਸਟ੍ਰੀਬਿਊਸ਼ਨ ਰਾਈਟਸ ਐੱਨ ਮਾਰੂਧਰ ਸਿਨੇ ਐਂਟਰਟੇਨਮੈਂਟ ਨੇ 43 ਕਰੋੜ ਰੁਪਏ ਮਿਲੇ ਹਨ। ਪੀ ਵੀ ਆਰ ਪਿਕਚਰਜ਼ ਨੂੰ 32 ਕਰੋੜ ਵਿੱਚ ਡਿਸਟ੍ਰੀਬਿਊਸ਼ਨ ਰਾਈਟਸ ਮਿਲੇ ਹਨ। ਬਾਕੀ ਸਰਕਿਟ ਦੇ ਡਿਸਟ੍ਰੀਬਿਊਟਰਾਂ ਨੇ 25 ਕਰੋੜ ਵਿੱਚ ਰਾਈਟਸ ਖ੍ਰੀਦੇ ਹਨ।

ਦਰਅਸਲ ਪ੍ਰੋਡਿਊਸਰਾਂ ਨੂੰ ਇਸ ਫਿਲਮ 'ਤੇ ਬੜਾ ਭਰੋਸਾ ਹੈ। ਅਜਿਹੇ ਵਿੱਚ ਇਸ ਫਿਲਮ ਨੂੰ ਉਨ੍ਹਾਂ ਨੇ ਮਿਨੀਮਮ ਗਾਰੰਟੀ ਦੀ ਬਜਾਏ ਐਡਵਾਂਸ ਬੇਸਿਸ 'ਤੇ ਵੇਚਿਆ ਹੈ। ਇਸ ਦਾ ਮਤਲਬ ਇਹ ਹੈ ਕਿ ਇਸ ਵਿੱਚ ਡਿਸਟ੍ਰੀਬਿਊਟਰਾਂ ਦਾ ਰਿਸਕ ਕਵਰ ਨਹੀਂ ਹੋਵੇਗਾ। ਨਾਲ ਫਿਲਮ ਜੇ 100 ਕਰੋੜ ਤੋਂ ਵੱਧ ਕਮਾਉਂਦੀ ਹੈ ਤਾਂ ਉਸ ਵਿੱਚ ਫਿਰ ਡਿਸਟ੍ਰੀਬਿਊਟਰਾਂ ਦੇ ਨਾਲ ਮੁਨਾਫਾ ਸ਼ੇਅਰ ਕੀਤਾ ਜਾਂਦਾ ਹੈ।


NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਮੂੰਹੋ ਬੋਲਦੀ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)



Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHURCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr



SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

